Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
"Believe In The Best" ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 240 Monday, December 16, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

## ਗੈਸ ਸਟੇਸ਼ਨਜ਼ ਉੱਤੇ ਹੋਣ ਵਾਲੀ ਹੈਕਿੰਗ ਸਬੰਧੀ ਵੀਜ਼ਾ ਨੇ ਦਿੱਤੀ ਚੇਤਾਵਨੀ

ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਵੀਜ਼ਾ ਦੇ ਅਨੁਸਾਰ ਕੁੱਝ ਉੱਤਰੀ ਅਮਰੀਕੀ ਗੈਸ ਸਟੇਸ਼ਨ ਪੰਪਾਂ ਦੇ ਪੇਅਮੈਂਟ ਸਿਸਟਮ ਨੂੰ ਹੈਕਰਜ਼ ਵੱਲੋਂ ਹੈਕ ਕਰ ਲਿਆ ਗਿਆ ਹੈ। ਇਸ ਨਾਲ ਉਨ੍ਹਾਂ ਨੂੰ ਗ੍ਰਾਹਕਾਂ ਦੇ ਕ੍ਰੈਡਿਟ ਕਾਰਡ ਡਾਟਾ ਤੱਕ ਵੀ ਪਹੁੰਚ ਹਾਸਲ ਹੋ ਗਈ ਹੈ।

ਪਿਛਲੇ ਮਹੀਨੇ ਕ੍ਰੈਡਿਟ ਕਾਰਡ ਕੰਪਨੀ ਵੱਲੋਂ ਗੈਸ ਸਟੇਸ਼ਨ ਮਾਲਕਾਂ ਨੂੰ ਕਈ ਚੇਤਾਵਨੀਆਂ ਇਸ ਸਬੰਧ ਵਿੱਚ ਦਿੱਤੀਆਂ ਗਈਆਂ। ਕੰਪਨੀ ਨੇ ਇਨ੍ਹਾਂ



ਗੈਸ ਸਟੇਸ਼ਨ ਮਾਲਕਾਂ ਨੂੰ ਚੌਕਸ ਕਰਦਿਆਂ ਦੱਸਿਆ ਕਿ ਅਗਸਤ ਤੇ ਸਤੰਬਰ ਦੇ ਮਹੀਨੇ ਵਿੱਚ ਇਸ ਤਰ੍ਹਾਂ ਦੇ ਹਮਲੇ ਹੋਏ ਹਨ। ਵੀਜ਼ਾ ਨੇ ਦੱਸਿਆ ਕਿ ਗਰਮੀਆਂ ਦੇ ਮੌਸਮ ਵਿੱਚ ਹੋਏ ਇਸ ਤਰ੍ਹਾਂ ਦੇ ਹਮਲੇ ਕਿਤੇ ਜ਼ਿਆਦਾ ਐਡਵਾਂਸ ਸਨ। ਇਨ੍ਹਾਂ ਵਿੱਚ ਗੈਰਅਧਿਕਾਰਤ ਡਿਵਾਈਸਿਜ਼ ਡੈਬਿਟ ਤੇ ਕ੍ਰੈਡਿਟ ਕਾਰਡ ਰੀਡਰਜ਼ ਨਾਲ ਜੋੜੀਆਂ ਗਈਆਂ ਸਨ ਤੇ ਉਹ ਰੀਡਰ ਵਿੱਚ ਸਵਾਈਪ ਕਰਦੇ ਸਮੇਂ ਸਬੰਧਤ ਕਾਰਡ ਦੀ ਸਾਰੀ ਜਾਣਕਾਰੀ ਰਿਕਾਰਡ ਕਰ ਲੈਂਦੀਆਂ ਸਨ।


ਅਜਿਹੇ ਨਵੇਂ ਹਮਲਿਆਂ ਵਿੱਚ ਹੈਕਰਜ਼ ਗੜਬੜ ਈਮੇਲ ਜਾਂ ਹੋਰ ਢੰਗ ਤਰੀਕਿਆਂ ਨਾਲ ਉਨ੍ਹਾਂ ਦੇ ਕੰਪਿਊਟਰਜ਼ ਵਿੱਚ ਵੜਕੇ ਗੈਸ ਸਟੇਸ਼ਨ ...ਬਾਕੀ ਪੰਨਾ 6 'ਤੇ




ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਲਹੂੜਾ ਸਾਹਿਬ, ਜ਼ਿਲਾ ਲਾਹੌਰ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਡਿਫੈਂਸ ਚੀਫ ਵਜੋਂ ਵਾਂਸ ਦਾ ਹੋਣਾ ਸਾਡੀ ਖੁਸ਼ਕਿਸਮਤੀ : ਸੱਜਣ

ਓਟਵਾ, 15 ਦਸੰਬਰ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਨੇ ਕੈਨੇਡਾ ਦੇ ਉੱਘੇ ਮਿਲਟਰੀ ਆਗੂ ਦੇ ਸਮਰਥਨ ਵਿੱਚ ਆਉਂਦਿਆਂ ਆਖਿਆ ਕਿ ਦੇਸ਼ ਬਹੁਤ ਹੀ ਖੁਸ਼ਕਿਸਮਤ ਹੈ ਕਿ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੀ ਡੋਰ ਜਨਰਲ ਜੌਨਾਥਨ ਵਾਂਸ ਦੇ ਹੱਥ ਹੈ। ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਇਹ ਸਵਾਲ ਉਠਾਇਆ ਗਿਆ ਕਿ ਮੁੜ ਨਵੀਂ ਚੁਣੀ ਗਈ ਲਿਬਰਲ ਸਰਕਾਰ ਜਨਰਲ ਵਾਂਸ ਨੂੰ ਬਦਲੀ ਕਰਨ ਦਾ ਇਰਾਦਾ ਰੱਖਦੀ ਹੈ। ਜ਼ਿਕਰਯੋਗ ਹੈ ਕਿ ਵਾਂਸ ਨੂੰ ਸੱਭ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਚੀਫ ਆਫ ਦ ਡਿਫੈਂਸ ਸਟਾਫ ਨਿਯੁਕਤ ਕੀਤਾ ਗਿਆ ਸੀ ਤੇ ਹੁਣ ਉਹ ਪੰਜਵੇਂ ਸਾਲ ਵੀ ਇਸ ਅਹੁਦੇ ਉੱਤੇ ਬਣੇ ਹੋਏ ਹਨ।



ਪਿਛਲੇ ਹਫਤੇ ਇੱਕ ਇੰਟਰਵਿਊ ਵਿੱਚ ਸੱਜਣ ਨੇ ਆਖਿਆ ਕਿ ਜਦੋਂ ਗੱਲ ਡਿਫੈਂਸ ਸਟਾਫ ਦੇ ਮੁਖੀ ਦੀ ਆਉਂਦੀ ਹੈ ਤਾਂ ਇਸ ਦਾ ਫੈਸਲਾ ਪ੍ਰਧਾਨ ਮੰਤਰੀ ਨੇ ਕਰਨਾ ਹੁੰਦਾ ਹੈ। ਅਸੀਂ ਉਸ ਸਬੰਧ ਵਿੱਚ ਹੀ ਕਾਰਵਾਈ ਕਰਦੇ ਹਾਂ ਤੇ ਉਸ ਦੇ ਹਿਸਾਬ ਨਾਲ ਹੀ ਫੈਸਲਾ ਲੈਂਦੇ ਹਾਂ। ਸੱਜਣ ਨੇ ਅੱਗੇ ਆਖਿਆ ਕਿ ਕੈਨੇਡਾ ਬਹੁਤ ਹੀ ਖੁਸ਼ਕਿਸਮਤ ਹੈ ਕਿ ਬਹੁਤ ਹੀ ਅਹਿਮ ਘੜੀ ਵਿੱਚ ਜਨਰਲ ਵਾਂਸ ਇਸ ਭੂਮਿਕਾ ਵਿੱਚ ਹਨ। ਕੈਨੇਡਾ ਦੇ ਇਤਿਹਾਸ ਵਿੱਚ ਜਨਰਲ ਵਾਂਸ ਸੱਭ ਤੋਂ ਲੰਮਾਂ ਸਮਾਂ ਡਿਫੈਂਸ ਚੀਫ ਵਜੋਂ ਸੇਵਾ ਨਿਭਾਉਣ ਵਾਲੇ ਸ਼ਖਸ ਬਣ ਗਏ ਹਨ। ਉਨ੍ਹਾਂ ਦੇ ਇਸ ਲੰਮੇਂ ਕਾਰਜਕਾਲ ਵਿੱਚ ਕਈ ਅਹਿਮ ਫੈਸਲੇ ਲਏ ਗਏ ਤੇ ਹਥਿਆਰਬੰਦ ਸੇਨਾਵਾਂ ਵਿੱਚ ਵੀ ਕਈ ਤਰ੍ਹਾਂ ਦੀਆਂ ਸਕਾਰਾਤਮਕ ਤੇ ਨਕਾਰ-ਾਤਮਕ ਤਬਦੀਲੀਆਂ ਵੇਖਣ ਨੂੰ ਮਿਲੀਆਂ। ...ਬਾਕੀ ਪੰਨਾ 6 'ਤੇ

## ਨੌਰਥ ਯੌਰਕ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਵਿਅਕਤੀ ਦੀ ਹੋਈ ਮੌਤ

ਟੋਰਾਂਟੋ, 15 ਦਸੰਬਰ (ਪੋਸਟ ਬਿਊਰੋ) : ਐਤਵਾਰ ਸਵੇਰੇ ਨੌਰਥ ਯੌਰਕ ਦੇ ਗਰੌਸਰੀ ਸਟੋਰ ਦੇ ਬਾਹਰ ਪਾਰਕ ਕੀਤੀ ਗਈ ਗੱਡੀ ਦੇ ਅੰਦਰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮੈਡੀਕਲ ਮਦਦ ਲਈ ਆਈ ਕਾਲ ਤੋਂ



ਬਾਅਦ ਰਾਤੀਂ 1:00 ਵਜੇ ਪੁਲਿਸ ਤੇ ਪੈਰਾਮੈਡਿਕਸ ਨੂੰ ਕੀਲੇ ਸਟਰੀਟ ਤੇ ਵਿਲਸਨ ਐਵਨਿਊ ਦੇ ਪਲਾਜ਼ਾ ਪਾਰਕਿੰਗ ਲੌਟ ਵਿੱਚ ਭੇਜਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਤੇ ਪੈਰਾਮੈਡਿਕਸ ਨੂੰ ਗੱਡੀ ਦੇ ਅੰਦਰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿ-ਲਿਆ, ਉਸ ਦੇ ਗੋਲੀ ਲੱਗੀ ਹੋਈ ਸੀ। ਇੰਸਪੈਕਟਰ ਜਿੰਮ ਗੋਟੈੱਲ ਨੇ ਦੱਸਿਆ ਕਿ ਮੌਕੇ ਉੱਤੇ ਉਸ ਵਿਅਕਤੀ ਨੂੰ ਮੈਡੀਕਲ ...ਬਾਕੀ ਪੰਨਾ 6 'ਤੇ

NOW HIRING !!!
ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home Auto Business Trucking Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL • ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੈਸਮੈਂਟ
COMMERCIAL • New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO LTD | 647-784-1213

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019





## ਅੱਜ ਨਾਮਾ

ਲੀਡਰੀ ਛੱਡੀ, ਪਰ ਬੋਲਣਾ ਛੱਡਿਆ ਨਹੀਂ,
ਜਦ ਵੀ ਬੋਲਦਾ ਰੱਫੜ ਕੁਝ ਪਾਏ ਰਾਹੁਲ।
ਹਮਲਾ ਮੋਦੀ ਦੇ ਉੱਪਰ ਜਾਂ ਕਰਨ ਲੱਗਦਾ,
ਹਰ ਇੱਕ ਮੋਦੀ ਨੂੰ ਕੌੜ ਚੜ੍ਹਵਾਏ ਰਾਹੁਲ।
ਕਰਿਆ ਭਾਸ਼ਣ ਕੋਈ ਸੰਘ ਪਰਵਾਰ ਬਾਰੇ,
ਥਾਂ-ਥਾਂ ਉਹਦਾ ਵੀ ਕੇਸ ਬਣਵਾਏ ਰਾਹੁਲ।
ਜਿਹੜਿਆਂ ਯਾਰਾਂ ਦੇ ਨਾਲ ਸਰਕਾਰ ਸਾਂਝੀ,
ਉਹ ਵੀ ਪਰਸੋਂ ਦੇ ਭੜਕਣੇ ਲਾਏ ਰਾਹੁਲ।
ਕਰਨਾ ਭਾਸ਼ਣ ਹੀ ਜਦੋਂ ਨਹੀਂ ਆਂਵਦਾ ਤਾਂ,
ਬਹਿ ਕੇ ਦਫਤਰ ਦਾ ਕੰਮ ਚਲਾਏ ਰਾਹੁਲ।
ਹੋਇਆ ਪਹਿਲਾਂ ਹੀ ਘੱਟ ਨਾ ਗਰਕ ਬੇੜਾ,
ਕਿਸ਼ਤੀ ਡੋਬਣ ਦੇ ਤੀਕ ਨਾ ਜਾਏ ਰਾਹੁਲ।

**ਤੀਸ ਮਾਰ ਖਾਂ**

# ਨਾਗਰਿਕਤਾ ਸੋਧ ਐਕਟ ਦੀ ਹਿੰਸਾ ਆਸਾਮ ਪਿੱਛੋਂ ਪੱਛਮੀ ਬੰਗਾਲ, ਬਿਹਾਰ ਤੇ ਹੋਰ ਥਾਂਈਂ ਫੈਲੀ

*** ਕਈ ਥਾਂਈਂ ਇੰਟਰਨੈੱਟ ਸੇਵਾਵਾਂ ਬੰਦ, ਰੇਲ ਗੱਡੀਆਂ ਰੁਕੀਆਂ**

ਕੋਲਕਾਤਾ, 15 ਦਸੰਬਰ, (ਪੋਸਟ ਬਿਊਰੋ)- ਨਵੇਂ ਪਾਸ ਹੋਏ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਪੱਛਮੀ ਬੰਗਾਲ ਵਿੱਚ ਵੀ ਕੁਝ ਹਿੱਸਿਆਂ ਵਿੱਚਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਹਿੰਸਕ ਪ੍ਰਦਰਸ਼ਨਾ ਦੀ ਅੱਗ ਹੋਰ ਤੋਂ ਹੋਰ ਅਗਲੇ ਰਾਜਾਂ ਵਿੱਚ ਫੈਲਦੇ ਜਾਣ ਦਾ ਸਿਲਸਿਲਾ ਜਾਰੀ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੱਛਮੀ ਬੰਗਾਲ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਵੇਖਦੇ ਹੋਏਏਥੋਂ ਦੇ ਪੰਜ ਜ਼ਿਲ੍ਹਿਆਂ ਵਿੱਚ ਐਤਵਾਰ ਇੰਟਰਨੈੱਟ ਸੇਵਾਵਾਂ ਰੋਕੀਆਂ ਗਈਆਂ ਹਨ। ਅੱਜ ਲੋਕਾਂ ਨੇ ਇਸ ਰਾਜ ਦੇ ਮੁਰਸ਼ਿਦਾਬਾਦ, ਬੀਰਭੂਮ ਅਤੇ ਉੱਤਰੀ 24 ਪਰਗਨਾ ਜ਼ਿਲਿਆਂ ਵਿੱਚ ਹਿੰਸਕ ਪ੍ਰਦਰਸ਼ਨ ਦੌਰਾਨ ਟਾਇਰ ਸਾੜ ਕੇ ਵਿਰੋਧ ਕੀਤਾ। ਇਸ ਦੇਕਾਰਨਹਾਵੜਾ, ਉੱਤਰੀ 24 ਪਰਗਾਨਾ ਤੇ ਮੁਰਸ਼ਿਦਾਬਾਦ ਦੇ ਵੱਖ-ਵੱਖ ਸਟੇਸ਼ਨਾਂ ਉੱਤੇ ਰੇਲ ਗੱਡੀਆਂ ਨੂੰ ਰੋਕਿਆ ਗਿਆ ਹੈ। ਪੱਛਮੀ ਬੰਗਾਲ ਵਿੱਚ ਰਾਜ ਚਲਾ ਰਹੀ ਤ੍ਰਿਣਮੂਲ ਕਾਂਗਰਸ ਨੇ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰਵੱਲੋਂ ਲਾਗੂ ਕੀਤੇ ਜਾ ਰਹੇ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਅਤੇ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀ ਏ ਏ) ਵਿਰੁੱਧ ਰਾਜ ਵਿਆਪੀ ਅੰਦੋਲਨ ਵਜੋਂ ਇਸ ਪਾਰਟੀ ਦੇ ਵਰਕਰ ਰੈਲੀਆਂ ਅਤੇ ਰੋਸ ਪ੍ਰਦਰਸ਼ਨ ਕਰਨਗੇ।

ਭੜਕੇ ਹੋਏ ਲੋਕਾਂ ਨੇ ਅੱਜ ਪੱਛਮੀ ਬੰਗਾਲ ਵਿਚ ਤੀਸਰੇ ਦਿਨ ਮੁਰਸ਼ਿਦਾਬਾਦ ਨੇੜੇ ਰੇਲਵੇ ਸਟੇਸ਼ਨਾਂਦੀ ਭੰਨ-ਤੋੜ ਅਤੇ ਸਾੜ-ਫੂਕ ਕੀਤੀ। ਰੇਲ ਪੱਟੜੀਆਂ ਉੱਤੇ ਟਾਇਰ ਸਾੜ ਕੇ ਰੇਲ ਗੱਡੀਆਂ ਰੋਕ ਦਿੱਤੀਆਂ ਤੇ ਚੱਲਦੀਆਂ ਗੱਡੀਆਂ ਉੱਤੇ ਪਥਰਾਅ ਕਰਨ ਦੀਆਂ ਘਟਨਾਵਾਂ ਵੀ ਹੋਈਆਂ। ਭੀੜ ਨੇ ਮੌਕਾ ਸੰਭਾਲਣ ਪੁੱਜੀ ਪੁਲਿਸ ਦੀ ਗੱਡੀ ਵੀ ਸਾੜ ਦਿੱਤੀ। ਰੇਲਵੇ ਪਰੋਟੈਕਸ਼ਨ ਫੋਰਸ (ਆਰਪੀ ਐੱਫ)ਅਤੇ ਗੌਰਮਿੰਟ ਰੇਲਵੇ ਪੁਲੀਸ (ਜੀਆਰਪੀ) ਨੂੰ ਨਿਸ਼ਾਨਾ ਬਣਾ ਕੇ ਪਥਰਾਅ ਅਤੇ ਕੁਝ ਸਟੇਸ਼ਨਾਂ ਵਿੱਚ ਲੁੱਟਮਾਰ ਦੀਆਂ ਖ਼ਬਰਾਂ ਵੀ ਮਿਲੀਆਂ ਹਨ। ਸੋਸ਼ਲ ਮੀਡੀਆ ਰਾਹੀਂ ਅਫ਼ਵਾਹਾਂਫੈਲਣ ਤੋਂ ਰੋਕਣ ਲਈ ਰਾਜ ਸਰਕਾਰ ਨੇ ਛੇ ਜ਼ਿਲ੍ਹਿਆਂ ਵਿਚ ਕੁਝ ਸਮੇਂ ਲਈਇੰਟਰਨੈੱਟ ਸੇਵਾਵਾਂਰੋਕ ਦਿੱਤੀਆਂ ਹਨ।




ਇਸੇ ਮੁੱਦੇ ਤੋਂ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਅਸ਼ੋਕ ਰਾਜਪਥ ਤੋਂਕਾਰਗਿਲ ਚੌਕ ਤਕ ਵੱਡਾ ਹੰਗਾਮਾ ਹੁੰਦਾ ਰਿਹਾ। ਪ੍ਰਦਰਸ਼ਨ ਕਰਦੇ ਲੋਕਾਂ ਨੇ ਪੁਲਿਸ ਉੱਤੇ ਪਥਰਾਅ ਕੀਤਾ ਅਤੇ ਇਕ ਦਰਜਨ ਵਾਹਨਾਂ ਨੂੰ ਫੂਕ ਦਿੱਤਾ। ਪਥਰਾਅ ਦੇ ਦੌਰਾਨ ਡੀ ਐੱਸਪੀ ਸਿਟੀ ਸਮੇਤ ਇਕ ਦਰਜਨ ਪੁਲਿਸ ਵਾਲੇ ਜ਼ਖ਼ਮੀ ਹੋ ਗਏ। ਕਾਰਗਿਲ ਚੌਕ ਨੇੜੇ ਦੋ ਪੁਲਿਸ ਚੈੱਕਪੋਸਟਾਂ ਨੂੰ ਸਾੜ ਦਿੱਤਾ ਗਿਆ। ਹਾਲਾਤ ਉੱਤੇ ਕਾਬੂ ਪਾਉਣ ਗਈ ਪੁਲਿਸ ਨੂੰ ਹਵਾ ਵਿਚ ਗੋਲੀਆਂ ਚਲਾਉਣੀਆਂ ਪਈਆਂ।



ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਵਿਚ ਵੀ ਅੱਜ ਕੁਝ ਥਾਵਾਂ ਉੱਤੇ ਵਿਰੋਧ ਪ੍ਰਦਰਸ਼ਨ ਹੋਇਆ, ਪਰ ਹਿੰਸਾ ਹੋਣ ਦੀ ਖ਼ਬਰ ਨਹੀਂ ਮਿਲੀ। ਉਂਜ ਹਾਲਾਤ ਤਨਾਅ ਦੇ ਬਣੇ ਹੋਏ ਹਨ। ਅਸਾਮ ਵਿਚ ਭੜਕੀ ਹਿੰਸਾ ਕੁਝ ਠੰਢੀ ਪੈਂਦੀ ਜਾਪਣ ਲੱਗੀ ਹੈ। ਅੱਜ ਐਤਵਾਰ ਗੁਹਾਟੀ ਅਤੇ ਡਿਬਰੂਗੜ੍ਹ ਦੇ ਕੁਝ ਹਿੱਸਿਆਂ ਵਿਚ ਦਿਨ ਦੇ ਕਰਫਿਊ ਦੀ ਢਿੱਲ ਦਿੱਤੀ ਗਈ ਤੇ ਇਸ ਰਾਜ ਦੇ ਵੱਖ-ਵੱਖ ਹਿੱਸਿਆਂ ਵਿਚ ਫਸੇ ਬਾਹਰੋਂ ਆਏ ਲੋਕਾਂ ਨੂੰ ਕੱਢਣ ਲਈ ਟੂਰਿਜ਼ਮ ਵਿਭਾਗ ਨੇ ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ ਹੈ। ਹਾਲਾਤ ਵਿਚ ਸੁਧਾਰ ਤੇ ਕਰਫਿਊ ਵਿਚ ਢਿੱਲ ਦੇ ਬਾਅਦ ਰਾਸ਼ਨ ਦੀਆਂ ਦੁਕਾਨਾਂ ਤੇ ਪੈਟਰੋਲ ਪੰਪਾਂ ਉੱਤੇ ਲੋਕਾਂ ਦੀਆਂ ਲਾਈਨ ਲੱਗ ਗਈਆਂ ਹਨ। ਪਿਛਲੇ ਦਿਨੀਂ ਹੋਈ ਹਿੰਸਾ ਦੌਰਾਨ ਅਸਾਮ ਵਿਚ ਤਿੰਨ ਲੋਕ ਮਾਰੇ ਗਏ ਤੇ 27 ਜ਼ਖ਼ਮੀ ਹੋ ਚੁੱਕੇ ਸਨ। ਅੱਜ ਮੇਘਾਲਿਆ ਵਿਚ ਵੀ ਕਰਫਿਊ ਵਿਚ ਢਿੱਲ ਦਿੱਤੀ ਗਈ ਹੈ।

ਉੱਤਰ ਪ੍ਰਦੇਸ਼ ਵਿੱਚ ਅੱਜ ਨਾਗਰਿਕਤਾ ਸੋਧ ਕਾਨੂੰਨ ਦਾ ਚੋਖਾ ਅਸਰ ਵੇਖਿਆ ਗਿਆ ਅਤੇ ਐਤਵਾਰ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ(ਏ ਐੱਮ ਯੂ) ਦੇ ਵਿਦਿਆਰਥੀਆਂ ਨੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਨੂੰ ਦੇਖਦੇ ਹੋਏ ਏ ਐੱਮ ਯੂਦੀ ਮੈਨੇਜਮੈਂਟ ਨੇ 5 ਜਨਵਰੀ ਤਕ ਯੂਨੀਵਰਸਿਟੀ ਬੰਦ ਕਰ ਦਿੱਤੀ ਹੈ। ਭੜਕੀ ਹੋਈ ਭੀੜ ਨੇ ਅੱਜ ਏਥੇ ਵੀ ਪੁਲਸ ਉੱਤੇ ਪੱਥਰਬਾਜ਼ੀ ਕੀਤੀ ਅਤੇ ਜਵਾਬ ਵਿੱਚ ਪੁਲਸ ਨੇ ਵਿਰੋਧ ਕਰ ਰਹੇ ਵਿਦਿਆਰਥੀਆਂ ਉੱਤੇਲਾਠੀਚਾਰਜ ਕਰਨ ਤੋਂ ਇਲਾਵਾ ਅੱਥਰੂ ਗੈਸ ਦੇ ਗੋਲੇ ਛੱਡੇ। ਅਲੀਗੜ੍ਹ ਵਿੱਚ ਸੋਮਵਾਰ ਰਾਤ ਤਕ ਇੰਟਰਨੈੱਟ ਸੇਵਾਵਾਂ ਰੋਕ ਦਿੱਤੀਆਂਗਈਆਂਹਨ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਵੀ ਇੰਟਰਨੈੱਟ ਸੇਵਾਵਾਂ ਨੂੰ ਮੁਲਤਵੀ ਕੀਤਾ ਗਿਆ ਹੈ।

## ਬ੍ਰਿਟੇਨ ਦੀਆਂ ਚੋਣਾਂ ਦੀ ਹਾਰ ਲਈ ਲੇਬਰ ਪਾਰਟੀ ਨੇਤਾ ਕੋਰਬਿਨ ਨੇ ਮੁਆਫੀ ਮੰਗੀ

ਲੰਡਨ, 15 ਦਸੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੀਆਂ ਪਾਰਲੀਮੈਂਟ ਚੋਣਾਂ ਵਿਚ ਹੋਈ ਹਾਰ ਦੇ ਲਈ ਲੇਬਰ ਪਾਰਟੀ ਦੇ ਨੇਤਾ ਜੇਰੇਮੀ ਕੋਰਬਿਨ ਨੇ ਅੱਜ ਐਤਵਾਰ ਨੂੰ ਮੁਆਫੀ ਮੰਗੀ ਅਤੇ ਨਾਲ ਆਪਣੀ ਚੋਣ ਮੁਹਿੰਮ ਦਾ ਪੱਖ ਪੂਰਿਆ, ਜਿਸ ਦੇ ਬਾਵਜੂਦ ਉਹ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਰਹੇ ਹਨ।

ਵਰਨਣ ਯੋਗ ਹੈ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਵੀਰਵਾਰ ਨੂੰ ਹੋਈਆਂ ਚੋਣਾਂ ਵਿੱਚ ਇਸ ਦੇਸ਼ ਦੇ ਹਾਊਸ ਆਫ ਕਾਮਨਸ ਦੀਆਂ 650 ਸੀਟਾਂ ਵਿੱਚੋਂ 365 ਜਿੱਤ ਲਈਆਂ ਸਨ ਅਤੇ ਵਿਰੋਧੀ ਧਿਰ ਲੇਬਰ ਪਾਰਟੀ ਨੇ 1935 ਤੋਂ ਬਾਅਦ ਸਭ ਤੋਂ ਖਰਾਬ ਪ੍ਰਦਰਸ਼ਨ ਕਰਦੇ ਹੋਏ 203 ਸੀਟਾਂ ਹੀ ਜਿੱਤੀਆਂ ਸਨ। ਡੇਲੀਮਿਰਰ ਵਿਚ ਛਪੀ ਚਿੱਠੀ ਵਿਚ ਜੇਰੇਮੀ ਕੋਰਬਿਨ ਨੇ ਲਿਖਿਆ ਹੈ ਕਿ ਮੈਂ ਖਰਾਬ ਪ੍ਰਦਰਸ਼ਨ ਲਈ ਮੁਆਫੀ ਮੰਗਦਾ ਅਤੇ ਇਸ ਦੇ ਲਈ ਆਪਣੀ ਜ਼ਿੰਮੇਵਾਰੀ ਲੈਂਦਾ ਹਾਂ। ਚੋਣ ਮੁਹਿੰਮ ਦੇ ਬਾਅਦ ਆਪਣੀ ਪਾਰਟੀ ਵਿਚ ਨਿੰਦਾ ਦਾ ਸਾਹਮਣਾ ਕਰ ਰਹੇ ਕੋਰਬਿਨ ਨੇ ਐਲਾਨ ਕੀਤਾ ਹੈ ਕਿ ਉਹ ਲੇਬਰ ਨੇਤਾ ਦਾ ਅਹੁਦਾ ਛੱਡ ਦੇਣਗੇ। ਅਗਲੇ ਸਾਲ ਦੇ ਸ਼ੁਰੂ ਵਿਚ ਨਵੇਂ ਨੇਤਾ ਦੀ ਚੋਣ ਪ੍ਰਕਿਰਿਆ ਸ਼ੁਰੂ ਹੋਵੇਗੀ, ਪਰ ਕੁਝ ਨੇਤਾਵਾਂ ਨੇ ਜੇਰੇਮੀ ਕੋਰਬਿਨ ਨੂੰ ਤੁਰੰਤ ਅਹੁਦਾ ਛੱਡਣ ਲਈ ਕਿਹਾ ਹੈ। ਕੋਰਬਿਨ ਨੇ ਲਿਖਿਆ ਕਿ ਮੈਂ ਚੋਣ ਪ੍ਰਚਾਰ ਦੀ ਲੜਾਈ ਲਈ ਹਾਲੇ ਵੀ ਮਾਣ ਮਹਿਸੂਸ ਕਰਦਾ ਹਾਂ। ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਵਿਰੋਧੀ ਧਿਰ ਦੇ ਨੀਂਵੇ ਪੱਧਰ ਉੱਤੇ ਜਾਣ ਦੇ ਬਾਵਜੂਦ ਅਸੀਂ ਉਸ ਗਟਰ ਵਿਚ ਜਾਣ ਤੋਂ ਇਨਕਾਰ ਕੀਤਾ।

ਪਿਛਲੇ ਤਿੰਨ ਸਾਲਾਂ ਤੋਂ ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਬਾਰੇ ਚੱਲਦੇ ਸਿਆਸੀ ਤਣਾਅ ਵਿਚ ਕੋਰਬਿਨ ਦੀਆਂ ਨੀਤੀਆਂ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਤੋਂ ਅਸਫਲ ਰਹੀਆਂ ਅਤੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਆਪਣੀ ਮੁਹਿੰਮ ਬ੍ਰੈਗਜ਼ਿਟ ਉੱਤੇ ਕੇਂਦਰਿਤ ਰੱਖੀ ਸੀ ਅਤੇ 31 ਜਨਵਰੀ ਤੱਕ ਇਸ ਦੀ ਮਿਆਦ ਵਧਾ ਦਿੱਤੀ ਸੀ।

## ਲਾਲੂ ਦੀ ਨੂੰਹ ਐਸ਼ਵਰਿਆ ਰੋਂਦੀ ਹੋਈ ਨਿਕਲੀ

*** ਸੱਸ ਰਾਬੜੀ ਉੱਤੇ ਨੂੰਹ ਦੇ ਵਾਲ ਖਿੱਚਣ ਤੇ ਕੁੱਟਮਾਰ ਦੇ ਦੋਸ਼**



ਪਟਨਾ, 15 ਦਸੰਬਰ, (ਪੋਸਟ ਬਿਊਰੋ)- ਲਾਲੂ ਪ੍ਰਸਾਦ ਯਾਦਵ ਦੇ ਪਰਿਵਾਰ ਵਿੱਚ ਸੱਸ-ਨੂੰਹ ਦਾ ਝਗੜਾ ਅੱਜ ਐਤਵਾਰ ਫਿਰ ਬਾਹਰ ਆ ਗਿਆ, ਜਦੋਂ ਲਾਲੂ ਦੇ ਵੱਡੇ ਬੇਟੇ ਤੇਜ ਪ੍ਰਤਾਪ ਯਾਦਵ ਦੀ ਪਤਨੀ ਐਸ਼ਵਰਿਆ ਨੇ ਆਪਣੀ ਸੱਸ ਰਾਬੜੀ ਦੇਵੀ ਉੱਤੇ ਵਾਲ ਖਿੱਚ ਕੇ ਕੁੱਟਮਾਰ ਕਰਨ ਅਤੇ ਧੱਕੇ ਦੇ ਕੇ ਘਰੋਂ ਕੱਢਣ ਦਾ ਦੋਸ਼ ਲਾਇਆ ਹੈ।

ਇਸ ਘਟਨਾ ਦੇ ਬਾਅਦ ਰੋਂਦੀ ਹੋਈ ਐਸ਼ਵਰਿਆ ਜਦੋਂ ਮੀਡੀਆ ਵਾਲਿਆਂ ਨੂੰ ਮਿਲੀ ਤਾਂ ਇੰਨੇ ਗੁੱਸੇ ਵਿਚ ਭੜਕੀ ਹੋਈ ਸੀ ਕਿ ਉਹ ਆਪਣੀ ਸੱਸ ਬਾਰੇ ਉਸ ਦਾ ਨਾਂ ਰਾਬੜੀ ਲੈ ਕੇ ਬੋਲ ਰਹੀ ਸੀ।ਅੱਜ ਐਸ਼ਵਰਿਆ ਨੇ ਆਪਣੇ ਦਿਓਰ ਤੇ ਪਾਰਟੀ ਦੇ ਵਿਧਾਇਕ ਦਲ ਦੇ ਨੇਤਾ ਤੇਜੱਸਵੀ ਯਾਦਵ ਨੂੰ ਵੀ ਨਹੀਂ ਬਖਸ਼ਿਆ। ਉਂਜ ਕੁੱਟਮਾਰ ਦੌਰਾਨ ਤੇਜਸਵੀ ਯਾਦਵ ਘਰ ਵਿੱਚਨਹੀਂਸੀ। ਐਸ਼ਵਰਿਆ ਨੇ ਕਿਹਾ ਕਿ ਲਾਲੂ ਪਰਿਵਾਰ ਵਿਚ ਕੋਈ ਕਾਨੂੰਨ ਨਹੀਂ ਹੈ, ਉਨ੍ਹਾਂ ਦਾ ਆਪਣਾ ਕਾਨੂੰਨ ਹੈ। ਤੇਜਸਵੀਯਾਦਵ ਤੋਂਵੀ ਕੁਝ ਨਹੀਂ ਹੋਵੇਗਾ।ਲਾਲ ਪ੍ਰਸਾਦ ਦੇ ਕੁੜਮ ਅਤੇ ਐਸ਼ਵਰਿਆ ਦੇ ਪਿਤਾ ਚੰਦਰਿਕਾ ਰਾਏ ਨੇ ਅੱਜ ਕਿਹਾ ਕਿ ਬਰਦਾਸ਼ਤ ਤੋਂ ਬਾਹਰ ਹੋ ਗਿਆ ਹੈ, ਇਸ ਦੇ ਬਾਅਦ ਆਰ-ਪਾਰ ਦੀ ਲੜਾਈ ਹੋਵੇਗੀ। ਉਨ੍ਹਾਂ ਕਿਹਾ ਕਿ ਤੇਜਸਵੀ ਘਰ ਦੇ ਇਸ ਪੂਰੇ ਕੇਸ ਵਿਚ ਨਿਕੰਮਾ ਸਾਬਤ ਹੋਇਆ ਹੈ, ਮੈਂ ਰਾਬੜੀ ਨੂੰ ਜੇਲ੍ਹ ਭਿਜਵਾ ਕੇ ਰਹਾਂਗਾ।

ਪਟਨਾ ਵਿਚ ਰਾਬੜੀ ਦੇਵੀ ਦੀ ਰਿਹਾਇਸ਼ ਅੱਗੇ ਕਰੀਬ ਡੇਢ ਘੰਟਾ ਹੰਗਾਮੇ ਅਤੇ ਨਾਟਕ ਤੋਂ ਬਾਅਦ ਕੇਸ ਪੁਲਿਸ ਤਕ ਪਹੁੰਚ ਗਿਆ ਹੈ। ਐਸ਼ਵਰਿਆ ਰਾਏ ਨੇ ਆਪਣੇ ਦਾਦਾ ਤੇ ਸਾਬਕਾ ਮੁੱਖ ਮੰਤਰੀ ਦਾਰੋਗਾ ਪ੍ਰਸਾਦ ਰਾਏ ਬਾਰੇ ਕਿਹਾ ਕਿ ਉਨ੍ਹਾਂ ਨੇ ਲਾਲੂ ਪ੍ਰਸਾਦ ਯਾਦਵ ਨੂੰ ਅੱਗੇ ਲਿਆਂਦਾ ਸੀ ਤੇ ਅੱਜ ਉਨ੍ਹਾਂ ਦੀ ਪੋਤੀ ਨਾਲ ਲਾਲੂ ਪਰਿਵਾਰ ਇਹ ਸਲੂਕ ਹੋ ਰਿਹਾ ਹੈ। ਐਸ਼ਵਰਿਆ ਨੇ ਕਿਹਾ ਕਿ 17 ਦਸੰਬਰ ਨੂੰ ਕੋਰਟਤੋਂ ਤਲਾਕ ਦੇ ਕੇਸ ਦਾ ਫ਼ੈਸਲਾ ਮਿਲਣ ਦੀ ਆਸ ਹੈ ਅਤੇ ਉਸ ਤੋਂ ਪਹਿਲਾਂ ਰਾਬੜੀ ਚਾਹੁੰਦੀ ਹੈ ਕਿ ਮੈਂ ਉਸ ਦਾ ਘਰ ਛੱਡ ਦਿਆਂ। ਐਸ਼ਵਰਿਆ ਨੇ ਆਪਣੀ ਜਾਨ ਨੂੰ ਖ਼ਤਰਾ ਦੱਸ ਕੇ ਕਿਹਾ ਕਿ ਜਦੋਂ ਘਰ ਵਿਚ ਮੈਨੂੰ ਮਾਰਿਆ-ਕੁੱਟਿਆ ਜਾਂਦਾ ਹੈ ਤਾਂ ਬਾਹਰ ਵੀ ਜਿਊਣ ਨਹੀਂ ਦੇਣਗੇ। ਪਿਛਲੀ ਵਾਰ 29 ਸਤੰਬਰ ਨੂੰ ਮੈਨੂੰ ਸਿਰਫ਼ ਘਰੋਂ ਕੱਢਿਆ ਅਤੇ ਖਾਣਾ-ਪੀਣਾ ਬੰਦ ਕੀਤਾ ਸੀ। ਇਸ ਵਾਰ ਮਾਰਿਆ-ਕੁੱਟਿਆ ਵੀ ਹੈ।

## ਬੀ ਬੀ ਸੀ ਹਿੰਦੀ ਦੀ ਰੇਡੀਓ ਸਰਵਿਸ 27 ਦਸੰਬਰ ਤੋਂ ਬੰਦ ਕਰਨ ਦਾ ਫੈਸਲਾ

ਨਵੀਂ ਦਿੱਲੀ , 15 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਬਹੁਤ ਸਾਰੇ ਲੋਕ ਇਸ ਗੱਲ ਤੋਂ ਨਿਰਾਸ਼ ਹਨ ਕਿ ਅਗਲੀ 27 ਦਸੰਬਰ ਤੋਂ ਬਾਅਦ ਦਿਨ ਸ਼ੁਰੂ ਕਰਨ ਵਾਲਾ ਸ਼ਬਦ 'ਨਮਸਕਾਰ ਭਾਰਤ' ਬੀ ਬੀ ਸੀ ਤੋਂਨਹੀਂ ਸੁਣੇਗਾ। ਪਿਛਲੇ 45 ਸਾਲਾਂ ਤੋਂਜਿਹੜੇ ਲੋਕ ਦਿਨ ਦੀ ਸ਼ੁਰੂਆਤ ਬੀ ਬੀ ਸੀ (ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ) ਦੀ ਹਿੰਦੀ ਸਰਵਿਸ ਰੋਜ਼ ਸਵੇਰੇ ਸਾਢੇ ਛੇ ਵਜੇ ਚਾਲੂ ਹੋਣ ਵਾਲੇ ਪ੍ਰੋਗਰਾਮ 'ਨਮਸਕਾਰ ਭਾਰਤ' ਨੂੰ ਸੁਣ ਕੇ ਕਰਦੇ ਰਹੇ ਸਨ, ਉਹ ਸਰਵਿਸ ਅਗਲੀ 27 ਦਸੰਬਰ ਤੋਂ ਹਮੇਸ਼ਾ ਲਈ ਬੰਦ ਕੀਤੀ ਜਾਣ ਲੱਗੀ ਹੈ।

ਇਸ ਸੰਬੰਧ ਵਿੱਚਬੀ ਬੀ ਸੀਦੀ ਦਲੀਲ ਹੈ ਕਿ ਡਿਜੀਟਲ ਸਰਵਿਸ ਦੇ ਖਿਲਾਰੇ ਨਾਲ ਰੇਡੀਓ ਸਰਵਿਸ ਰੋਕਣ ਦਾ ਫ਼ੈਸਲਾ ਕਰਨਾ ਪਿਆ ਹੈ। ਜਾਣਕਾਰਾਂ ਦੇ ਮੁਤਾਬਕ ਡਿਜੀਟਲ ਮੀਡੀਆ ਆਮ ਹੋਣ ਨਾਲ ਰੇਡੀਓ ਸੁਣਨਾਅੱਜ ਕੱਲ੍ਹ ਦੇ ਲੋਕ ਪਸੰਦ ਨਹੀਂ ਕਰਦੇ। ਡਿਊਚੇ ਵਿਲੇ ਅਤੇ ਵਾਇਸ ਆਫ ਅਮਰੀਕਾ ਨੇ ਵੀ ਸਰਵਿਸ ਰੋਕ ਦਿੱਤੀ ਹੈ।ਰੇਡੀਓ ਜਾਪਾਨ ਅਤੇ ਚਾਈਨਾ ਰੇਡੀਓ ਇੰਟਰਨੈਸ਼ਨਲ ਤੋਂ ਹਿੰਦੀ ਅਤੇ ਬੰਗਲਾ ਪ੍ਰੋਗਰਾਮ ਹਾਲੇ ਵੀ ਚੱਲਦੇ ਹਨ, ਪਰ ਇਸ ਦੀ ਕੁਆਲਿਟੀ ਖਰਾਬ ਦੱਸੀ ਜਾਂਦੀ ਹੈ। ਇਸ ਤੋਂ ਪਹਿਲਾਂ ਫਰਵਰੀ 2011 ਵਿੱਚਬੀ ਬੀ ਸੀ ਨੇ ਐਲਾਨ




ਕੀਤਾ ਸੀ ਕਿ ਹਿੰਦੀ ਰੇਡੀਓ ਬੰਦ ਕਰਨ ਉੱਤੇ ਵਿਚਾਰ ਚੱਲ ਰਹੀ ਹੈ।ਬੀ ਬੀ ਸੀ ਮੈਨੇਜਮੈਂਟ ਨੇ 12 ਦਸੰਬਰ 2016 ਤੋਂਇਸ ਸਰਵਿਸ ਦੇ ਪ੍ਰੋਗਰਾਮ ਘੱਟ ਕਰ ਦਿੱਤੇ ਸਨ, ਜਿਸ ਦੌਰਾਨ ਪਹਿਲਾਂ ਸਵੇਰੇ ਅੱਠ ਤੋਂ ਸਾਢੇ ਅੱਠ ਵਜੇ ਤਕ ਚੱਲਦਾ 'ਵਿਸ਼ਵ ਭਾਰਤੀ' ਤੇ ਸ਼ਾਮ ਨੂੰ ਸਾਢੇ ਨੌਂ ਤੋਂ ਦਸ ਵਜੇ ਤਕ ਚੱਲਦਾ ਪ੍ਰੋਗਰਾਮ 'ਘਟਨਾ ਚੱਕਰ' ਬੰਦ ਕੀਤਾ ਗਿਆ ਸੀ।













# ਤਿੰਨ ਦਿਨਾ ਮਿਲਟਰੀ ਲਿਟਰੇਚਰ ਫੈਸਟੀਵਲ ਸ਼ਾਨੋ ਸ਼ੌਕਤ ਨਾਲ ਹੋਇਆ ਸਮਾਪਤ

## *ਕਲੈਰੀਅਨ ਕਾਲ ਥੀਏਟਰ, ਸੰਵਾਦ ਪ੍ਰੋਗਰਾਮ ਤੇ ਮਿਲਟਰੀ ਆਰਟ ਤੇ ਪੇਂਟਿੰਗ ਪ੍ਰਦਰਸ਼ਨੀ ਰਹੀ ਖਿੱਚ ਦਾ ਕੇਂਦਰ *ਧਾਰਾ 370 ਨੂੰ ਮਨਸੂਖ ਕਰਨਾ ਗੈਰ ਸੰਵਿਧਾਨਿਕ: ਕਸ਼ਮੀਰ ਮਾਹਰ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਭਾਰਤੀ ਫੌਜ ਦੇ ਵੱਖ ਵੱਖ ਪਹਿਲੂਆਂ ’ਤੇ ਝਾਤ ਪਾਉਂਦਾ ‘ਮਿਲਟਰੀ ਲਿਟਰੇਚਰ ਫੈਸਟੀਵਲ-2019’ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ ਹੈ, ਜਿਸ ਦੌਰਾਨ ਹਜ਼ਾਰਾਂ ਲੋਕਾਂ ਖਾਸ ਕਰਕੇ ਵਿਦਿਆਰਥੀਆਂ ਨੇ ਫੌਜੀ ਸਾਹਿਤ ਅਤੇ ਤਜਰਬਿਆਂ ’ਤੇ ਪੈਨਲ ਚਰਚਾ, ਬਹਾਦਰੀ ਪੁਰਸਕਾਰ ਜੇਤੂਆਂ ਵੱਲੋਂ ‘ਸੰਵਾਦ’, ਜਵਾਨਾਂ ਦੇ ਮਾਰਸ਼ਲ ਆਰਟ ਕਰਤੱਬਾਂ, ਮਿਲਟਰੀ ਸਬੰਧੀ ਪੇਂਟਿੰਗ ਤੇ ਹਥਿਆਰਾਂ ਦੀ ਨੁਮਾਇਸ਼ ਤੇ ਕਲੈਰੀਅਨ ਕਾਲ ਥੀਏਟਰ ਆਦਿ ਰਾਹੀਂ ਫੌਜ ਦੇ ਵੱਖ ਵੱਖ ਪੱਖਾਂ ’ਤੇ ਜਾਣਕਾਰੀ ਹਾਸਲ ਕੀਤੀ। ਮਿਲਟਰੀ ਲਿਟਰੇਚਰ ਫੈਸਟੀਵਲ ਵਿਖੇ ਭਾਰਤੀ ਫੌਜ ਵਲੋਂ ਜੰਗ ਦੇ ਮੈਦਾਨਾਂ ’ਚ ਜਿੱਤ ਹਾਸਲ ਕਰਨ ਤੇ ਇਨ੍ਹਾਂ ਜਿੱਤਾਂ ਪਿੱਛੇ ਸ਼ਹੀਦ ਜਵਾਨਾਂ ਤੇ ਅਫਸਰਾਂ ਦੀ ਦੇਣ, ਉਨ੍ਹਾਂ ਦੀ ਬਹਾਦਰੀ ਦੇ ਕਿੱਸਿਆਂ ਦੀ ਤਰਜ਼ਮਾਨੀ ਕਰਦੀ ‘ਮਿਲਟਰੀ ਆਰਟ ਤੇ ਪੇਂਟਿੰਗ’ ਨੁਮਾਇਸ਼ ਵਿਚ ਤਿੰਨੋਂ ਦਿਨ ਵੱਡੀ ਗਿਣਤੀ ਦਰਸ਼ਕਾਂ ਦੀ ਆਮਦ ਰਹੀ। ਇਸ ਮੌਕੇ ਵੱਖ ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੋਸਟ ਕਾਰਡਾਂ ਤੇ ਪੇਂਟਿੰਗਜ਼ ਰਾਹੀਂ ਸ਼ਹੀਦ ਜਵਾਨਾਂ ਨੂੰ ਧੰਨਵਾਦੀ ਸੁਨੇਹਿਆਂ ਵਾਲੀਆਂ ਚਿੱਠੀਆਂ ਲਿਖੀਆਂ ਗਈਆਂ ਤੇ ਥਲ ਸੈਨਾ ਆਧਾਰਿਤ ਸੁੰਦਰ ਪੇਂਟਿੰਗਾਂ ਬਣਾਈਆਂ ਗਈਆਂ। ਇਸ ਪ੍ਰਦਰਸ਼ਨੀ ਵਿਚ ਫੌਜੀ ਪਿਛੋਕੜ ਵਾਲੇ ਇੰਜਨੀਅਰ ਨਰਿੰਦਰਪਾਲ ਸਿੰਘ ਵੱਲੋਂ ਰੱਖੇ ਪੁਰਾਣੇ ਅਤੇ ਦੁਰਲਭ ਤਗਮੇ ਵੀ ਖਿੱਚ ਦਾ ਕੇਂਦਰ ਰਹੇ। ਇਸ ਮਿਲਟਰੀ ਮੇਲੇ ਦਾ ਖਾਸ ਪੱਖ ਕਲੈਰੀਅਨ ਕਾਲ ਥੀਏਟਰ ਤੇ ‘ਸੰਵਾਦ’ ਪ੍ਰੋਗਰਾਮ ਰਿਹਾ। ਕਲੈਰੀਅਨ ਕਾਲ ਥੀਏਟਰ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਬੰਧਕੀ ਟੀਮ



ਫੈਸਟ ਦੌਰਾਨ ਚਰਚਾ ਕਰਦੇ ਸੁਰੱਖਿਆ ਮਾਹਰ।



ਦੇ ਆਗੂ ਕਰਨਲ ਅਵੀਨੀਸ਼ ਸ਼ਰਮਾ ਨੇ ਦੱਸਿਆ ਕਿ ਇਸ ਥੀਏਟਰ ਦਾ ਮੁੱਖ ਮਕਸਦ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਭਾਰਤੀ ਸੈਨਿਕਾਂ ਵੱਲੋਂ ਵੱਖ ਵੱਖ ਯੁੱਧਾਂ ਵਿਚ ਵਿਖਾਈ ਵੀਰਤਾ ਤੇ ਦੇਸ਼ ਲਈ ਕੀਤੀਆਂ ਕੁਰਬਾਨੀਆਂ ਤੋਂ ਜਾਣੂ ਕਰਾਉਣਾ ਤੇ ਉਨ੍ਹਾਂ ਨੂੰ ਸੈਨਾ ਵਿਚ ਆਉਣ ਲਈ ਪ੍ਰੇਰਿਤ ਕਰਨਾ ਹੈ, ਜਿਸ ਵਾਸਤੇ ਆਡੀਓ-ਵਿਜ਼ਿਊਅਲ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਕਸ਼ਮੀਰ ਦੇ ਮੌਜੂਦਾ ਹਾਲਾਤਾਂ ਨੂੰ ਅਤਿ ਸੰਵੇਦਨਸ਼ੀਲ ਦੱਸਦਿਆਂ ਜੋ ਕਿ ਕਿਸੇ ਵੀ ਸਮੇਂ ਭੜਕ ਸਕਦੇ ਹਨ ਕਸ਼ਮੀਰ ਮਾਹਰਾਂ ਨੇ ਗੈਰ ਸੰਵਿਧਾਨਿਕ ਢੰਗ ਨਾਲ ਧਾਰਾ 370 ਨੂੰ ਮਨਸੂਖ ਕਰਨ ਲਈ ਕੇਂਦਰ ਦੇ ਫੈਸਲੇ ਦੀ ਨਖੇਧੀ ਕੀਤੀ ਕਿਉਂ ਕਿ ਇਹ ਧਾਰਾ ਭਾਰਤ ਦੇ ਜੰਮੂ ਅਤੇ ਕਸ਼ਮੀਰ ਨਾਲ ਸਬੰਧਾਂ ਨੂੰ ਮਜ਼ਬੂਤ ਕਰਦੀ ਹੈ। ਆਰ.ਐਸ.ਐਸ. ਵਿਚਾਰਕ ਕਮ ਭਾਜਪਾ ਦੇ ਰਾਸ਼ਟਰੀ ਜਨਰਲ ਜਨਰਲ ਸਕੱਤਰ ਰਾਮ ਮਾਧਵ ਅਤੇ ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨਾਲ ਧਾਰਾ 370 ਅਤੇ ਅੱਤਵਾਦ ਦੇ ਖਾਤਮੇ ’ਤੇ ਪੈਨਲ ਵਿਚਾਰ ਚਰਚਾ ਦੌਰਾਨ ਆਰ ਐਂਡ ਏ.ਡਬਲਿਊ. ਮੁਖੀ ਏ.ਐਸ. ਦੁੱਲਟ ਅਤੇ ਮਨੋਜ਼ ਜੋਸ਼ੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਇਨਸਾਨੀਅਤ, ਜਮਹੂਰੀਅਤ ਅਤੇ ਕਸ਼ਮੀਰੀਅਤ ਦਾ ਨਾਅਰਾ ਹੀ ਇਸ ਉਲਝੇ ਮਸਲੇ ਦਾ ਇਕੋ ਇਕ ਹੱਲ ਸੀ। ਦੁੱਲਟ ਨੇ ਕਿਹਾ ਕਿ ਕਸ਼ਮੀਰ ਬੁਰੀ ਤਰ੍ਹਾਂ ਅੰਬਿਆ ਹੋਇਆ ਹੈ ਅਤੇ ਰਾਜ ਦੇ ਵਸਨੀਕ ਦਿੱਲੀ ਤੋਂ ਨਿਰਾਸ਼ਾ ਦੀ ਭਾਵਨਾ ਮਹਿਸੂਸ ਕਰ ਰਹੇ ਹਨ। ਵਿਚਾਰ ਵਟਾਂਦਰੇ ਵਿਚ ਹਿੱਸਾ ਲੈਂਦੇ ਹੋਏ, ਰਾਮ ਮਾਧਵ ਨੇ ਕਿਹਾ ਕਿ ਧਾਰਾ 370 ਨੂੰ ਲੋਕਤੰਤਰੀ ਤਰੀਕੇ ਨਾਲ ਰੱਦ ਕੀਤਾ ਗਿਆ ਸੀ, ਜਿਸ ਵਿਚ ਇਹ ਦੱਸਿਆ ਗਿਆ ਸੀ ਕਿ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਵਰਗੇ ਸਿਆਸੀ ਕੈਦੀਆਂ ਨੂੰ ਜਲਦੀ ਰਿਹਾ ਕੀਤਾ ਜਾਵੇਗਾ। ਮਾਧਵ ਨੇ ਕਿਹਾ ਕਿ ਕਸ਼ਮੀਰ ਵਿਚ ਰਾਜਨੀਤਿਕ ਗਤੀਵਿਧੀਆਂ ਨੂੰ ਜਾਰੀ ਰੱਖਣ ਦੀ ਪ੍ਰਕਿਰਿਆ ਜਾਰੀ ਹੈ। ਸਾਬਕਾ ਰਾਅ ਚੀਫ ਦੁੱਲਟ ਦੇ ਕਸ਼ਮੀਰ ਵਿੱਚ ਸ਼ਾਂਤ ਹਾਲਾਤ ਨਾ ਮੰਨਣ ਦੇ ਪ੍ਰਗਟਾਵੇ ’ਤੇ ਬੋਲਦਿਆਂ ਮਾਧਵ ਨੇ ਜ਼ੋਰ ਦੇ ਕੇ ਕਿਹਾ ਕਿ ਕਸ਼ਮੀਰੀਆਂ ਨੂੰ ਕਦੇ ਵੀ ਸ਼ਾਂਤ ਨਹੀਂ ਜਾਣਿਆ ਜਾਂਦਾ ਅਤੇ ਉਹ ਹਮੇਸ਼ਾ ਛੋਟੇ ਛੋਟੇ ਭੜਕਾਹਟ ਕਰਦੇ ਰਹਿੰਦੇ ਹਨ।

ਰੱਖਿਆ ਮਾਹਿਰਾਂ ਨੇ ਸੈਸ਼ਨ ਵਿੱਚ ਵਿਚਾਰ ਚਰਚਾ ਦੌਰਾਨ ਹਿੱਸਾ ਲੈਂਦਿਆਂ ਕਿਹਾ ਕਿ ਕਾਰਗਿਲ ਜਿਹੀ ਕਿਸੇ ਹੋਰ ਘਟਨਾ ਨੂੰ ਵਾਪਰਨ ਤੋਂ ਰੋਕਣ ਲਈ ਮੌਜੂਦਾ ਖੁਫ਼ੀਆ ਨੈਟਵਰਕ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ‘ਲੈਸਨਸ ਲਰਨਟ ਫਰਾਮ ਦ ਕਾਰਗਿਲ ਵਾਰ ਐਂਡ ਦੇਅਰ ਇੰਪਲੀਮੈਂਟੇਸ਼ਨ’ ਵਿਸ਼ੇ ’ਤੇ ਕਰਵਾਏ ਗਏ ਸੈਸ਼ਨ ਵਿਚ ਹਿੱਸਾ ਲੈਂਦਿਆਂ ਸੇਵਾਮੁਕਤ ਰੱਖਿਆ ਸਕੱਤਰ ਸ਼ੇਖਰ ਦੱਤ ਨੇ ਕਿਹਾ ਕਿ ਸਾਨੂੰ ਕੇਂਦਰੀ ਅਤੇ ਰਾਜ ਪੱਧਰ ‘ਤੇ ਖੁਫੀਆ ਅਤੇ ਨਿਗਰਾਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਲੈਫਟੀਨੈਂਟ ਜਨਰਲ ਜੇ ਐਸ ਚੀਮਾ ਅਤੇ ਏਅਰ ਮਾਰਸ਼ਲ ਨਿਰਦੋਸ਼ ਤਿਆਗੀ ਸਮੇਤ ਸਾਰੇ ਪੈਨਲਿਸਟਾਂ ਨੇ ਕਾਰਗਿਲ ਜਿਹੀਆਂ ਅਚਾਨਕ ਵਾਪਰਨ ਵਾਲੀਆਂ ਨੂੰ ਘਟਨਾਵਾਂ ਤੋਂ ਬਚਣ ਲਈ ਵੱਧ ਤੋਂ ਵੱਧ ਖੁਫੀਆ ਸੰਗਠਨਾਂ ਬਣਾਉਣ ਅਤੇ ਵਿਕਸਿਤ ਕਰਨ ’ਤੇ ਜ਼ੋਰ ਦਿੱਤਾ। ਵਿਚਾਰ-ਵਟਾਂਦਰੇ ਵਿਚ ਹਿੱਸਾ ਲੈਂਦਿਆਂ ਦੱਤ ਨੇ ਕਿਹਾ ਕਿ ਕਾਰਗਿਲ ਨੇ ਭਾਰਤੀ ਫੌਜ ਨੂੰ ਅਚੰਭੇ ਵਿੱਚ ਪਾ ਦਿੱਤਾ ਸੀ ਕਿ ਸਾਡੀ ਸਰਹੱਦ ਦੇ ਅੰਦਰ ਘੁਸਪੈਠੀਏ ਕਿਵੇਂ ਆ ਸਕਦੇ ਹਨ। ਪੈਨਲ ਵਿਚਾਰ ਚਰਚਾ ਦੌਰਾਨ ਏਅਰ ਮਾਰਸ਼ਲ ਨਿਰਦੋਸ਼ ਤਿਆਗੀ ਨੇ ਕਾਰਗਿਲ ਜੰਗ ਦੇ ਹਵਾਈ ਫੌਜ ਦੇ ਹਮਲੇ ਦੀਆਂ ਦੋ ਵਿਸ਼ੇਸ਼ ਵੀਡੀਓ ਪ੍ਰਦਰਸ਼ਿਤ ਕੀਤੀਆਂ। ਪੈਨਲਿਸਟ ਲੈਫਟੀਨੈਂਟ ਜਨਰਲ ਜੇ ਐਸ ਚੀਮਾ ਨੇ ਕਿਹਾ ਕਿ 1999 ਦੀ ਕਾਰਗਿਲ ਜੰਗ ਤੋਂ ਬਾਅਦ, ਭਾਰਤੀ ਫੌਜ ਵਧੇਰੇ ਮਜ਼ਬੂਤ ਅਤੇ ਇਕਜੁੱਟ ਹੋਈ ਹੈ ਕਿਉਂਕਿ ਇੱਥੇ ਟਰਾਈ-ਸਰਵਿਸਿਜ਼ ਵਿਚ ਕੰਮ ਕਰਨ ਕਈ ਮੌਕੇ ਉਪਲੱਬਧ ਹਨ।



ਵੱਖ ਵੱਖ ਮਾਹਰਾਂ ਨੇ ਅੱਜ ਕਿਹਾ ਕਿ ਦੇਸ਼ ਦੇ ਆਂਧਰਾ ਪ੍ਰਦੇਸ਼ ਸੂਬੇ ਤੋਂ ਨੇਪਾਲ ਤੱਕ ਨਕਸਲ ਪ੍ਰਭਾਵਿਤ ਖੇਤਰ ਜੋ ਕਿ ਲਾਲ ਕੋਰੀਡੋਰ ਵਜੋਂ ਵੀ ਜਾਣਿਆ ਜਾਂਦਾ ਹੈ, ਦਾ ਖੇਤਰਫ਼ਲ ਸੁੰਗੜਿਆ ਜ਼ਰੂਰ ਹੈ ਪਰ ਪੂਰੀ ਤਰ੍ਹਾਂ ਨਾਲ ਖਤਮ ਨਹੀਂ ਹੋਇਆ। ਮਿਲਟਰੀ ਲਿਟਰੇਚਰ ਫ਼ੈਸਟੀਵਲ-2019 ਦੇ ਅੰਤਮ ਦਿਨ ‘ਕੀ ਰੈਡ ਕਾਰੀਡੋਰ ਹਾਲਾਂ ਵੀ ਮੌਜੂਦ ਹੈ’ ਦੇ ਵਿਸ਼ੇ ’ਤੇ ਵਿਚਾਰ ਚਰਚਾ ਦੌਰਾਨ ਮਾਹਰਾਂ, ਜਿਨ੍ਹਾਂ ਵਿੱਚ ਡਾਇਰੈਕਟਰ ਕਾਊਂਟਰ ਇੰਨਸਰਜੈਂਸੀ ਬ੍ਰਿਗੇਡੀਅਰ ਬੀ ਕੇ ਪੰਵਾਰ, ਰਾਅ ਦੇ ਸਾਬਕਾ ਡਾਇਰੈਕਟਰ ਕੇ ਸੀ ਵਰਮਾ, ਦਿੱਲੀ ਸਕੂਲ ਆਫ਼ ਇਕਨਾਮਿਕਸ ਦੀ ਪ੍ਰੋ. ਨੰਦਿਨੀ ਸੁੰਦਰ ਨੇ ਕਿਹਾ ਕਿ ਸੰਨ 2005-06 ਦੇ ਵਿੱਚ ਜਿੱਥੇ ਦੇਸ਼ ਦੇ 231 ਜ਼ਿਲ੍ਹੇ ਪਸ਼ੂਪਤੀ ਤੋਂ ਲੈ ਲੇ ਤਿਰੂਪਤੀ ਤੱਕ ਨਕਸਲਵਾਦ ਤੋਂ ਪ੍ਰਭਾਵਿਤ ਸਨ, ਉੱਥੇ ਅੱਜ ਇਨ੍ਹਾਂ ਜ਼ਿਲ੍ਹਿਆਂ ਦੀ ਗਿਣਤੀ ਕੇਵਲ 90 ਰਹਿ ਗਈ ਹੈ।

# ਲੋੜਵੰਦ ਨੂੰ ਬਚਾਉਂਦੀ ਡਾਕਟਰ ਖੁਦ ਹਾਦਸੇ ਦਾ ਸ਼ਿਕਾਰ, ਲੱਤਾਂ ਕੱਟਣੀਆਂ ਪੈ ਗਈਆਂ


ਅੰਮ੍ਰਿਤਸਰ, 15 ਦਸੰਬਰ (ਪੋਸਟ ਬਿਊਰੋ)- ਡਾਕਟਰ ਵਜੋਂ ਆਪਣਾ ਫ਼ਰਜ਼ ਨਿਭਾਉਣ ਲਈ ਜ਼ਖਮੀ ਹੋਏ ਲੋਕਾਂ ਦੀ ਮਦਦ ਕਰਨ ਲਈ ਰੁਕੀ ਡਾ. ਅਨੁਪਮਾ ਗੁਪਤਾ ਨੂੰ ਇੱਕ ਟਰਾਲਾ ਚਾਲਕ ਨੇ ਟੱਕਰ ਮਾਰ ਦਿੱਤੀ ਅਤੇ ਉਸ ਦੇ ਉਪਰੋਂ ਲੰਘ ਗਿਆ, ਜਿਸ ਕਾਰਨ ਉਨ੍ਹਾਂ ਦੀਆਂ ਲੱਤਾਂ ਦੀਆਂ ਹੱਡੀਆਂ ਕਈ ਥਾਵਾਂ ਤੋਂ ਟੁੱਟ ਗਈਆਂ ਅਤੇ ਇਲਾਜ ਦੌਰਾਨ ਉਨ੍ਹਾਂ ਦੀਆਂ ਦੋਵਾਂ ਲੱਤਾਂ ਕੱਟਣੀਆਂ ਪੈ ਗਈਆਂ ਹਨ।

ਵਰਨਣ ਯੋਗ ਹੈ ਕਿ ਡਾ. ਅਨੁਪਮਾ ਗੁਪਤਾ ਫ਼ਰੀਦਕੋਟ ਦਸ਼ਮੇਸ਼ ਡੈਂਟਲ ਕਾਲੇਜ ਵਿੱਚ ਐਨਾਟਮੀ ਵਿਭਾਗ ਦੀ ਇੰਚਾਰਜ ਹਨ। ਉਹ ਇਸ ਵੇਲੇ ਅੰਮ੍ਰਿਤਸਰ ਦੇ ਅਮਨਦੀਪ ਹਸਪਤਾਲ ਦੇ ਆਈ ਸੀ ਯੂ ਵਿੱਚ ਇਲਾਜ ਅਧੀਨ ਹਨ। ਬੇਹੋਸ਼ੀ ਕਾਰਨ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਗਈਆਂ ਹਨ। ਅਸਲ ਵਿੱਚ ਬੀਤੀ 10 ਦਸੰਬਰ ਨੂੰ ਅੰਮ੍ਰਿਤਸਰ-ਤਰਨ ਤਾਰਨ ਰੋਡ ਦੇ ਪਿੰਡ ਬੰਡਾਲਾ 'ਚ ਧੁੰਦ ਕਾਰਨ ਕਈ ਵਾਹਨ ਆਪਸ ਵਿੱਚ ਟਕਰਾ ਕੇ ਨੁਕਸਾਨੇ ਗਏ ਸਨ। ਡਾ. ਅਨੁਪਮਾ ਆਪਣੇ ਸਹਿਯੋਗੀ ਡਾ. ਹਰਕਮਲ ਸਿੰਘ ਨਾਲ ਕਾਰ 'ਤੇ ਫ਼ਰੀਦਕੋਟ ਵੱਲ ਜਾ ਰਹੇ ਸਨ। ਹਾਦਸੇ ਨੂੰ ਵੇਖ ਕੇ ਡਾ ਅਨੁਪਮਾ ਨੇ ਆਪਣੀ ਕਾਰ ਰੁਕਵਾਈ। ਇੱਕ ਵਾਹਨ 'ਚ ਇੱਕ ਵਿਅਕਤੀ ਤੜਪ ਰਿਹਾ ਸੀ। ਉਸਦੀ ਮਦਦ ਲਈ ਜਿਵੇਂ ਹੀ ਉਸ ਨੇ ਗੱਡੀ ਦਾ ਦਰਵਾਜ਼ਾ ਖੋਲ੍ਹਿਆ, ਪਿੱਛਓਂ ਆ ਰਹੇ ਤੇਜ਼ ਰਫਤਾਰ ਟਰਾਲੇ ਨੇ ਉਨ੍ਹਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਤੇ ਉਨ੍ਹਾਂ ਦੀਆਂ ਲੱਤਾਂ ਤੋਂ ਲੰਘ ਗਿਆ।

# ਦੁਨੀਆ ਦੀ ਸਭ ਤੋਂ ਮਹਿੰਗੀ ਜੇਲ੍ਹ ਵਿੱਚ ਇੱਕ ਕੈਦੀ ਉੱਤੇ ਖਰਚ ਹੁੰਦੇ ਹਨ ਕਰੋੜਾਂ ਰੁਪਏ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਜੇਲ੍ਹ ਦਾ ਨਾਂਅ ਸੁਣਦੇ ਹੀ ਮਨ 'ਚ ਕਈ ਤਰ੍ਹਾਂ ਦੇ ਵਿਚਾਰ ਆਉਂਦੇ ਹਨ। ਉਥੇ ਸੁਰੱਖਿਆ ਤੇ ਕੈਦੀਆਂ ਦੇ ਖਾਣ ਪੀਣ ਦੀ ਵਿਵਸਥਾ ਕੀ ਹੋਵੇਗੀ, ਪਰ ਕਿਊਬਾ 'ਚ ਅਜਿਹੀ ਜੇਲ੍ਹ ਹੈ, ਜਿੱਥੇ ਇਨ੍ਹਾਂ ਸਭ ਗੱਲਾਂ ਨੂੰ ਸੋਚਣ ਦਾ ਕੋਈ ਮਤਲਬ ਹੀ ਨਹੀਂ, ਕਿਉਂਕਿ ਇਥੇ ਸਿਰਫ ਇੱਕ ਕੈਦੀ 'ਤੇ ਕਰੋੜਾਂ ਰੁਪਏ ਖਰਚ ਹੁੰਦੇ ਹਨ। ਇਹੀ ਕਾਰਨ ਹੈ ਕਿ ਇਹ ਜੇਲ੍ਹ ਦੁਨੀਆ ਦੀ ਸਭ ਤੋਂ ਮਹਿੰਗੀ ਜੇਲ੍ਹ ਮੰਨੀ ਜਾਂਦੀ ਹੈ।

ਇਸ ਜੇਲ੍ਹ ਦਾ ਨਾਂਅ ਗਵਾਂਤਾਨਮੋ ਬੇਅ ਹੈ। ਇਸ ਮਸ਼ਹੂਰ ਜੇਲ੍ਹ ਦਾ ਇਹ ਨਾਂਅ ਇਸ ਕਾਰਨ ਪਿਆ ਹੈ, ਕਿਉਂਕਿ ਇਹ ਗਵਾਂਤਨਮੋ ਖਾੜੀ ਦੇ ਤੱਟ ਉਤੇ ਹੈ। ਅਮਰੀਕੀ ਅਖਬਾਰ ਨਿਊ ਯਾਰਕ ਟਾਈਮਜ਼ ਦੀ ਖਬਰ ਅਨੁਸਾਰ ਇਸ ਜੇਲ੍ਹ ਵਿੱਚ ਫਿਲਹਾਲ ਚਾਲੀ ਕੈਦੀ ਹਨ ਅਤੇ ਹਰ ਕੈਦੀ 'ਤੇ ਸਾਲਾਨਾ ਕਰੀਬ 93 ਕਰੋੜ ਰੁਪਏ ਖਰਚ ਹੁੰਦੇ ਹਨ। ਇਸ ਜੇਲ੍ਹ ਵਿੱਚ ਲਗਭਗ 1800 ਫੌਜੀ ਤੈਨਾਤ ਹਨ ਅਤੇ ਸਿਰਫ



ਇੱਕ ਕੈਦੀ 'ਤੇ 45 ਫੌਜੀਆਂ ਦੀ ਨਿਯੁਕਤੀ ਹੈ। ਜੇਲ੍ਹ ਸੁਰੱਖਿਆ ਵਿੱਚ ਤੈਨਾਤ ਫੌਜੀਆਂ 'ਤੇ ਹਰ ਸਾਲ ਕਰੀਬ 3900 ਕਰੋੜ ਰੁਪਏ ਖਰਚ ਹੁੰਦੇ ਹਨ। ਇਥੇ ਉਨ੍ਹਾਂ ਅਪਰਾਧੀਆਂ ਨੂੰ ਰੱਖਿਆ ਜਾਂਦਾ ਹੈ, ਜਿਹੜੇ ਬਹੁਤ ਖਤਰਨਾਕ ਹਨ। ਮੀਡੀਆ ਰਿਪੋਰਟਾਂ ਅਨੁਸਾਰ 9/11 ਹਮਲੇ ਦਾ ਮਾਸਟਰ ਮਾਈਂਡ ਖਾਲਿਦ ਸ਼ੇਖ ਮੁਹੰਮਦ ਵੀ ਇਸ ਜੇਲ੍ਹ ਵਿੱਚ ਹੈ। ਇਸ ਜੇਲ੍ਹ ਵਿੱਚ ਤਿੰਨ ਇਮਾਰਤਾਂ, ਦੋ ਖੁਫੀਆ ਦਫਤਰ ਅਤੇ ਤਿੰਨ ਹਸਪਤਾਲ ਹਨ। ਇਥੇ ਸਟਾਫ ਕੈਦੀਆਂ ਦੇ ਲਈ ਚਰਚ ਅਤੇ ਸਿਨੇਮਾ ਦੀ ਵੀ ਵਿਵਸਥਾ ਹੈ, ਜਦੋਂ ਕਿ ਹੋਰ ਕੈਦੀਆਂ ਦੇ ਲਈ ਖਾਣੇ ਤੋਂ ਇਲਾਵਾ ਜਿਮ ਅਤੇ ਪਲੇ ਸਟੇਸ਼ਨ ਵੀ ਬਣਾਏ ਗਏ ਹਨ।

# ਹੈਦਰਾਬਾਦ ਮੁਕਾਬਲੇ ਦੀ ਜੁਡੀਸ਼ਲ ਜਾਂਚ ਲਈ ਕਮਿਸ਼ਨ ਕਾਇਮ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਤਿਲੰਗਾਨਾ ਵਿੱਚ ਇੱਕ ਵੈਟਰਨਰੀ ਡਾਕਟਰ ਨਾਲ ਸਮੂਹਿਕ ਬਲਾਤਕਾਰ ਤੇ ਉਸ ਦੀ ਹੱਤਿਆ ਅਤੇ ਫਿਰ ਉਸ ਕੇਸ ਦੇ ਮੁਲਜ਼ਮਾਂ ਦੀ ਪੁਲਸ ਮੁਕਾਬਲੇ ਵਿੱਚ ਮੌਤ ਹੋਣ ਦੇ ਕਾਰਨਾਂ ਦੀ ਜੁਡੀਸ਼ਲ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਇਹ ਜਾਂਚ ਸੁਪਰੀਮ ਕੋਰਟ ਦੇ ਇੱਕ ਸਾਬਕਾ ਜਸਟਿਸ ਵੀ ਐਸ ਸਿਰਪੁਰਕਰ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਕਮਿਸ਼ਨ ਕਰੇਗਾ। ਕਮਿਸ਼ਨ ਦੇ ਹੋਰ ਮੈਂਬਰਾਂ ਵਿੱਚ ਬੰਬੇ ਹਾਈ ਕੋਰਟ ਦੇ ਸਾਬਕਾ ਜਸਟਿਸ ਰੇਖਾ ਸੌਂਦੁਰ ਬਲਦੋਤਾ ਅਤੇ ਸੀ ਬੀ ਆਈ ਦੇ ਸਾਬਕਾ ਮੁੱਖੀ ਡੀ ਆਰ ਕਾਰਤੀਕੇਯਨ ਸ਼ਾਮਲ ਹੈ। ਕਮਿਸ਼ਨ ਆਪਣੀ ਰਿਪੋਰਟ ਸੁਪਰੀਮ ਕੋਰਟ ਵਿੱਚ ਛੇ ਮਹੀਨਿਆਂ ਵਿੱਚ ਪੇਸ਼ ਕਰੇਗਾ। ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਤਿਲੰਗਾਨਾ ਹਾਈ ਕੋਰਟ ਵਿੱਚ ਚੱਲਦੀ ਇਸ ਕੇਸ ਦੀ ਸੁਣਵਾਈ ਉਤੇ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਪੇਸ਼ ਕਰਨ ਬਾਰੇ ਵੀ ਰੋਕ ਲਾ ਦਿੱਤੀ ਹੈ। ਕੋਰਟ ਨੇ ਕਿਹਾ ਕਿ ਜਦੋਂ ਤੱਕ ਜਾਂਚ ਕਮਿਸ਼ਨ ਆਪਣੇ ਅਗਲੇ ਹੁਕਮ ਨਹੀਂ ਦਿੰਦਾ, ਉਦੋਂ ਤੱਕ ਕੋਈ ਵੀ ਏਜੰਸੀ ਇਸ ਕੇਸ ਦੀ ਜਾਂਚ ਨਹੀਂ ਕਰੇਗੀ। ਸੁਪਰੀਮ ਕੋਰਟ ਦੇ ਬੈਂਚ, ਜਿਸ ਵਿੱਚ ਜਸਟਿਸ ਐਸ ਏ ਨਜ਼ੀਰ ਅਤੇ ਜਸਟਿਸ ਸੰਜੀਵ ਖੰਨਾ ਸ਼ਾਮਲ ਸਨ, ਨੇ ਆਪਣੇ ਹੁਕਮਾਂ ਵਿੱਚ ਲਿਖਿਆ ਹੈ ਕਿ ਤਿੰਨ ਮੈਂਬਰੀ ਕਮਿਸ਼ਨ ਦੇ ਮੈਂਬਰਾਂ ਨੂੰ ਸੁਰੱਖਿਆ ਸੀ ਆਰ ਪੀ ਐਫ ਦੇਵੇਗੀ। ਕਮਿਸ਼ਨ ਨੂੰ ਕਮਿਸ਼ਨ ਆਫ ਇਨਕੁਆਰੀ ਐਕਟ ਤਹਿਤ ਸਾਰੇ ਅਧਿਕਾਰ ਹਾਸਲ ਹੋਣਗੇ। ਕਮਿਸ਼ਨ ਦੀ ਮਿਆਦ ਛੇ ਮਹੀਨੇ ਹੋਵੇਗੀ ਤੇ ਇਹ ਮਿਆਦ ਸੁਣਵਾਈ ਸ਼ੁਰੂ ਕਰਨ ਵਾਲੇ ਦਿਨ ਤੋਂ ਮੰਨੀ ਜਾਵੇਗੀ। ਕਮਿਸ਼ਨ ਛੇ ਦਸੰਬਰ ਨੂੰ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਚਾਰਾਂ ਮੁਲਜ਼ਮਾਂ ਦੀ ਮੌਤ ਦੇ ਕਾਰਨਾਂ ਦੀ ਜਾਂਚ ਕਰੇਗਾ। ਅਦਾਲਤ ਨੇ ਕਿਹਾ ਕਿ ਘਟਨਾ ਬਾਰੇ ਵਿਵਾਦ ਮਈ ਪੱਖ ਸਾਹਮਣੇ ਆਉਣ ਬਾਅਦ



ਅਸਲੀਅਤ ਤੱਕ ਜਾਣ ਦੇ ਲਈ ਨਿਰਪੱਖ ਜਾਂਚ ਦੀ ਲੋੜ ਹੈ। ਵਰਨਣ ਯੋਗ ਹੈ ਕਿ ਇਸ ਮੁਕਾਬਲੇ ਨਾਲ ਸਬੰਧਤ ਪੁਲਸ ਅਧਿਕਾਰੀਆਂ ਦੇ ਵਿਰੁੱਧ ਜਾਂਚ ਕਰਨ ਲਈ ਸੁਪਰੀਮ ਕੋਰਟ ਵਿੱਚ ਦੋ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ।










# ਭ੍ਰਿਸ਼ਟਾਚਾਰ ਮੁਕਤ ਭਾਰਤ ਸਿਰਜਨ ਦੀ ਕਲਪਨਾ?

ਕੁਝ ਹੀ ਸਮਾਂ ਹੋਇਐ, ਜਦੋਂ ਦਖਣ ਭਾਰਤ ਦੇ ਇੱਕ ਰਾਜ ਦੀ ਸੱਤਾਧਾਰੀ ਪਾਰਟੀ ਦੇ ਵਿਧਾਇਕਾਂ ਨੇ ਆਪਣੀ ਪਾਰਟੀ ਨਾਲੋਂ ਨਾਤਾ ਤੋੜ ਉਸਨੂੰ ਡਿਗਣ ਤੇ ਮਜਬੂਰ ਕਰ ਦਿੱਤਾ ਤਾਂ ਉਸ ਸਮੇਂ ਕੇਂਦਰੀ ਸੱਤਾਧਾਰੀ ਪਾਰਟੀ ਪੁਰ ਦੋਸ਼ ਲਾਇਆ ਗਿਆ ਸੀ ਕਿ ਉਸਨੇ ਆਪਣੇ ਸੱਤਾ-ਖੇਤ੍ਰ ਦਾ ਵਿਸਥਾਰ ਕਰਨੇ ਦੇ ਉਦੇਸ਼ ਨਾਲ ਵਿਰੋਧੀ ਪਾਰਟੀ ਦਾਂ ਵਿਧਾਇਕਾਂ ਦੀ ਵਫਾਦਾਰੀ ਨੂੰ ਕਰੋੜਾਂ ਰੁਪਏ ਵਿੱਚ ਖਰੀਦ ਉਸਦੀ ਸਰਕਾਰ ਡੇਗਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਤਾਂ ਉਸ ਸਮੇਂ ਕੇਂਦਰੀ ਸੱਤਾਧਾਰੀ ਪਾਰਟੀ ਦੇ ਮੁਖੀਆਂ ਅਤੇ ਆਪਣੀ ਪਾਰਟੀ ਨਾਲ ਗਦਾਰੀ ਕਰਨ ਵਾਲੇ ਵਿਧਾਇਕਾਂ ਨੇ ਇਸਦਾ ਜ਼ੋਰਦਾਰ ਖੰਡਨ ਕੀਤਾ। ਪ੍ਰੰਤੂ ਅਗਲੇ ਹੀ ਦਿੱਨ ਇੱਕ ਬਾਗੀ ਵਿਧਾਇਕ ਨੇ ਡੇਢ-ਦੋ ਕਰੋੜ ਦੀ ਲਗਜ਼ਰੀ ਕਾਰ ਖ੍ਰੀਦ ਤੇ ਉਸਦਾ ਪ੍ਰਦਰਸ਼ਨ ਕਰ ਦਿੱਤਾ ਕਿ ਉਸਨੇ ਤੇ ਉਸਦੇ ਸਾਥੀਆਂ ਨੇ ਆਪਣੀ ਪਾਰਟੀ ਨਾਲ ਗਦਾਰੀ ਕਰਨ ਦੀ ਬਹੁਤ ਹੀ ਵੱਡੀ ਕੀਮਤ ਲਈ ਹੈ।

ਇਸ ਘਟਨਾ ਤੋਂ ਬਾਅਦ ਇਹ ਸੁਆਲ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਜਦੋਂ ਕਦੀ ਵੀ ਲੋਕਸਭਾ ਜਾਂ ਕਿਸੇ ਵਿਧਾਨਸਭਾ ਦੀਆਂ ਚੋਣਾਂ ਆਉਂਦੀਆਂ ਹਨ ਤਾਂ ਉਨ੍ਹਾਂ ਵਿੱਚ ਸਦਾ ਹੀ ਜੋ ਮੁੱਦਾ ਸਭ ਤੋਂ ਵੱਧ ਚਰਚਾ ਵਿੱਚ ਰਹਿੰਦਾ ਹੈ, ਉਹ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਨਾਲ ਹੀ ਸੰਬੰਧਤ ਹੁੰਦਾ ਹੈ। ਇਸਦਾ ਮੁਖ ਕਾਰਣ ਇਹੀ ਹੈ ਕਿ ਅੱਜ ਦੇਸ਼ ਦਾ ਹਰ ਵਿਅਕਤੀ ਭ੍ਰਿਸ਼ਟਾਚਾਰ-ਪੀੜਤ ਹੈ ਅਤੇ ਉਸਤੋਂ ਨਿਜਾਤ ਹਾਸਲ ਕਰਨ ਦਾ ਇੱਛੁਕ ਹੈ। ਪਰ ਸੁਆਲ ਉਠਦਾ ਹੈ ਕਿ ਕੀ ਰਾਜਨੀਤਕ ਮੁੱਦਾ ਬਣਾ ਕੇ ਇਸ ਭ੍ਰਿਸ਼ਟਾਚਾਰ ਨਾਮੀ ਰੋਗ ਤੋਂ ਨਿਜਾਤ ਹਾਸਲ ਕੀਤੀ ਜਾ ਸਕਦੀ ਹੈ? ਜਾਂ ਕਾਨੂੰਨ ਬਣਾਉਣ ਨਾਲ ਹੀ ਇਹ ਸਮਸਿਆ ਹਲ ਹੋ ਜਾਇਗੀ ਜਾਂ ਫਿਰ ਅਦਾਲਤਾਂ ਦੇ ਦਖ਼ਲ ਦੇਣ ਨਾਲ ਅਤੇ ਉੱਚ-ਅਧਿਕਾਰ ਪ੍ਰਾਪਤ ਕਮੇਟੀਆਂ ਬਣਾ ਦੇਣ ਨਾਲ ਭਰਿਸ਼ਟਾਚਾਰ ਦਾ ਮੁੱਦਾ ਹਲ ਹੋ ਜਾਇਗਾ?

ਇਹ ਅਤੇ ਇਸ ਨਾਲ ਸੰਬੰਧਤ ਹੋਰ ਵੀ ਕਈ ਸੁਆਲ ਅਜਿਹੇ ਹਨ, ਜਿਨ੍ਹਾਂ ਦਾ ਜੁਆਬ ਤਲਾਸ਼ ਪਾਣਾ ਸਹਿਜ ਨਹੀਂ। ਕਾਨੂੰਨੀ ਮਾਹਿਰਾਂ ਅਨੁਸਾਰ ਲੋਕਪਾਲ ਕਾਨੂੰਨ ਬਣਨ ਤੋਂ ਵੀ ਪਹਿਲਾਂ ਤੋਂ ਹੀ ਦੇਸ ਵਿੱਚ ਕਈ ਅਜਿਹੇ ਕਾਨੂੰਨ ਮੌਜੂਦ ਹਨ, ਜਿਨ੍ਹਾਂ ਦੇ ਸਹਾਰੇ ਭ੍ਰਿਸ਼ਟਾਚਾਰੀਆਂ ਅਤੇ ਟੈਕਸ-ਚੋਰਾਂ ਨੂੰ ਸਖਤ ਤੋਂ



ਜਸਵੰਤ ਸਿੰਘ 'ਅਜੀਤ'

ਸਖਤ ਸਜ਼ਾ ਦੁਆਈ ਜਾ ਸਕਦੀ ਹੈ। ਪਰ ਕੀ ਅਜਿਹਾ ਹੋ ਪਾ ਰਿਹਾ ਹੈ?

ਇਸ ਸੁਆਲ ਦਾ ਜਵਾਬ ਤਲਾਸ਼ ਹੀ ਰਿਹਾ ਸਾਂ ਕਿ ਕਾਫੀ ਸਮਾਂ ਪਹਿਲਾਂ ਦੀ ਇੱਕ ਘਟਨਾ ਯਾਦ ਆ ਗਈ। ਗਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਸੁਪ੍ਰੀਮ ਕੋਰਟ ਵਿੱਚ ਕਥਤ ਖਾੜਕੂਆਂ ਦੇ ਮਾਮਲੇ ਵਿਚਾਰ-ਅਧੀਨ ਚਲ ਰਹੇ ਸਨ। ਜਿਸ ਦਿਨ ਉਨ੍ਹਾਂ ਨਾਲ ਸਬੰਧਤ ਕਿਸੇ ਮਾਮਲੇ ਦੀ ਸੁਣਵਾਈ ਹੁੰਦੀ, ਇੱਕ ਦੈਨਿਕ ਪੰਜਾਬੀ ਅਖਬਾਰ ਦੇ ਰਿਪੋਰਟਰ ਵਜੋਂ, ਉਸ ਦਿਨ, ਉਸਦੀ ਰਿਪੋਰਟਿੰਗ ਲਈ ਸੁਪ੍ਰੀਮ ਕੋਰਟ ਦਾ ਇੱਕ ਚੱਕਰ ਲਾਉਂਦਾ ਹੁੰਦਾ ਸੀ। ਇੱਕ ਦਿਨ ਇਸੇ ਰੂਟੀਨ ਅਧੀਨ ਜਿਸ ਸਮੇਂ ਕੋਰਟ ਪੁਜਾ ਤਾਂ ਉਸ ਸਮੇਂ ਤਕ ਮਾਮਲੇ ਨਾਲ ਸੰਬੰਧਤ ਐਡਵੋਕੇਟ ਕਿਸੇ ਹੋਰ ਮਾਮਲੇ ਦੀ ਪੈਰਵੀ ਕਰਨ ਲਈ ਕਿਸੇ ਦੂਸਰੀ ਅਦਾਲਤ ਵਿੱਚ ਗਏ ਵਾਪਸ ਨਹੀਂ ਸੀ ਪਰਤੇ, ਜਿਸ ਕਾਰਣ ਇੰਤਜ਼ਾਰ ਕਰਨ ਲਈ, ਉਸਦੇ ਗੁਆਂਢੀ ਚੈਂਬਰ ਵਿੱਚਲੇ ਇੱਕ ਜਾਣੂ ਐਡਵੋਕੇਟ ਪਾਸ ਜਾ ਬੈਠਾ। ਅਜੇ ਉਨ੍ਹਾਂ ਨਾਲ ਦੁਆ-ਸਲਾਮ ਹੋਈ ਹੀ ਸੀ ਕਿ ਇੱਕ ਸਜਣ ਆਏ, ਜੋ ਉਨ੍ਹਾਂ ਨੂੰ ਆਪਣੇ ਕੇਸ ਦੀ ਫਾਈਲ ਸੌਂਪਦਿਆਂ ਕਹਿਣ ਲਗੇ ਕਿ 'ਗਲ ਹੋ ਗਈ ਹੈ। ਤੁਸੀਂ ਇਹ ਕੇਸ 'ਫਲਾਂ' ਦਿਨ ਰਜਿਸਟਰਾਰ ਪਾਸ ਜਮ੍ਹਾ ਕਰਵਾਣਾ, ਉਸ ਦਿਨ ਇਹ ਕੇਸ ਦਾਖਲ ਹੋਣ ਨਾਲ, ਇਹ 'ਫਲਾਂ' ਜੱਜ ਪਾਸ ਲਗੇਗਾ ਅਤੇ ਇਸਦਾ ਫੈਸਲਾ ਆਪਣੇ ਹਕ ਵਿੱਚ ਆ ਜਾਇਗਾ।' ਉਸ ਸਜਣ ਦੇ ਕਹਿਣ ਦਾ ਮਤਲਬ ਸਾਫ ਸੀ ਕਿ ਇਸ ਕੇਸ ਨਾਲ ਸੰਬੰਧਤ ਸਾਰੀ ਪ੍ਰਕ੍ਰਿਆ ਨੂੰ ਅੰਤਿਮ ਪੜਾਅ ਤਕ ਪਹੁੰਚਾਣ ਵਾਲੇ ਸਾਰੇ ਰਸਤਿਆਂ ਪੁਰ ਬੈਠੇ 'ਪਹਿਰੇਦਾਰਾਂ' ਨਾਲ ਗਲ ਮੁੱਕ ਗਈ ਹੈ। ਉਨ੍ਹਾਂ ਹੀ ਦਿਨਾਂ ਵਿੱਚ ਇੱਕ ਹੋਰ ਖਬਰ ਆਈ। ਜਿਸ ਵਿੱਚ ਦਸਿਆ ਗਿਆ ਸੀ ਕਿ ਸੁਪ੍ਰੀਮ ਕੋਰਟ ਦੇ ਉਸ ਸਮੇਂ ਦੇ ਇੱਕ ਵਿਦਵਾਨ ਜੱਜ, ਜਸਟਿਸ ਮਾਰਕੰਡੇ ਕਾਟਜੂ ਨੇ ਸੀਨੀਅਰ ਐਡਵੋਕੇਟਾਂ ਨੂੰ ਡਾਂਟਦਿਆਂ ਕਿਹਾ ਕਿ ਉਹ ਪੈਸੇ ਦੇ ਲਾਲਚ ਵਿੱਚ ਆ ਆਪਣੇ ਮੁਵਕਿਲਾਂ ਨੂੰ ਗ਼ਲਤ ਸਲਾਹਵਾਂ ਨਾ ਦਿਆ ਕਰਨ। ਉਨ੍ਹਾਂ ਕਿਹਾ ਕਿ ਇਹ ਆਮ ਵੇਖਣ ਵਿੱਚ ਆ ਰਿਹਾ ਹੈ ਕਿ ਭ੍ਰਿਸ਼ਟਾਚਾਰੀ ਮੁਵਕਿਲਾਂ, ਵਕੀਲਾਂ ਅਤੇ ਜੱਜਾਂ ਦਾ ਗਠਜੋੜ ਬਣ ਗਿਆ ਹੋਇਆ ਹੈ। ਜਸਟਿਸ ਮਾਰਕੰਡੇ ਕਾਟਜੂ ਦੀ ਇਸ ਟਿਪੱਣੀ ਤੋਂ ਇਉਂ ਜਾਪਦਾ ਹੈ ਕਿ ਜਿਵੇਂ ਉਹ ਸਮਝਦੇ ਸਨ ਕਿ ਭ੍ਰਿਸ਼ਟਾਚਾਰ ਆਦਿ ਅਪਰਾਧਕ ਮਾਮਲਿਆਂ ਨਾਲ ਸੰਬੰਧਤ ਚਲਦੇ ਕੇਸਾਂ ਦੇ ਲਟਕਦਿਆਂ ਰਹਿਣ ਦਾ ਮੁਖ ਕਾਰਣ ਅਦਾਲਤਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਵਿੱਚ ਹੀ ਲੁਕਿਆ ਹੋਇਆ ਹੈ। ਅਰਥਾਤ ਅਜਿਹੇ ਮਾਮਲਿਆਂ ਨੂੰ ਲਟਕਾਈ ਰਖਣ ਵਿੱਚ ਮੁਵਕਿਲ, ਐਡਵੋਕੇਟ ਤੇ ਜੱਜ ਵਿੱਚਕਾਰ ਬਣ ਗਈ ਹੋਈ ਕਥਤ ਭ੍ਰਿਸ਼ਟਾਚਾਰੀ ਸਾਂਝ ਹੀ ਜ਼ਿਮੇਂਦਾਰ ਹੈ। ਜਿਸਦੇ ਸਹਾਰੇ ਮੁਵਕਿਲ ਕੇਸ ਨੂੰ ਲਟਕਾਈ ਰਖਣ ਲਈ ਤਾਰੀਖ ਤੇ ਤਾਰੀਖ ਲੈਂਦਿਆਂ ਰਹਿਣਾ ਚਾਹੁੰਦਾ ਹੈ ਅਤੇ ਐਡਵੋਕੇਟ ਇਸੇ ਸਾਂਝ ਦੇ ਅਧਾਰ ਤੇ ਉਸਨੂੰ ਤਾਰੀਖ ਤੇ ਤਾਰੀਖ ਲੈ ਕੇ ਦਈ ਚਲਾ ਜਾਂਦਾ ਹੈ। ਇਥੇ ਇਹ ਗਲ ਵੀ ਵਰਨਣਯੋਗ ਹੈ ਕਿ ਆਮ ਤੌਰ ਤੇ ਹਾਈ ਕੋਰਟ ਅਤੇ ਸੁਪ੍ਰੀਮ ਕੋਰਟ ਦੇ ਐਡਵੋਕੇਟ ਕੇਸ ਦੇ ਹਿਸਾਬ ਨਾਲ ਨਹੀਂ, ਸਗੋਂ ਤਾਰੀਖ ਤੇ ਪੇਸ਼ ਹੋਣ ਦੇ ਆਧਾਰ ਤੇ ਫੀਸ ਲੈਂਦੇ ਹਨ।

ਸਾਂਸਦਾਂ ਪੁਰ ਵੀ ਉਠੀਆਂ ਉਂਗਲਾਂ: ਪਿਛਲੀ ਯੂਪੀਏ ਸਰਕਾਰ ਦੇ ਸਮੇਂ ਕੁਝ ਸਾਂਸਦਾਂ ਵਲੋਂ ਸੰਸਦ ਵਿੱਚ ਸੁਆਲ ਪੁਛੇ ਜਾਣ ਲਈ ਮੋਟੀਆਂ ਰਕਮਾਂ ਲੈਣ ਦੀ ਚਰਚਾ ਬੜੇ ਜ਼ੋਰ-ਸ਼ੋਰ ਨਾਲ ਹੋਈ ਸੀ। 11 ਸਾਂਸਦਾਂ ਵਿਰੁਧ ਦੋਸ਼ ਸਾਬਤ ਹੋਣ ਕਾਰਣ ਉਨ੍ਹਾਂ ਦੀ ਸੰਸਦ ਦੀ ਮੈਂਬਰੀ ਰੱਦ ਕਰ ਦਿੱਤੀ ਗਈ ਸੀ। ਜਿਥੋਂ ਤਕ ਸੁਆਲ ਦੇ ਬਦਲੇ ਪੈਸੇ ਲੈਣ ਦਾ ਸੰਬੰਧ ਹੈ, ਉਸ ਬਾਰੇ ਕਿਹਾ ਜਾਂਦਾ ਹੈ ਕਿ ਦੇਸ ਦੇ ਵੱਡੇ-ਵੱਡੇ ਧਨਾਢ ਆਪਣੇ ਵਪਾਰਕ ਹਿਤਾਂ ਖਾਤਰ ਸਾਂਸਦਾਂ ਨਾਲ ਪੱਕੀ ਸਾਂਝ ਪਾ ਲੈਂਦੇ ਹਨ। ਉਹ ਸਮੇਂ-ਸਮੇਂ ਉਨ੍ਹਾਂ ਪਾਸੋਂ ਸੰਸਦ ਵਿੱਚ ਅਜਿਹੇ ਸੁਆਲ ਪੁਛਵਾਂਦੇ ਰਹਿੰਦੇ ਹਨ, ਜੋ ਸਰਕਾਰ ਦੀਆਂ ਭਵਿਖ ਦੀਆਂ ਉਨ੍ਹਾਂ ਨੀਤੀਆਂ ਨਾਲ ਸੰਬੰਧਤ ਹੁੰਦੇ ਹਨ, ਜਿਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੇ ਨਿਜੀ ਕਾਰੋਬਾਰ ਤੇ ਪੈ ਸਕਦਾ ਹੈ।

ਇਹ ਗਲ ਕਿਸੇ ਪਾਸੋਂ ਛੁੱਪੀ ਹੋਈ ਨਹੀਂ ਕਿ ਨਗਰਪਾਲਿਕਾਵਾਂ, ਵਿਧਾਨ ਸਭਾਵਾਂ, ਲੋਕਸਭਾ ਅਤੇ ਰਾਜਸਭਾ ਤਕ ਦੀਆਂ ਚੋਣਾਂ ਵਿੱਚ, ਹੁਣ ਤਾਂ ਧਾਰਮਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਵੀ ਦੋ-ਨੰਬਰ ਦਾ ਪੈਸਾ ਖੁਲ੍ਹ ਕੇ ਵੰਡਿਆ ਤੇ ਪ੍ਰਚਾਰ ਸਾਧਨਾਂ ਪੁਰ ਖਰਚਿਆ ਜਾਂਦਾ ਹੈ। ਸੁਆਲ ਉਠਦਾ ਹੈ ਕਿ ਕੀ ਰਾਜਸੀ ਪਾਰਟੀਆਂ, ਵਿਸ਼ੇਸ਼ ਕਰਕੇ ਉਨ੍ਹਾਂ ਦੇ ਆਗੂ, ਜੋ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕੱਤ ਕਰਨ ਦੇ ਨਾਂ ਤੇ ਵੱਡੇ-ਵੱਡੇ ਦਾਅਵੇ ਕਰ ਲੋਕਾਂ ਨੂੰ ਗੁਮ-ਰਾਹ ਕਰਦੇ ਰਹਿੰਦੇ ਹਨ, ਆਪਣੇ ਆਪਨੂੰ ਇਮਾਨਦਾਰ ਸਾਬਤ ਕਰਨ ਲਈ, ਆਪੋ-ਆਪਣੀ ਪਾਰਟੀ ਦੇ ਅਜਿਹੇ ਭ੍ਰਿਸ਼ਟਾਚਾਰੀ ਪਾਰਸ਼ਦਾਂ, ਵਿਧਾਇਕਾਂ ਅਤੇ ਸਾਂਸਦਾਂ ਨੂੰ ਪਾਰਟੀ ਵਿਚੋਂ ਕਢ, ਉਨ੍ਹਾਂ ਨੂੰ ਮੈਂਬਰੀਆਂ ਤੋਂ ਅਸਤੀਫੇ ਦੇਣ ਦੀ ਹਿਦਾਇਤ ਦੇਣ ਲਈ ਤਿਆਰ ਹੋਣਗੇ? ਸ਼ਾਇਦ ਨਹੀਂ, ਕਿਉਂਕਿ ਉਨ੍ਹਾਂ ਆਪ ਵੀ ਪਾਰਸ਼ਦ, ਵਿਧਾਇਕ ਜਾਂ ਸਾਂਸਦ ਬਣਨ ਲਈ ਅਜਿਹੇ ਹੀ ਹੱਥਕੰਡੇ ਵਰਤੇ ਹੁੰਦੇ ਹਨ। ਮਤਲਬ ਇਹ ਕਿ ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ। ਕੇਵਲ ਦਿਖਾਵੇ ਦੇ ਹੀ ਦੁੱਧ ਧੋਤੇ ਹੋਣ ਦਾ ਨਾਟਕ ਕਰਦੇ ਰਹਿੰਦੇ ਹਨ।

...ਅਤੇ ਅੰਤ ਵਿੱਚ : ਸੱਚਾਈ ਤਾਂ ਇਹ ਹੈ ਕਿ ਭ੍ਰਿਸ਼ਟਾਚਾਰ-ਮੁਕਤ ਦੇਸ਼ ਜਾਂ ਸਮਾਜ ਦੀ ਸਿਰਜਣਾ ਲਈ ਕਾਨੂੰਨ, ਅਦਾਲਤਾਂ ਜਾਂ ਭੁਖ ਹੜਤਾਲਾਂ ਅਤੇ ਧਰਨਿਆਂ ਨਾਲ ਕੁਝ ਨਹੀਂ ਹੋ ਸਕਦਾ। ਇਸਦੇ ਲਈ ਤਾਂ ਸਮਾਜਕ ਕ੍ਰਾਂਤੀ ਲਿਆਉਣ ਦੀ ਲੋੜ ਹੈ। ਇਸ ਸਮੇਂ ਜਦਕਿ ਦੇਸ਼ ਦਾ ਆਮ ਆਦਮੀ ਭ੍ਰਿਸ਼ਟਾਚਾਰ ਦਾ ਬਹੁਤ ਹੀ ਸਤਾਇਆ ਹੋਇਆ ਹੈ ਤੇ ਇਸਤੋਂ ਮੁਕੱਤੀ ਹਾਸਲ ਕਰਨ ਲਈ ਤਰਲੋ-ਮੱਛੀ ਹੋ ਰਿਹਾ ਹੈ। ਜੇ ਆਮ ਆਦਮੀ ਦੀ ਇਸ ਸ਼ਕਤੀ ਨੂੰ ਜਥੇਬੰਦ ਕੀਤੇ ਜਾਣ ਦਾ ਕੋਈ ਬਾਨ੍ਹਣੂ ਬੰਨ੍ਹਿਆ ਜਾ ਸਕੇ ਤਾਂ ਇਸਦੇ ਬਹੁਤ ਹੀ ਸਾਰਥਕ ਨਤੀਜੇ ਸਾਹਮਣੇ ਆ ਸਕਦੇ ਹਨ।

# ਸਿੱਖ ਧਰਮ ਉਤੇ ਸਿਆਸਤ ਦਾ ਪ੍ਰਭਾਵ

–ਭਾਈ ਅਸ਼ੋਕ ਸਿੰਘ ਬਾਗੜੀਆਂ

ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਖਿਲਾਫ ਪੰਥ ਪ੍ਰਵਾਨਤ ਅਰਦਾਸ ਦੀ ਨਕਲ ਦੀ ਪੇਸ਼ਕਾਰੀ ਸਮੇਂ ਮੌਜੂਦ ਰਹਿਣ ਉੱਤੇ ਇਤਰਾਜ਼ ਨਾ ਕਰਨ ਦਾ ਜੋ ਦੋਸ਼ ਲੱਗਿਆ ਹੈ, ਉਸ ਦਾ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੁਣਾਇਆ ਗਿਆ ਤੇ ਮਲੂਕਾ ਨੇ ਇਸ ਹੁਕਮ ਨੂੰ ਬਤੌਰ ਸਿੱਖ ਖਿੜੇ ਮੱਥੇ ਪ੍ਰਵਾਨ ਕਰਕੇ ਅੰਤ ਆਪਣੀ ਭੁੱਲ ਬਖਸ਼ਵਾ ਲਈ। ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਉੱਤੇ ਕੋਈ ਰਾਏਜ਼ਨੀ ਦੀ ਲੋੜ ਨਹੀਂ ਤੇ ਨਾ ਇਜਾਜ਼ਤ ਹੈ, ਪਰ ਅਰਦਾਸ ਦਾ ਮਸਲਾ ਜਿਸ ਤਰ੍ਹਾਂ ਅਖਬਾਰਾਂ ਵਿੱਚ ਛਪਿਆ ਹੈ, ਉਹ ਜ਼ਰੂਰ ਬਾਰੀਕ ਘੋਖ ਮੰਗਦਾ ਹੈ। ਖਬਰਾਂ ਮੁਤਾਬਕ ਰਾਮਪੁਰਾ ਫੂਲ ਵਿੱਚ ਸਿਕੰਦਰ ਸਿੰਘ ਮਲੂਕਾ ਦੇ ਚੋਣ ਦਫਤਰ ਦੇ ਉਦਘਾਟਨ ਲਈ ਅਕਾਲੀ ਸਰਕਾਰ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ ਆਪਣੀ ਧਾਰਮਿਕ ਰਸਮ ਕੀਤੀ। ਜੋ ਅਰਦਾਸ ਉਥੇ ਹੋਈ, ਉਹ ਪੁਜਾਰੀ ਨੇ ਕੀਤੀ। ਇਸ ਇਕੱਠ ਵਿੱਚ ਮਲੂਕਾ ਤੋਂ ਇਲਾਵਾ ਹੋਰ ਵੀ ਕਾਫੀ ਗਿਣਤੀ ਵਿੱਚ ਸਿੱਖ ਪਤਵੰਤੇ ਸਨ, ਜਿਨ੍ਹਾਂ ਵਿੱਚ ਇਕ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਾ ਨਾਂ ਆਉਂਦਾ ਹੈ। ਅਜਿਹੇ ਹਾਲਾਤ ਵਿੱਚ ਇਕੱਲੇ ਮਲੂਕਾ ਨੂੰ ਦੋਸ਼ੀ ਕਰਾਰ ਦੇਣਾ ਕਿੱਥੋਂ ਤੱਕ ਸਹੀ ਹੈ? ਜੋ ਸਵਾਲ ਮੈਂ ਵਿਚਾਰਨ ਯੋਗ ਸਮਝਦਾ ਹਾਂ, ਉਹ ਇਹ ਹੈ ਕਿ ਸਿਕੰਦਰ ਸਿੰਘ ਮਲੂਕਾ ਉਥੋਂ ਅਰਦਾਸ ਦੀ ਅਵੱਗਿਆ ਦੇਖਦੇ ਹੋਏ ਜੇ ਆਵਾਜ਼ ਉਠਾਉਂਦੇ ਜਾਂ ਰੋਸ ਵਜੋਂ ਬਤੌਰ ਸਿੱਖ ਬਾਹਰ ਹੋ ਜਾਂਦੇ ਤਾਂ ਅੱਜ ਦੇ ਸਿਆਸੀ ਰਲਗੱਡ ਕਾਰਨ ਭਾਜਪਾ ਅਤੇ ਅਕਾਲੀ ਸਿਆਸੀ ਗੱਠਜੋੜ ਦੀ ਗਲਵੱਕੜੀ ਢਿੱਲੀ ਪੈਣ ਦਾ ਖਤਰਾ ਹੋ ਜਾਣਾ ਸੀ। ਇਥੇ ਇਹ ਸਪੱਸ਼ਟ ਹੈ ਕਿ ਮਲੂਕਾ ਨੇ ਇਕ ਗੁਰਸਿੱਖ ਹੋਣ ਦੀ ਬਜਾਏ ਇਕ ਲੋੜਵੰਦ ਸਿਆ-ਸਤਦਾਨ ਹੋਣ ਨੂੰ ਤਰਜੀਹ ਦਿੱਤੀ। ਇਹ ਸਿਆਸੀ ਕਦਮ ਚੁੱਕ ਕੇ ਉਨ੍ਹਾਂ ਨੇ ਬਤੌਰ ਸਿੱਖ ਸਜ਼ਾ ਕਬੂਲ ਕਰਨ ਨੂੰ ਜ਼ਿਆਦਾ ਠੀਕ ਸਮਝਿਆ।

ਇਹ ਇਕ ਸੰਕੇਤਕ ਘਟਨਾ ਹੈ ਕਿ ਕਿਸ ਤਰ੍ਹਾਂ ਸਿਆਸਤ ਸਾਡੇ ਧਰਮ, ਵਿਚਾਰਧਾਰਾ, ਵਿਹਾਰ ਅਤੇ ਅਸੂਲਾਂ ਉਤੇ ਭਾਰੂ ਹੋ ਰਹੀ ਹੈ। ਸਿਆਸਤ ਲਈ ਗੁਰੂ ਨੂੰ ਪਿੱਛੇ ਧੱਕ ਕੇ ਸਿਆਸੀ ਲਾਭ ਲੈਣ ਦੀ ਕੋਈ ਕਸਰ ਨਹੀਂ ਛੱਡੀ ਜਾਂਦੀ। ਪਹਿਲਾਂ ਹੀ ਇਸ ਸਰਕਾਰ ਦੇ ਰਾਜ ਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜੋ ਮਾਮਲੇ ਹੋਏ, ਉਨ੍ਹਾਂ ਸਬੰਧੀ ਕੋਈ ਦੋਸ਼ੀ ਗ੍ਰਿਫਤਾਰ ਨਾ ਹੋਣਾ ਸਿੱਖ ਮਨਾਂ ਨੇ ਅਜੇ ਤੱਕ ਨਹੀਂ ਕਬੂਲਿਆ। ਅਗਲੀ ਗੱਲ ਇਹ ਕਿ ਅਰਦਾਸ ਨਾਲ ਜੋ ਛੇੜਖਾਨੀ ਹੋਈ, ਇਹ ਗੈਰ ਸਿੱਖਾਂ ਨੇ ਸਿੱਖਾਂ ਵਿੱਚ ਖੜੋ ਕੇ ਕੀਤੀ, ਪਰ ਜੋ ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਅਰਦਾਸ ਨੂੰ ਇਸ ਤਰੀਕੇ ਨਾਲ ਬਦਲਦੇ ਹਨ ਕਿ ਜਿਥੇ ਸਿੱਖ ਸਿਧਾਂਤ ਹੀ ਬਦਲ ਗਿਆ ਹੈ, ਉਸ ਉਪਰ ਕਦੇ ਕੋਈ ਹੀਲ ਹੁੱਜਤ ਨਹੀਂ ਹੋਈ। ਉਂਜ ਸਿੱਖ ਅਰਦਾਸ ਵਿੱਚ ਸਿੱਖ ਸਿਧਾਂਤ ਉਲਟਾ ਦੇਣਾ ਸਾਡੇ ਸਿਆਸੀ ਧਾਰਮਿਕ ਆਗੂ ਸਵੀਕਾਰ ਕਰੀ ਜਾ ਰਹੇ ਹਨ। ਪੰਥ ਪ੍ਰਵਾਨਿਤ ਅਰਦਾਸ ਵਿੱਚ ਸ਼ਬਦ ਹਨ 'ਪੰਜ ਪਿਆਰੇ, ਚਾਰ ਸਾਹਿਬਜ਼ਾਦੇ', ਜਿਸ ਦਾ ਮਨੋਰਥ ਇਹ ਸਮਝ ਆਉਂਦਾ ਹੈ ਕਿ ਸਿੱਖ ਧਰਮ ਵਿੱਚ ਸੰਗਤ ਦਾ ਦਰਜਾ ਪਰਵਾਰ ਤੋਂ ਪਹਿਲਾਂ ਹੈ। ਇਸ ਦੀ ਮਿਸਾਲ ਸਾਨੂੰ ਦਸਮੇਸ਼ ਪਿਤਾ ਦੇ ਉਸ ਦੁਖਦਾਈ ਸਮੇਂ ਤੋਂ ਮਿਲਦੀ ਹੈ ਜਦੋਂ ਉਹ ਆਪਣੇ ਪਿਆਰਿਆਂ ਨਾਲ ਆਪਣੇ ਸਹਿਬਜ਼ਾਦਿਆਂ ਦੀਆਂ ਮ੍ਰਿਤਕ ਦੇਹਾਂ ਇਕ ਬਰਾਬਰ ਮੰਨ ਕੇ ਮਾਛੀਵਾੜੇ ਤੋਂ ਰਵਾਨਾ ਹੋਏ। ਸਾਹਿਬਜ਼ਾਦਿਆਂ ਨੂੰ ਬਾਕੀ ਸਿੱਖਾਂ ਨਾਲੋਂ ਉਚਾ ਜਾਂ ਵੱਖਰਾ ਨਹੀਂ ਸਮਝਿਆ। ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਨੇ ਆਪਣੇ ਵਾਰਸ ਬਣਾਉਣ ਸਮੇਂ ਆਪਣੇ ਪਰਵਾਰ ਨੂੰ ਕਿਤੇ ਤਰਜੀਹ ਨਹੀਂ ਦਿੱਤੀ। ਲਿਆਕਤ ਅਤੇ ਕਾਬਲੀਅਤ, ਸ਼ਰਧਾ ਨੂੰ ਸਿਰਮੌਰ ਰੱਖਿਆ, ਪਰ ਜੋ ਅਰਦਾਸ ਹੁਣ ਸਿੱਖਾਂ ਦੇ ਇਕ ਵਰਗ ਵੱਲੋਂ ਕੀਤੀ ਜਾਂਦੀ ਹੈ, ਉਸ ਵਿੱਚ 'ਚਾਰ ਸਾਹਿਬਜ਼ਾਦੇ, ਪੰਜ ਪਿਆਰੇ' ਕਹੇ ਜਾਂਦੇ ਹਨ। ਇਹ ਪੰਥ ਪ੍ਰਵਾਨਿਤ ਅਰਦਾਸ ਦੀ ਵੀ ਅਵੱਗਿਆ ਹੈ ਅਤੇ ਸਿੱਖ ਸਿਧਾਂਤ ਦੀ ਵੀ।

ਪਿੱਛੇ ਜਿਹੇ ਪੀ ਟੀ ਸੀ ਤੋਂ ਇਕ ਦਸਤਾਵੇਜ਼ੀ ਕਲਿੱਪ ਦੇਖੀ, ਜਿਸ ਵਿੱਚ ਪਤਾਲਪੁਰੀ ਫੂਲ ਤਾਰਦੇ ਦਿਖਾਏ ਗਏ ਤੇ ਅਰਦਾਸ ਹੋਈ, ਜਦੋਂ ਕਿ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿੱਚ ਇਸ ਗੱਲ ਦੀ ਇਕ ਸਿੱਖ ਨੂੰ ਸਖਤ ਮਨਾਹੀ ਹੈ। ਰਹਿਤ ਮਰਿਯਾਦਾ ਕਹਿੰਦੀ ਹੈ, 'ਅੰਗੀਠੇ ਵਿੱਚੋਂ ਫੁਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਵਿੱਚ ਜਾ ਕੇ ਪਾਉਣੇ ਮਨਮੱਤ ਹੈ' (ਪੰਨਾ 26) ਅਜਿਹੀਆਂ ਇੱਕਾ ਦੁੱਕਾ ਘਟਨਾਵਾਂ ਨੂੰ ਵੱਖ ਕਰਕੇ ਨਹੀਂ ਵਿਚਾਰਿਆ ਜਾ ਸਕਦਾ। ਇਨ੍ਹਾਂ ਨੂੰ ਸਮੂਹਿਕ ਤੌਰ 'ਤੇ ਵਿਚਾਰ ਕੇ ਇਸ ਦਾ ਜੋ ਅਸਰ ਸਿੱਖ ਧਰਮ ਤੇ ਸਿੱਖ ਸਮਾਜ ਉਤੇ ਹੋ ਰਿਹਾ ਹੈ, ਉਸ ਨੂੰ ਦੇਖਿਆ ਤੇ ਸਮਝਿਆ ਜਾ ਸਕਦਾ ਹੈ। ਇਸ ਦੇ ਨਾਲ ਸਿਆਸਤ ਦੀ ਸਿੱਖ ਧਰਮ ਵਿੱਚ ਦਖਲ ਅੰਦਾਜ਼ੀ ਦਾ ਜੋ ਪ੍ਰਭਾਵ ਦਿੱਸਣ ਲੱਗ ਗਿਆ ਹੈ, ਇਸ ਨੂੰ ਵੱਡੇ ਸੰਦਰਭ ਵਿੱਚ ਇਕ ਵੱਡੀ ਚਿੰਤਾ ਵਜੋਂ ਸੰਜੀਦਗੀ ਨਾਲ ਵਿਚਾਰਨਾ ਅੱਜ ਸਿੱਖਾਂ ਦੀ ਸਭ ਤੋਂ ਵੱਡੀ ਲੋੜ ਬਣ ਗਿਆ ਹੈ। ਆਨੰਦ-ਪੁਰ ਸਾਹਿਬ ਮਤਾ, ਜਿਸ ਵਿੱਚ ਹਿੰਦੁਸਤਾਨ ਤੇ ਸਿਆਸੀ ਢਾਂਚੇ ਅੰਦਰ ਰਹਿ ਕੇ ਸਿੱਖਾਂ ਦੀ ਆਪਣੀ ਕਲਚਰ, ਜ਼ੁਬਾਨ ਅਤੇ ਧਰਮ ਵਾਸਤੇ ਕੁਝ ਸਹੂਲਤਾਂ ਦੀ ਮੰਗ ਕੀਤੀ ਗਈ ਸੀ, ਵੀ ਅੱਜ ਸਿਆਸੀ ਗੱਠਜੋੜ ਦੇ ਕੁਰਬਾਨ ਚੜ੍ਹ ਗਿਆ ਹੈ। ਪੰਜਾਬੀ ਸੂਬਾ ਇਕ ਭਾਸ਼ਾਈ ਸੂਬਾ ਹੋਣਾ ਚਾਹੀਦਾ ਸੀ, ਉਸ ਵਿੱਚ ਪੰਜਾਬੀ ਨੂੰ ਉਸ ਦੀ ਬਣਦੀ ਜਗ੍ਹਾ ਅਜੇ ਤੱਕ ਨਹੀਂ ਮਿਲੀ। ਪੰਜਾਬ ਦੀ ਮੁਖਾਲਫਤ ਇਥੋਂ ਤੱਕ ਵੱਧ ਗਈ ਕਿ ਅਕਾਲੀ ਦਲ ਦੀ ਭਾਈਵਾਲ ਪਾਰਟੀ ਗੁਆਂਢੀ ਸੂਬੇ ਵਿੱਚ ਪੰਜਾਬੀ ਖਿਲਾਫ ਮੋਰਚਾ ਲਾਉਣ ਵਾਲਿਆਂ ਨੂੰ ਫਰੀਡਮ ਫਾਈਟਰ ਦਾ ਦਰਜਾ ਦੇਣ ਨੂੰ ਉਤਾਵਲੀ ਹੈ। ਮੌਜੂਦਾ ਸਿਆਸੀ ਮਾਹੌਲ ਵਿੱਚ ਘੱਟ ਗਿਣਤੀਆਂ ਅਤੇ ਸੂਬਾਈ ਜ਼ੁਬਾਨ ਕਲਚਰ ਨੂੰ ਆਪਣੀ ਜਗ੍ਹਾ ਮਹਿਫੂਜ਼ ਰੱਖਣ ਲਈ ਬਹੁਤ ਸੰਜੀਦਾ ਅਤੇ ਚੌਕੰਨੇ ਹੋ ਕੇ ਰਾਖੀ ਕੀਤੀ ਜਾਣੀ ਚਾਹੀਦੀ ਹੈ।

# ਰਸੋਈ - ਲੱਛਾ ਪਰੌਂਠਾ



ਸਮੱਗਰੀ-ਕਣਕ ਦਾ ਆਟਾ ਚਾਰ ਕੱਪ, ਧਨੀਆ ਪਾਊਡਰ ਦੋ ਛੋਟੇ ਚਮਚ, ਜੀਰਾ ਇੱਕ ਛੋਟਾ ਚਮਚ, ਨਮਕ ਇੱਕ ਛੋਟਾ ਚਮਚ, ਲਾਲ ਮਿਰਚ ਪਾਊਡਰ ਇੱਕ ਚੌਥਾਈ ਛੋਟਾ ਚਮਚ, ਗਰਮ ਮਸਾਲਾ ਇੱਕ ਚੌਥਾਈ ਛੋਟਾ ਚਮਚ, ਅਮਚੂਰ ਪਾਊਡਰ ਅੱਧਾ ਛੋਟਾ ਚਮਚ, ਘਿਓ ਜਾਂ ਤੇਲ ਪਰੌਂਠੇ ਸੇਕਣ ਲਈ।

ਤਰੀਕਾ- ਆਟੇ 'ਚ ਨਮਕ ਅਤੇ ਇੱਕ ਵੱਡਾ ਚਮਚ ਤੇਲ ਪਾ ਕੇ ਨਰਮ ਆਟਾ ਗੁੰਨ੍ਹ ਲਓ। ਹੁਣ ਗੁੰਨ੍ਹੇ ਹੋਏ ਆਟੇ ਨੂੰ ਸੈੱਟ ਹੋਣ ਲਈ 20 ਮਿੰਟ ਤੱਕ ਢੱਕ ਕੇ ਰੱਖ ਦਿਓ। ਇੱਕ ਪਲੇਟ ਵਿੱਚ ਧਨੀਆ ਪਾਊਡਰ, ਜੀਰਾ, ਨਮਕ, ਲਾਲ ਮਿਰਚ ਪਾਊਡਰ, ਗਰਮ ਮਸਾਲਾ ਅਤੇ ਅਮਚੂਰ ਪਾਊਡਰ ਕੱਢ ਕੇ ਚਮਚ ਨਾਲ ਮਿਲਾ ਲਓ। ਹੁਣ ਗੁੰਨ੍ਹੇ ਹੋਏ ਆਟੇ ਨੂੰ ਹੱਥ 'ਤੇ ਥੋੜ੍ਹਾ ਜਿਹਾ ਤੇਲ ਲਾ ਕੇ ਮਲਦੇ ਹੋਏ ਚਿਕਨਾ ਕਰ ਕੇ ਰੱਖ ਲਓ। ਫਿਰ ਆਟੇ ਨਾਲ ਉਂਗਲੀਆਂ ਦੀ ਸਹਾਇਤਾ ਨਾਲ ਇੱਕ ਮੀਡੀਅਮ ਆਕਾਰ ਦੇ ਅਮਰੂਦ ਦੇ ਬਰਾਬਰ ਆਟਾ ਤੋੜ ਲਓ ਅਤੇ ਗੋਲ ਕਰ ਕੇ ਲੋਈ ਬਣਾ ਲਓ। ਇਸ ਲੋਈ ਨੂੰ ਸੁੱਕੇ ਆਟੇ ਵਿੱਚ ਲਪੇਟ ਕੇ ਅੱਠ-10 ਇੰਚ ਦੇ ਵਿਆਸ ਵਿੱਚ ਵੇਲੋ ਅਤੇ ਵੇਲੇ ਹੋਏ ਪਰੌਂਠੇ 'ਤੇ ਚਮਚ ਨਾਲ ਇੱਕ ਛੋਟਾ ਚਮਚ ਘਿਓ ਜਾਂ ਤੇਲ ਲਾਓ। ਫਿਰ ਇਸ 'ਤੇ ਅੱਧਾ ਛੋਟਾ ਚਮਚ ਮਸਾਲਾ ਛਿੜਕ ਕੇ ਫੈਲਾਅ ਦਿਓ। ਵੇਲੇ ਹੋਏ ਪਰੌਂਠੇ ਨੂੰ ਰੋਲ ਲਓ। ਇਸ ਰੋਲ ਨੂੰ ਇੱਕ-ਦੋ ਵਾਰ ਵੇਲਣੇ ਨਾਲ ਵੇਲ ਕੇ ਚਪਟਾ ਕਰ ਲਓ। ਹੁਣ ਇਸ ਵੇਲੇ ਹੋਏ ਪਰੌਂਠੇ ਨੂੰ ਫਿਰ ਰੋਲੋ ਕਰੋ। ਹੱਥ ਨਾਲ ਦਬਾ ਕੇ ਲੋਈ ਦੀ ਤਰ੍ਹਾਂ ਹੀ ਕਰ ਲਓ।

ਲੋਈ ਨੂੰ ਸੁੱਕੇ ਆਟੇ ਵਿੱਚ ਲਪੇਟ ਕੇ ਚਕਲੇ 'ਤੇ ਰੱਖੋ ਅਤੇ 8-10 ਇੰਚ ਵਿਆਸ ਦਾ ਗੋਲ ਪਰੌਂਠਾ ਵੇਲੋ। ਹੁਣ ਇਸ ਵੇਲੇ ਹੋਏ ਪਰੌਂਠੇ ਨੂੰ ਤਵੇ 'ਤੇ ਪਾ ਕੇ ਹੌਲੀ ਸੇਕੋ 'ਤੇ ਦੋਵੇਂ ਪਾਸੇ ਬਰਾਊਨ ਹੋਣ ਤੱਕ ਸੇਕੋ। ਇਸੇ ਤਰ੍ਹਾਂ ਸਾਰੇ ਪਰੌਂਠੇ ਤਿਆਰ ਕਰ ਲਓ। ਗਰਮਾ-ਗਰਮ ਲੱਛਾ ਪਰੌਂਠੇ ਕਿਸੇ ਵੀ ਦਾਲ ਜਾਂ ਸਬਜ਼ੀ ਦਹੀਂ ਅਤੇ ਚਟਣੀ ਨਾਲ ਪਰੋਸੋ ਅਤੇ ਖਾਓ।


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ


ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜੂਲ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਕੈਨੇਡੀਅਨਾਂ ਦੇ ਅਮਰੀਕਨ ਬਾਰਡਰ ਉੱਤੇ ਖੁਰਦੇ ਜਾਂਦੇ ਵਿਕਲਪ

ਅਮਰੀਕਾ ਅਤੇ ਕੈਨੇਡਾ ਦੋਵਾਂ ਮੁਲਕਾਂ ਨੇ ਦੋ ਕੁ ਮਹੀਨੇ ਪਹਿਲਾਂ ਇੱਕ ਪ੍ਰੀ-ਕਲੀਅਰੈਂਸ ਐਗਰੀਮੈਂਟ ਉੱਤੇ ਦਸਤਖਤ ਕੀਤੇ ਜਿਸਦਾ ਮੁੱਖ ਮਨੋਰਥ ਦੋਵਾਂ ਮੁਲਕਾਂ ਦਰਮਿਆਨ ਟਰੇਡ ਅਤੇ ਪਬਲਿਕ ਦੀ ਆਵਾਜਾਈ ਨੂੰ ਸੁਖਾਲਾ ਬਣਾਉਣਾ ਹੈ। ਇਸ ਐਗਰੀਮੈਂਟ ਬਾਰੇ ਜਾਣਕਾਰੀ ਵਧੇਰੇ ਸਪੱਸ਼ਟ ਰੂਪ ਵਿੱਚ ਮਿਲਣ ਤੋਂ ਬਾਅਦ ਮਨੁੱਖੀ ਅਧਿਕਾਰ ਅਤੇ ਇੰਮੀਗਰੇਸ਼ਨ ਵਕੀਲਾਂ ਵੱਲੋਂ ਤੌਖਲੇ ਜਾਰੀ ਕੀਤੇ ਜਾਣ ਲੱਗੇ ਹਨ ਕਿ ਇਸ ਇਕਰਾਰਨਾਮੇ ਦੇ ਸਿੱਟੇ ਵਜੋਂ ਕੈਨੇਡੀਅਨ ਸਿਟੀਜ਼ਨਾਂ ਦੇ ਹੱਕ ਕਮਜ਼ੋਰ ਹੋਏ ਹਨ।

ਜਾਣਕਾਰੀ ਲਈ ਦੱਸਣਾ ਬਣਦਾ ਹੈ ਕਿ ਅਮਰੀਕਾ-ਕੈਨੇਡਾ ਦਰਮਿਆਨ ਪ੍ਰੀ-ਕਲੀਅਰੈਂਸ ਉਹ ਪ੍ਰਕਿਰਿਆ ਹੈ ਜਿਸ ਅਨੁਸਾਰ ਇੱਕ ਮੁਲਕ ਦੇ ਕਸਟਮ ਅਤੇ ਇੰਮੀਗਰੇਸ਼ਨ ਅਧਿਕਾਰੀ ਦੂਜੇ ਦੇਸ਼ ਅੰਦਰ ਦਾਖ਼ਲ ਹੋ ਕੇ ਯਾਤਰੀਆਂ ਅਤੇ ਵਸਤਾਂ ਦੇ ਆਪਣੇ ਮੁਲਕ ਅੰਦਰ ਦਾਖਲਾ ਹੋਣ ਜਾਂ ਨਾ ਹੋਣ ਬਾਰੇ ਫੈਸਲਾ ਕਰ ਸਕਦੇ ਹਨ। ਅਮਰੀਕਾ 1952 ਤੋਂ ਹੀ ਇੱਕ ਜਾਂ ਦੂਜੀ ਸੰਧੀ ਤਹਿਤ ਕੈਨੇਡਾ ਅੰਦਰ ਪ੍ਰੀਕਲੀਅਰੈਂਸ ਕਰਦਾ ਆਇਆ ਹੈ। ਵਰਤਮਾਨ ਵਿੱਚ ਕੈਲਗਰੀ, ਐਡਮਿੰਟਨ, ਹੈਲੀਫੈਕਸ, ਮੌਂਟਰੀਅਲ, ਓਟਾਵਾ, ਪੀਅਰਸਨ ਟੋਰਾਂਟੋ ਅਤੇ ਵਿੱਨੀਪੈਗ ਏਅਰਪੋਰਟਾਂ ਅੰਦਰ ਅਮਰੀਕਾ ਵੱਲੋਂ ਪ੍ਰੀ-ਕਲੀਅਰੈਂਸ ਸੁਵਿਧਾਵਾਂ ਕਾਇਮ ਕੀਤੀਆਂ ਹੋਈਆਂ ਹਨ। ਦੂਜੇ ਪਾਸੇ ਕੈਨੇਡਾ ਵੱਲੋਂ ਅਮਰੀਕਾ ਅੰਦਰ ਪ੍ਰੀ-ਕਲੀਅਰੈਂਸ ਸੁਵਿਧਾ ਪੈਦਾ ਕਰਨ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ। ਅਮਰੀਕਾ ਨੇ ਆਇਰਲੈਂਡ, ਬਾਹਮਾਸ ਅਬੂ-ਧਾਬੀ, ਯੂਨਾਈਟਡ ਅਰਬ ਐਮੀਰਾਤ ਅਤੇ ਕੈਨੇਡਾ ਸਮੇਤ 6 ਮੁਲਕਾਂ ਵਿੱਚ ਪ੍ਰੀ-ਕਲੀਅਰੈਂਸ ਸੁਵਿਧਾਵਾਂ ਕਾਇਮ ਕੀਤੀਆਂ ਹੋਈਆਂ ਹਨ।

ਮਾਹਰਾਂ ਦਾ ਖਿਆਲ ਹੈ ਕਿ ਇਸ ਸਾਲ ਹੋਈ ਨਵੀਂ ਸੰਧੀ ਨੇ ਕੈਨੇਡੀਅਨ ਸਿਟੀਜ਼ਨਾਂ ਦੇ ਅਧਿਕਾਰ ਕਾਫੀ ਸੀਮਤ ਕਰ ਦਿੱਤੇ ਹਨ। ਮਿਸਾਲ ਵਜੋਂ ਇਸ ਸੰਧੀ ਤੋਂ ਪਹਿਲਾਂ ਜੇ ਕੋਈ ਕੈਨੇਡੀਅਨ ਅਮਰੀਕਾ ਜਾਣ ਲਈ ਪ੍ਰੀ-ਕਲੀਅਰੈਂਸ ਸੁਵਿਧਾ ਵਿੱਚ ਦਾਖ਼ਲ ਹੁੰਦਾ ਹੈ ਅਤੇ ਅਮਰੀਕਾ ਬਾਰਡਰ ਸੁਰੱਖਿਆ ਏਜੰਟ ਪੁੱਛਗਿੱਛ ਲਈ ਰੋਕਦੇ ਸਨ ਤਾਂ ਤੁਹਾਡੀ ਇੱਛਾ ਹੁੰਦੀ ਸੀ ਕਿ ਤੁਸੀਂ ਅਮਰੀਕਾ ਜਾਣ ਤੋਂ ਮਨਾ ਕਰਕੇ ਆਪਣੇ ਘਰ ਆ ਜਾਵੋਂ। ਅਮਰੀਕਾ ਬਾਰਡਰ ਏਜੰਟਾਂ ਦੇ ਰੁੱਖੇਪਣ ਅਤੇ ਅਮਰੀਕਾ ਕਨੂੰਨਾਂ ਦੀ ਸਖ਼ਤਾਈ ਬਾਰੇ ਸਾਰੇ ਜਾਣਦੇ ਹੀ ਹਨ। ਨਵੀਂ ਸੰਧੀ ਮੁਤਾਬਕ ਤੁਹਾਡੇ ਕੈਨੇਡਾ ਦੀ ਧਰਤੀ ਉੱਤੇ ਹੀ ਹੋਣ ਦੇ ਬਾਵਜੂਦ ਜੇ ਤੁਸੀਂ ਅਮਰੀਕਨ ਸੁਰੱਖਿਆ ਅਧਿਕਾਰੀਆਂ ਤੋਂ ਨਾਖੁਸ਼ ਹੋ ਅਤੇ ਅਮਰੀਕਾ ਨਾ ਜਾਣ ਦਾ ਫੈਸਲਾ ਕਰਦੇ ਹੋ ਤਾਂ ਹੁਣ ਤੁਸੀਂ ਅਜਿਹਾ ਨਹੀਂ ਕਰ ਸਕਦੇ। ਇਸ ਸੰਧੀ ਤੋਂ ਪਹਿਲਾਂ ਤੁਹਾਨੂੰ ਕੋਕੇਨ ਵਰਗੇ ਨਸ਼ੇ, ਅਤਿਵਾਦ ਵਿੱਚ ਸ਼ਾਮਲ ਹੋਣ ਦੀ ਸ਼ੱਕ ਦੀ ਬਿਨਾ ਉੱਤੇ ਰੋਕਿਆ ਜਾ ਸਕਦਾ ਸੀ, ਪਰ ਹੁਣ ਤੁਹਾਨੂੰ ਕਿਸੇ ਵੀ ਤਰਾਂ ਦੇ ਸ਼ੱਕ ਦੀ ਬੁਨਿਆਦ ਉੱਤੇ ਰੋਕਿਆ ਜਾ ਸਕਦਾ ਹੈ।

ਨਵੀਂ ਸੰਧੀ ਵਿੱਚ ਇਹ ਮੱਦ ਵੀ ਮੌਜੂਦ ਹੈ ਕਿ ਪ੍ਰੀ-ਕਲੀਅਰੈਂਸ ਖੇਤਰ ਵਿੱਚ ਕੰਮ ਕਰਨ ਵਾਲਾ ਅਧਿਕਾਰੀ ਜੇ ਤੁਹਾਡੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਤੁਹਾਡੇ ਵੱਲੋਂ ਉਸ ਵਿਰੁੱਧ ਕੈਨੇਡੀਅਨ ਚਾਰਟਰ ਜਾਂ ਕਿਸੇ ਹੋਰ ਕਨੂੰਨ ਤਹਿਤ ਚਾਰਾਜੋਈ ਨਹੀਂ ਕੀਤੀ ਜਾ ਸਕਦੀ। ਇਸਦੇ ਉਲਟ ਪ੍ਰੀ-ਕਲੀਅਰੈਂਸ ਖੇਤਰ ਵਿੱਚ ਕੰਮ ਕਰਨ ਵਾਲੇ ਅਮਰੀਕੀ ਅਧਿਕਾਰੀਆਂ ਨਾਲ ਝੂਠ ਬੋਲਣ ਜਾਂ ਕਿਸੇ ਸ਼ੱਕ ਦੀ ਬੁਨਿਆਦ ਉੱਤੇ ਤੁਹਾਨੂੰ 5000 ਹਜ਼ਾਰ ਡਾਲਰ ਦਾ ਜੁਰਮਾਨਾ ਅਤੇ 2 ਸਾਲ ਦੀ ਕੈਦ ਵੀ ਹੋ ਸਕਦੀ ਹੈ। ਜੇ ਕੋਈ ਕੈਨੇਡੀਅਨ ਬਾਰਡਰ ਅਧਿਕਾਰੀ ਕਿਸੇ ਵੇਲੇ ਮੌਜੂਦ ਨਾ ਹੋਵੇ ਤਾਂ ਅਮਰੀਕੀ ਅਧਿਕਾਰੀ ਕੈਨੇਡੀਅਨ ਸਿਟੀਜ਼ਨ ਦੀ ਬਾਡੀ-ਸਰਚ ਕਰਨ ਦਾ ਵੀ ਹੱਕ ਰੱਖਦੇ ਹਨ।

ਕੈਨੇਡਾ ਅਤੇ ਅਮਰੀਕਾ ਦੇ ਵੱਖੋ ਵੱਖਰੇ ਬਾਰਡਰਾਂ ਰਾਹੀਂ ਰੋਜ਼ਾਨਾ ਢਾਈ ਬਿਲੀਅਨ ਡਾਲਰ ਦੀਆਂ ਵਸਤਾਂ ਅਤੇ 40 ਹਜ਼ਾਰ ਤੋਂ ਵੱਧ ਯਾਤਰੀ ਗੁਜ਼ਰਦੇ ਹਨ। ਪਬਲਿਕ ਅਤੇ ਟਰੇਡ ਦੀ ਆਵਾਜ਼ਾਈ ਦੋਵਾਂ ਪਾਸਿਆਂ ਲਈ ਮਹੱਤਵਪੂਰਣ ਹੈ ਪਰ ਇੱਕ ਮੁਲਕ ਦੀ ਸੱਤਾ ਦਾ ਦੂਜੇ ਨਾਲੋਂ ਘੱਟ ਹੋਣਾ ਇੱਕ ਖਤਰਨਾਕ ਰੁਝਾਨ ਹੈ। ਇਸ ਰੁਝਾਨ ਦੀ ਸ਼ੁਰੂਆਤ ਤਾਂ 2015 ਵਿੱਚ ਸਟੀਫਨ ਹਾਰਪਰ ਦੇ ਰਾਜਕਾਲ ਦੌਰਾਨ ਹੋ ਗਈ ਸੀ ਪਰ 2017 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕਰ ਦਿੱਤਾ ਸੀ। ਹਾਲ ਵਿੱਚ ਦਸਤਖਤ ਕੀਤੀ ਸੰਧੀ ਟਰੰਪ-ਟਰੂਡੋ ਸਹਿਮਤੀ ਦਾ ਹੀ ਨਤੀਜਾ ਹੈ। ਇਹ ਗੱਲ ਤਾਂ ਲਗਭੱਟ ਸਪੱਸ਼ਟ ਹੀ ਹੈ ਕਿ ਕੈਨੇਡਾ ਸਰਕਾਰ ਇਸ ਅਸਾਵੇਂਪਣ ਨੂੰ ਦੂਰ ਕਰਨ ਲਈ ਕੁੱਝ ਨਹੀਂ ਕਰ ਸਕੇਗੀ। ਪਰ ਅਮਰੀਕਾ ਵਿਜ਼ਟ ਜਾਂ ਟਰੇਡ ਲਈ ਜਾਣ ਦੇ ਚਾਹਵਾਨ ਕੈਨੇਡੀਅਨਾਂ ਲਈ ਜਰੂਰੀ ਹੈ ਕਿ ਉਹ ਆਪਣੇ ਹੱਕਾਂ ਬਾਰੇ ਸੁਚੇਤ ਰਹਿਣ ਅਤੇ ਲੋੜ ਪੈਣ ਉੱਤੇ ਜਾਣਕਾਰੀ ਰੱਖਣ ਕਿ ਕਾਨੂੰਨੀ ਸਹਾਇਤਾ ਕਿੱਥੋਂ ਅਤੇ ਕਿਵੇਂ ਪ੍ਰਾਪਤ ਕਰਨੀ ਹੈ।

## ਡਿਫੈਂਸ ਚੀਫ ਵਜੋਂ ਵਾਂਸ ਦਾ ਹੋਣਾ ਸਾਡੀ ਖੁਸ਼ਕਿਸਮਤੀ : ਸੱਜਣ

...ਪੰਨਾ 1 ਦਾ ਬਾਕੀ

ਇਸ ਦੌਰਾਨ ਨਵੀਂ ਡਿਫੈਂਸ ਪਾਲਿਸੀ ਤਹਿਤ ਇਰਾਕ, ਮਾਲੀ ਤੇ ਲੈਟਵੀਆ ਵਿੱਚ ਫੌਜੀ ਟੁਕੜੀਆਂ ਨੂੰ ਤਾਇਨਾਤ ਕੀਤਾ ਗਿਆ ਤੇ ਇਸ ਦੇ ਨਾਲ ਹੀ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਖਿਲਾਫ ਆਵਾਜ਼ ਉਠਾਈ ਗਈ ਤੇ ਹੋਰ ਮਹਿਲਾਵਾਂ ਨੂੰ ਭਰਤੀ ਕੀਤੇ ਜਾਣ ਦਾ ਫੈਸਲਾ ਵੀ ਕੀਤਾ ਗਿਆ। ਹਾਲਾਂਕਿ ਇਨ੍ਹਾਂ ਸਾਲਾਂ ਵਿੱਚ ਜਨਰਲ ਵਾਂਸ ਨੂੰ ਵੀ ਆਲੋਚਨਾਂ ਸਹਿਣੀ ਪਈ। 2017 ਵਿੱਚ ਮਾਰਕ ਨੌਰਮਨ ਨੂੰ ਸਸਪੈਂਡ ਕਰਨ ਦਾ ਮੁੱਦਾ ਵੀ ਗਰਮਾਇਆ। ਬਾਅਦ ਵਿੱਚ ਮਾਰਕ ਨੌਰਮਨ, ਜੋ ਕਿ ਰਿਟਾਇਰਡ ਵਾਈਸ ਐਡਮਿਰਲ ਵਜੋਂ ਸੇਵਾ ਮੁਕਤ ਹੋਏ, ਉੱਤੇ ਬ੍ਰੀਚ ਆਫ ਟਰੱਸਟ ਦਾ ਮਾਮਲਾ ਵੀ ਦਰਜ ਹੋਇਆ। ਪਰ ਫਿਰ ਬਾਅਦ ਵਿੱਚ ਇਹ ਮਾਮਲਾ ਰਫਾ ਦਫਾ ਕਰ ਦਿੱਤਾ ਗਿਆ।

## ਗੈਸ ਸਟੇਸ਼ਨਜ਼ ਉੱਤੇ ਹੋਣ ਵਾਲੀ ਹੈਕਿੰਗ ਸਬੰਧੀ ਵੀਜ਼ਾ ਨੇ ਦਿੱਤੀ ਚੇਤਾਵਨੀ

...ਪੰਨਾ 1 ਦਾ ਬਾਕੀ

ਦੇ ਪੁਆਇੰਟ ਆਫ ਸੇਲ (ਪੀਓਐਸ) ਵਿੱਚ ਦਾਖਲ ਹੋ ਜਾਂਦੇ ਹਨ। ਇੱਕ ਵਾਰੀ ਪੀਓਐਸ ਸਿਸਟਮ ਵਿੱਚ ਦਾਖਲ ਹੋਣ ਤੋਂ ਬਾਅਦ ਹਮਲਾਵਰ ਕ੍ਰੈਡਿਟ ਤੇ ਡੈਬਿਟ ਕਾਰਡ ਸਬੰਧੀ ਸਾਰੀ ਜਾਣਕਾਰੀ ਮਿੰਟਾਂ ਵਿੱਚ ਉਦੋਂ ਹਾਸਲ ਕਰ ਲੈਂਦੇ ਹਨ ਜਦੋਂ ਪੰਪਾਂ ਉੱਤੇ ਅਦਾਇਗੀ ਕੀਤੀ ਜਾਂਦੀ ਹੈ।
ਵੀਜ਼ਾ ਦਾ ਕਹਿਣਾ ਹੈ ਕਿ ਗੈਸ ਸਟੇਸ਼ਨ ਇਸ ਲਈ ਅਕਸਰ ਅਜਿਹੇ ਹਮਲਿਆਂ ਦਾ ਸ਼ਿਕਾਰ ਹੁੰਦੇ ਹਨ ਕਿਉਂਕਿ ਇਹ ਆਮ ਤੌਰ ਉੱਤੇ ਸਵਾਈਪ ਓਨਲੀ ਕਾਰਡ ਰੀਡਰਜ਼ ਦੀ ਥਾਂ ਵਧੇਰੇ ਸਕਿਓਰ ਚਿੱਪ ਰੀਡਿੰਗ ਡਿਵਾਈਸਿਜ਼ ਨੂੰ ਬਦਲੀ ਕਰਨ ਵਿੱਚ ਥੋੜ੍ਹੇ ਆਲਸੀ ਹੁੰਦੇ ਹਨ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਤਰ੍ਹਾਂ ਦਾ ਕੋਈ ਹਮਲਾ ਕੈਨੇਡਾ ਵਿੱਚ ਕਿਸੇ ਗੈਸ ਸਟੇਸ਼ਨ ਉੱਤੇ ਹੋਇਆ ਹੈ, ਜਿੱਥੇ ਚਿੱਪ ਰੀਡਰਜ਼ ਅਮਰੀਕਾ ਨਾਲੋਂ ਵਧੇਰੇ ਦੂਰ ਦੂਰ ਤੱਕ ਫੈਲੇ ਹੋਣ। ਵੀਜ਼ਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਹਿਸਾਬ ਨਾਲ ਸਤੰਬਰ ਵਾਲਾ ਹਮਲਾ ਐਫਆਈਐਨ8 ਵੱਲੋਂ ਕੀਤਾ ਗਿਆ ਸੀ। ਇਹ ਅਜਿਹਾ ਗਰੁੱਪ ਹੈ ਜਿਹੜਾ ਰੀਟੇਲ, ਰੈਸਟੋਰੈਂਟ ਤੇ ਹੌਸਪੀਟੈਲਿਟੀ ਸੈਕਟਰਜ਼ ਵਿੱਚ ਵਿੱਤੀ ਲਾਹੇ ਲਈ ਕਾਰੋਬਾਰਾਂ ਨੂੰ ਹੈਕ ਕਰਨ ਦੀ ਕੋਸ਼ਿਸ਼ ਕਰਨ ਲਈ ਜਾਣਿਆ ਜਾਂਦਾ ਹੈ।

## ਨੌਰਥ ਯੌਰਕ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਵਿਅਕਤੀ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਟਰੀਟਮੈਂਟ ਦਿੱਤਾ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਉਨ੍ਹਾਂ ਆਖਿਆ ਕਿ ਅਜੇ ਸਾਡੀ ਜਾਂਚ ਸ਼ੁਰੂ ਹੋਈ ਹੈ ਕਿ ਆਖਿਰਕਾਰ ਇਸ ਵਿਅਕਤੀ ਨੂੰ ਗੋਲੀ ਕਿੱਥੇ ਮਾਰੀ ਗਈ। ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਸ ਨੂੰ ਕਿਤੇ ਹੋਰ ਗੋਲੀ ਮਾਰੀ ਗਈ ਤੇ ਉਹ ਕਿਸੇ ਤਰ੍ਹਾਂ ਇੱਥੇ ਪਹੁੰਚ ਗਿਆ।
ਗੋਟੈੱਲ ਨੇ ਦੱਸਿਆ ਕਿ ਪੁਲਿਸ ਨੇ ਉਸ ਇਲਾਕੇ ਨੂੰ ਘੇਰ ਲਿਆ ਹੈ ਜਿੱਥੇ ਮ੍ਰਿਤਕ ਦੀ ਗੱਡੀ ਪਾਰਕ ਹੋਈ ਮਿਲੀ। ਉਨ੍ਹਾਂ ਆਖਿਆ ਕਿ ਅਸੀਂ ਚਸ਼ਮਦੀਦਾਂ ਦਾ ਪਤਾ ਲਾਉਣ ਲਈ ਵੀ ਇਸ ਇਲਾਕੇ ਵਿੱਚ ਚੌਕਸੀ ਨਾਲ ਕੰਮ ਕਰ ਰਹੇ ਹਾਂ ਤੇ ਵੀਡੀਓ ਫੁਟੇਜ ਵੀ ਚੈੱਕ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਜੇ ਤੱਕ ਕਿਸੇ ਵੀ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਨਵਜੋਤ ਸਿੱਧੂ ਦੇ ਉੱਪ ਮੁੱਖ ਮੰਤਰੀ ਬਣਨ ਦੀ ਸੰਭਾਵਨਾ ਖਤਮ

### * ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਕਾਟਾ ਫੇਰਿਆ

ਜਲੰਧਰ, 15 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਡਿਪਟੀ ਮੁੱਖ ਮੰਤਰੀ ਬਣਾਉਣ ਅਤੇ ਨਵਜੋਤ ਸਿੰਘ ਸਿੱਧੂ ਲਈ ਇਹ ਅਹੁਦਾ ਪੇਸ਼ ਕੀਤੇ ਜਾਣ ਬਾਰੇਪਿਛਲੇ ਕੁਝ ਦਿਨਾਂ ਤੋਂ ਚੱਲਦੀਆਂ ਅਟਕਲਾਂ ਉੱਤੇ ਪੰਜਾਬ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਪੂਰੀ ਤਰ੍ਹਾਂ ਨਾਲ ਰੋਕ ਲਾ ਦਿੱਤੀ ਹੈ।



ਆਲ ਇੰਡੀਆ ਕਾਂਗਰਸ ਦੀ ਜਨਰਲ ਸੈਕਟਰੀ ਤੇ ਪੰਜਾਬ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਅੱਜ ਏਥੇ ਕਿਹਾ ਕਿ ਪੰਜਾਬ ਵਿੱਚ ਡਿਪਟੀ ਮੁੱਖ ਮੰਤਰੀ ਬਣਾਉਣ ਦੇ ਮੁੱਦੇ ਉੱਤੇ ਅਜੇ ਤੱਕ ਕਾਂਗਰਸ ਹਾਈਕਮਾਨ ਨਾਲ ਕੋਈ ਚਰਚਾ ਨਹੀਂ ਹੋਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਇਸ ਬਾਰੇ ਕਾਂਗਰਸ ਲੀਡਰਸ਼ਿਪ ਵਲੋਂ ਕਿਸੇ ਨੇ ਕੋਈ ਗੱਲਬਾਤ ਨਹੀਂ ਕੀਤੀ ਅਤੇ ਨਾ ਪੰਜਾਬ ਵਿੱਚ ਅਜੇ ਇਹੋ ਜਿਹਾ ਕੋਈ ਮੁੱਦਾ ਵਿਚਾਰ ਅਧੀਨ ਹੈ।
ਇਸ ਦੌਰਾਨ ਪੰਜਾਬ ਮੰਤਰੀ ਮੰਡਲ ਵਿੱਚ ਇਕ ਮੰਤਰੀ ਦੀ ਖਾਲੀ ਥਾਂ ਭਰਨ ਦੀ ਕੁਝ ਚਰਚਾ ਸੁਣਨ ਪਿੱਛੋਂ ਮੰਤਰੀ ਬਣਨਦੇ ਚਾਹਵਾਨ ਕਈ ਵਿਧਾਇਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਟੀਮ ਮੈਂਬਰਾਂ ਦੁਆਲੇ ਘੁੰਮਣਾ ਸ਼ੁਰੂ ਕਰ ਦਿੱਤਾ ਹੈ ਅਤੇ ਕੁਝ ਵਿਧਾਇਕਾਂ ਨੇ ਮੁੱਖ ਮੰਤਰੀਨੂੰ ਮਿਲ ਕੇ ਮੰਤਰੀ ਅਹੁਦੇ ਉੱਤੇ ਦਾਅਵਾ ਜਤਾਇਆ ਹੈ। ਉਂਜ ਕੁਝ ਮੰਤਰੀਆਂ ਦੇ ਵਿਭਾਗ ਬਦਲਣ ਦੀ ਗੱਲ ਵੀ ਸੁਣੀ ਗਈ ਹੈ, ਜਿਸ ਕਾਰਨ ਕਈ ਮੰਤਰੀ ਚੰਗੇ ਵਿਭਾਗ ਲੈਣ ਵਾਸਤੇ ਮੁੱਖ ਮੰਤਰੀ ਦਫਤਰ ਦੇ ਚੱਕਰ ਕੱਟਣ ਲੱਗੇ ਹਨ ਤੇ ਕੁਝ ਨੇ ਇਸ ਕੰਮ ਬਾਰੇ ਹਾਈ ਕਮਾਂਡ ਤੱਕ ਪਹੁੰਚ ਕੀਤੀ ਹੈ, ਪਰ ਹਾਈ ਕਮਾਂਡ ਨੇ ਕਹਿ ਦਿੱਤਾ ਹੈ ਕਿਇਹ ਮੁੱਖ ਮੰਤਰੀ ਦੇ ਅਧਿਕਾਰ ਖੇਤਰ ਵਿੱਚ ਹੈ, ਹਾਈ ਕਮਾਂਡ ਦਖਲ ਨਹੀਂ ਦੇਵੇਗੀ।

## ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹਿੰਸਾ ਦੀ ਅੱਗ ਦਿੱਲੀ ਤੱਕ ਆਣ ਪਹੁੰਚੀ




ਨਵੀਂ ਦਿੱਲੀ, 15 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੋਧ ਵਿੱਚ ਪ੍ਰਦਰਸ਼ਨ ਦੇ ਹਿੰਸਕ ਰੂਪ ਧਾਰਨ ਕਰਨ ਵਾਲੀ ਅੱਗ ਅਸਾਮ ਤੋਂ ਸ਼ੁਰੂ ਹੋਈ ਤੇ ਪੱਛਮੀ ਬੰਗਾਲ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਫੈਲਣ ਦੇ ਬਾਅਦ ਰਾਜਧਾਨੀ ਦਿੱਲੀ ਤੱਕ ਆ ਪਹੁੰਚੀ ਹੈ। ਅੱਜ ਐਤਵਾਰ ਨੂੰ ਦੱਖਣੀ ਦਿੱਲੀ ਵਿਚ ਭੜਕੇ ਹੋਏ ਲੋਕਾਂ ਨੇ ਕਈ ਬੱਸਾਂ ਫੂਕ ਦਿੱਤੀਆਂ ਤੇ ਪੁਲਿਸ ਟੀਮਾਂ ਉੱਤੇ ਹਮਲਾ ਕੀਤਾ। ਇਸ ਹੰਗਾਮੇ ਪਿੱਛੋਂ ਇਲਾਕੇ ਵਿਚ ਮੈਟਰੋ ਦੇ ਚਾਰ ਸਟੇਸ਼ਨਾਂ ਨੂੰ ਵੀ ਬੰਦ ਕਰਨਾ ਪਿਆ ਹੈ।
ਨਾਗਰਿਕਤਾ ਸੋਧ ਬਿੱਲ, ਜਿਹੜਾ ਰਾਸ਼ਟਰਪਤੀ ਦੀ ਮਨਜ਼ੂਰੀ ਪਿੱਛੋਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਵਾਲਾ ਦਰਜਾ ਲੈ ਚੁੱਕਾ ਹੈ, ਦੇ ਵਿਰੁੱਧ ਅੱਜ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿਚ ਸਥਾਨਕ ਲੋਕਾਂ ਦੇ ਸ਼ਾਮਲ ਹੋਣ ਨਾਲ ਦੱਖਣੀ ਦਿੱਲੀ ਦੇ ਹਾਲਾਤ ਵਿਗੜ ਗਏ। ਹੁੱਲੜਬਾਜ਼ਾਂ ਨੇ ਦਿੱਲੀ-ਨੋਇਡਾ ਰੋਡ ਅਤੇ ਮਥੁਰਾ ਰੋਡ ਨੂੰ ਸਾਰਾ ਦਿਨ ਠੱਪ ਰੱਖਿਆ ਅਤੇ ਸ਼ਾਮ ਕਰੀਬ ਪੰਜ ਵਜੇ ਮਥੁਰਾ ਰੋਡ ਉੱਤੇ ਸੂਰਿਆ ਹੋਟਲ ਅੱਗੇ ਚਾਰ ਬੱਸਾਂ ਤੋਂ ਇਲਾਵਾ ਬਟਲਾ ਹਾਊਸ ਮੁੱਖ ਚੌਕ ਉੱਤੇ ਬਣੀ ਪੁਲਿਸ ਚੌਕੀ ਨੂੰਅੱਗ ਲਾ ਦਿੱਤੀ ਤੇ ਕਈ ਮੋਟਰਸਾਈਕਲਾਂ ਨੂੰ ਫੂਕ ਦਿੱਤਾ ਗਿਆ। ਇਸਦੌਰਾਨ ਕਈ ਰਾਹਗੀਰ ਤੇ ਪੁਲਿਸ ਵਾਲੇ ਜ਼ਖ਼ਮੀ ਹੋ ਗਏ। ਦੋ ਫਾਇਰ ਬ੍ਰਿਗੇਡ ਮੁਲਾਜ਼ਮ ਵੀ ਭੀੜ ਦੇ ਹਮਲੇ ਵਿੱਚਜ਼ਖ਼ਮੀ ਹੋਏ ਹਨ। ਭੀੜ ਨੂੰ ਪੁਲਿਸ ਨੇ ਲਾਠੀਚਾਰਜ ਕਰ ਕੇ ਖਦੇੜ ਦਿੱਤਾ। ਜਾਮੀਆ ਮਿਲੀਆ ਇਸਲਾਮੀਆ ਦੇ ਪ੍ਰਸ਼ਾਸਨ ਨੇ ਏਦਾਂ ਦੇ ਹਿੰਸਕ ਪ੍ਰਦਰਸ਼ਨ ਵਿਚ ਆਪਣੇ ਵਿਦਿਆਰਥੀਆਂ ਦੇ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ।

## ਅਣਖ ਖਾਤਰ ਨਾਬਾਲਗ ਲੜਕੇ ਦਾ ਕਤਲ

ਅੰਮ੍ਰਿਤਸਰ, 15 ਦਸੰਬਰ (ਪੋਸਟ ਬਿਊਰੋ)- ਨੇੜਲੇ ਕਸਬੇ ਰਾਜਾਸਾਂਸੀ ਦੇ ਵਾਰਡ-8 ਵਿੱਚ ਕੱਲ੍ਹ ਰਾਤ ਇੱਕ ਲੜਕੀ ਦੇ ਪਰਵਾਰ ਨੇ ਅਣਖ ਦੇ ਨਾਂਅ ਉੱਤੇ ਇੱਕ ਨਾਬਾਲਗ ਲੜਕੇ ਦਾ ਕਤਲ ਕਰ ਦਿੱਤਾ ਹੈ।



ਇਸ ਬਾਰੇ ਥਾਣਾ ਰਾਜਾਸਾਂਸੀ ਦੇ ਐਸ ਐਚ ਓ ਸੁਖਜਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਅਕਾਸ਼ਦੀਪ ਸਿੰਘ (16) ਪੁੱਤਰ ਹਰਚੰਦ ਸਿੰਘ ਦੇ ਆਪਣੇ ਗੁਆਂਢ ਰਹਿੰਦੀ ਲੜਕੀ ਨਾਲ ਪ੍ਰੇਮ ਸਬੰਧ ਸਨ। ਉਹ ਕੱਲ੍ਹ ਰਾਤ ਲੜਕੀ ਨੂੰ ਮਿਲਣ ਉਸ ਦੇ ਘਰ ਗਿਆ, ਜਿਥੇ ਲੜਕੀ ਦੇ ਪਿਤਾ ਕੁਲਬੀਰ ਸਿੰਘ, ਉਸ ਦੀ ਪਤਨੀ ਸੁਖਵੰਤ ਕੌਰ, ਜਸਕਰਨ ਸਿੰਘ ਅਤੇ ਲਵਪ੍ਰੀਤ ਸਿੰਘ ਨੇ ਤੇਜ਼ਧਾਰ ਹਥਿਆਰਾਂ ਨਾਲ ਸਿਰ ਵਿੱਚ ਸੱਟਾਂ ਮਾਰ ਕੇ ਉਸ ਲੜਕੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਕਾਸ਼ਦੀਪ ਸਿੰਘ ਦੇ ਕੁਲਬੀਰ ਸਿੰਘ ਦੀ ਲੜਕੀ ਸਿਮਰਨਜੀਤ ਕੌਰ ਨਾਲ ਨਾਜਾਇਜ਼ ਸਬੰਧ ਸਨ। ਲੜਕੀ ਦਾ ਪਿਤਾ ਪਹਿਲਾਂ ਹੀ ਇਸ ਉਤੇ ਸ਼ੱਕ ਕਰਦਾ ਸੀ। ਰੰਜਿਸ਼ ਹੇਠ ਉਸ ਨੇ ਆਪਣੇ ਸਾਲਿਆਂ ਨੂੰ ਨਾਲ ਲੈ ਕੇ ਮੌਕਾ ਮਿਲਦੇ ਸਾਰ ਅਕਾਸ਼ਦੀਪ ਸਿੰਘ ਦਾ ਕਤਲ ਕਰ ਦਿੱਤਾ। ਦੋਸ਼ੀਆਂ ਦੇ ਖਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰਕੇ ਪੁਲਸ ਵੱਲੋਂ ਲੜਕੀ ਦੇ ਮਾਤਾ-ਪਿਤਾ ਤੇ ਮਾਮਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਸੰਗਰੂਰ ਨੇੜੇ ਏ ਟੀ ਐੱਮ ਵਿੱਚੋਂ 28 ਲੱਖ ਲੁੱਟੇ ਗਏ

ਸ਼ੇਰਪੁਰ, 15 ਦਸੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਲੁਟੇਰਿਆਂ ਵੱਲੋਂ ਪਿੰਡ ਫਤਿਹਗੜ੍ਹ ਪੰਜਗਰਾਈਆਂ (ਸੰਗਰੂਰ) ਵਿਖੇ ਸਟੇਟ ਬੈਂਕ ਆਫ ਇੰਡੀਆ ਦੇ ਏ ਟੀ ਐੱਮ ਦੀ ਭੰਨਤੋੜ ਕਰ ਕੇ ਲੁੱਟ ਲਏ ਗਏ।
ਘਟਨਾ ਵਾਲੀ ਜਗ੍ਹਾ ਪੁਲਸ ਜ਼ਿਲ੍ਹਾ ਸੰਗਰੂਰ ਦੇ ਐੱਸ ਪੀ ਹਰਿੰਦਰ ਸਿੰਘ, ਸਬ ਡਵੀਜ਼ਨ ਧੂਰੀ ਦੇ ਰਛਪਾਲ ਸਿੰਘ ਢੀਂਡਸਾ ਅਤੇ ਥਾਣਾ ਸ਼ੇਰਪੁਰ ਦੇ ਥਾਣਾ ਮੁਖੀ ਰਮਨਦੀਪ ਸਿੰਘ ਗਏ ਅਤੇ ਉਨ੍ਹਾਂ ਦੱਸਿਆ ਕਿ ਸੀ ਸੀ ਟੀ ਵੀ ਕੈਮਰੇ ਦੀਆਂ ਤਸਵੀਰਾਂ ਜ਼ਰੀਏ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਹੈ। ਸਟੇਟ ਬੈਂਕ ਇੰਡੀਆ ਦੇ ਅਧਿਕਾਰੀਆਂ ਅਤੇ ਥਾਣਾ ਮੁਖੀ ਰਮਨਦੀਪ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਏ ਟੀ ਐੱਮ ਵਿੱਚ 28 ਲੱਖ ਦੇ ਕਰੀਬ ਰਾਸ਼ੀ ਸੀ।







ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.
















# ਜੰਮੂ-ਕਸ਼ਮੀਰ ਪਿੱਛੋਂ ਨਾਗਰਿਕਤਾ ਸੋਧ ਬਿੱਲ: ਏਸੇ ਤਰ੍ਹਾਂ ਚੱਲਦੇ ਰਹੇ ਤਾਂ ਦੇਸ਼ ਦਾ ਬਣੇਗਾ ਕੀ!



ਜਤਿੰਦਰ ਪੰਨੂ

ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦਾ ਸ਼ਾਇਦ ਹੀ ਕੋਈ ਫੈਸਲਾ ਏਦਾਂ ਦਾ ਹੋਵੇ, ਜਿਸ ਦੀ ਹਮਾਇਤ ਕਰਨ ਦੇ ਲਈ ਸਾਡੇ ਵਰਗੇ ਲੋਕਾਂ ਦਾ ਦਿਲ ਮੰਨਿਆ ਹੋਵੇ। ਇਸ ਦੇ ਬਾਵਜੂਦ ਜਦੋਂ ਉਹ ਹਾਲੇ ਇਸ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਸੀ ਬਣਿਆ ਅਤੇ ਇੱਕ ਰਾਜ ਦਾ ਮੁੱਖ ਮੰਤਰੀ ਹੁੰਦਾ ਸੀ, ਉਸ ਉੱਤੇ ਅਮਰੀਕਾ ਵੱਲੋਂ ਲਾਈ ਗਈ ਵੀਜ਼ਾ ਪਾਬੰਦੀ ਨੂੰ ਮੈਂ ਗਲਤ ਕਿਹਾ ਸੀ ਅਤੇ ਇਸ ਪਾਬੰਦੀ ਦਾ ਸਵਾਗਤ ਕਰਨ ਵਾਲਿਆਂ ਨੂੰ ਵੀ ਗਲਤ ਕਿਹਾ ਸੀ। ਮੇਰੀ ਇਹ ਧਾਰਨਾ ਆਪਣੇ ਨੇੜ ਵਾਲੇ ਕਈ ਲੋਕਾਂ ਨੂੰ ਵੀ ਭਾਵੇਂ ਪਸੰਦ ਨਹੀਂ ਸੀ ਆਈ, ਪਰ ਮੈਂ ਕਿਹਾ ਸੀ ਕਿ ਭਾਰਤ ਦੇ ਖਿਲਾਫ ਬੋਲਣ ਵਾਲੇ ਕਿਸੇ ਵੀ ਅਮਰੀਕੀ ਆਗੂ ਦਾ ਵੀਜ਼ਾ ਰੋਕਿਆ ਜਾਵੇ ਤਾਂ ਉਹ ਭੜਕਦੇ ਹਨ, ਨਰਿੰਦਰ ਮੋਦੀ ਗਲਤ ਹੈ ਜਾਂ ਠੀਕ, ਉਸ ਦੇ ਲਈ ਕਿੱਦਾਂ ਦਾ ਵਤੀਰਾ ਰੱਖਣਾ ਹੈ, ਲੋਕਤੰਤਰੀ ਧਾਰਨਾ ਹੇਠ ਇਹ ਭਾਰਤੀ ਲੋਕਾਂ ਦਾ ਹੱਕ ਹੈ, ਕਿਸੇ ਬਾਹਰਲੇ ਦਾ ਨਹੀਂ। ਫਿਰ ਉਹ ਦਿਨ ਆਏ ਵੇਖੇ ਸਨ, ਜਦੋਂ ਉਸ ਨੂੰ ਵੀਜ਼ੇ ਤੋਂ ਨਾਂਹ ਕਰਨ ਵਾਲਿਆਂ ਨੇ ਉਸ ਦੀ ਜਿੱਤ ਹੋਣ ਤੋਂ ਵੀ ਪਹਿਲਾਂ ਹੀ ਖੁਦ ਗੁਜਰਾਤ ਜਾ ਕੇ ਵੀਜ਼ੇ ਦੀ ਪੇਸ਼ਕਸ਼ ਕਰ ਦਿੱਤੀ ਤੇ ਉਸ ਨੇ ਵੀ ਪਹਿਲੇ ਇਨਕਾਰ ਦੀ ਗੱਲ ਭੁਲਾ ਦਿੱਤੀ ਸੀ। ਅਮਰੀਕਾ ਦੇ ਜਿਹੜੇ ਹਾਕਮ ਉਸ ਵਕਤ ਮੋਦੀ ਨੂੰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਅਤੇ ਲੋਕਤੰਤਰੀ ਮਰਿਆਦਾ ਦਾ ਉਲੰਘਣ ਕਰਨ ਵਿੱਚ ਸ਼ਾਮਲ ਮੰਨਦੇ ਸਨ, ਉਹੀ ਬਾਅਦ ਵਿੱਚ ਉਸ ਦੇ ਬਗਲਗੀਰ ਹੋਣ ਲੱਗ ਪਏ ਸਨ। ਸਗੋਂ ਉਹ ਲੋਕ ਏਦੂੰ ਅੱਗੇ ਵਧ ਕੇ ਉਸ ਦੇ ਨਾਲ ਖੜੋਣ ਵਿੱਚ ਇੱਕ ਦੂਸਰੇ ਦੇ ਪੈਰ ਮਿੱਧਣ ਤੱਕ ਪਹੁੰਚ ਗਏ ਸਨ।

ਅੱਜ ਜਦੋਂ ਇੱਕ ਪਾਸੇ ਉਹ ਲੋਕ ਭਾਰਤੀ ਲੋਕਾਂ ਸਾਹਮਣੇ ਨਰਿੰਦਰ ਮੋਦੀ ਦੀਆਂ ਨੀਤੀਆਂ ਦੇ ਸੋਹਲੇ ਗਾਉਣ ਲੱਗੇ ਫਿਰਦੇ ਹਨ ਤਾਂ ਦੂਸਰੇ ਪਾਸੇ ਮੋਦੀ ਸਾਹਿਬ ਅਮਰੀਕਾ ਵਿੱਚ ਹੋਏ 'ਹਾਊਡੀ ਮੋਦੀ' ਪ੍ਰੋਗਰਾਮ ਦੇ ਮੰਚ ਤੋਂ ਭਾਰਤੀ ਮੂਲ ਦੇ ਲੋਕਾਂ ਨੂੰ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਮੰਤਰ ਸਿਖਾਉਣ ਤੱਕ ਚਲੇ ਗਏ ਹਨ। ਭਾਰਤੀ ਮੂਲ ਦੇ ਅਮਰੀਕੀ ਲੋਕ ਇਸ ਤੋਂ ਖੁਸ਼ ਨਹੀਂ ਹੋਏ ਹੋਣੇ ਕਿ ਉਸ ਦੇਸ਼ ਵਿੱਚ ਜਿਸ ਬੰਦੇ ਨੂੰ ਕੱਟੜਪੰਥੀ ਜਨੂੰਨ ਭੜਕਾਉਣ ਵਾਲਾ ਸਮਝਿਆ ਜਾਂਦਾ ਹੈ, ਮੋਦੀ ਸਾਹਿਬ ਉਸ ਦੇ ਪੱਖ ਵਿੱਚ ਭੁਗਤੇ ਹਨ, ਪਰ ਸਾਨੂੰ ਇਸ ਪਿੱਛੇ ਲੁਕੀ ਖੇਡ ਦੀ ਓਦੋਂ ਵੀ ਸਮਝ ਆ ਗਈ ਸੀ। ਟਰੰਪ ਅਤੇ ਉਹ ਦੋਵੇਂ ਜਣੇ ਇੱਕੋ ਨੀਤੀ ਉੱਤੇ ਚੱਲਦੇ ਹਨ ਤੇ ਦੋਵੇਂ ਨਹੀਂ, ਕਈ ਹੋਰ ਦੇਸ਼ਾਂ ਵਿੱਚ ਵੀ ਇਨ੍ਹਾਂ ਵਾਲਾ ਫਾਰਮੂਲਾ ਵਰਤਣ ਦਾ ਲਾਭ ਲਿਆ ਜਾਣ ਲੱਗ ਪਿਆ ਹੈ। ਇਸ ਹਫਤੇ ਬ੍ਰਿਟੇਨ ਦੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਆਖਰੀ ਪੜਾਅ ਉੱਤੇ ਓਥੋਂ ਦੇ ਪ੍ਰਧਾਨ ਮੰਤਰੀ ਨੇ ਜਿਵੇਂ ਹਿੰਦੂ ਮੰਦਰ ਦਾ ਗੇੜਾ ਲਾਉਣ ਮੌਕੇ ਨਰਿੰਦਰ ਮੋਦੀ ਦੀ ਸਿਫਤਾਂ ਕੀਤੀਆਂ ਤੇ ਹਿੰਦੂ ਧਰਮ ਦੇ ਪੱਖ ਵਿੱਚ ਉਚੇਚੇ ਵਿਚਾਰ ਪ੍ਰਗਟਾਏ ਸਨ, ਉਸ ਦੇ ਪਿੱਛੇ ਵੀ ਇਹੋ ਖੇਡ ਸੀ ਤੇ ਇਸ ਦਾ ਲਾਭ ਉਸ ਨੂੰ ਇਹ ਹੋਇਆ ਕਿ ਅੱਜ ਤੱਕ ਕੰਜ਼ਰਵੇਟਿਵ ਪਾਰਟੀ ਤੋਂ ਦੂਰੀ ਉੱਤੇ ਰਹਿੰਦੇ ਰਹੇ ਭਾਰਤੀ ਲੋਕਾਂ ਦੇ ਇੱਕ ਹਿੱਸੇ ਦੀਆਂ ਵੋਟਾਂ ਵੀ ਉਸ ਨੂੰ ਮਿਲ ਗਈਆਂ ਹਨ, ਜਿਸ ਦੀ ਪੁਸ਼ਟੀ ਖੁਦ ਬੋਰਿਸ ਜਾਨਸਨ ਨੇ ਕੀਤੀ ਹੈ। ਇਹ ਫਾਰਮੂਲਾ ਸੰਸਾਰ ਭਰ ਵਿੱਚ ਵਰਤਣ ਦੇ ਦਿਨ ਆ ਗਏ ਹਨ ਕਿ ਆਪੋ ਆਪਣੇ ਦੇਸ਼ ਵਿੱਚ ਕੁਰਸੀ ਖਾਤਰ ਜਨੂੰਨ ਭੜਕਾ ਲੈਣਾ ਵੀ ਗਲਤ ਨਹੀਂ।

ਐਨ ਓਦੋਂ ਜਦੋਂ ਇਸ ਹਫਤੇ ਬ੍ਰਿਟੇਨ ਵਿੱਚ ਮੋਦੀ-ਫਾਰਮੂਲਾ ਵਰਤਿਆ ਜਾ ਰਿਹਾ ਸੀ, ਮੋਦੀ ਸਰਕਾਰ ਨੇ ਆਪਣੀ ਪਿਛਲੀ ਰਵਾਨੀ ਕਾਇਮ ਰੱਖਦੇ ਹੋਏ ਨਵਾਂ ਦਾਅ ਖੇਡ ਦਿੱਤਾ ਹੈ, ਜਿਸ ਨੂੰ ਸਿਟੀਜ਼ਨਸ਼ਿਪ ਸੋਧ ਬਿੱਲ ਕਿਹਾ ਗਿਆ ਹੈ ਤੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਤੋਂ ਪਾਸ ਹੋਣ ਮਗਰੋਂ ਇਹ ਕਾਨੂੰਨ ਵੀ ਬਣ ਚੁੱਕਾ ਹੈ। ਇੱਕ ਪਾਸੇ ਇਹ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਕਾਨੂੰਨ ਬਣ ਰਿਹਾ ਸੀ ਅਤੇ ਦੂਸਰੇ ਪਾਸੇ ਅਸਾਮ ਤੋਂ ਸ਼ੁਰੂ ਹੋਇਆ ਇਸ ਦਾ ਵਿਰੋਧ ਭਾਰਤ ਦੇ ਉਸ ਖਿੱਤੇ ਦੇ ਹੋਰਨਾਂ ਰਾਜਾਂ ਤੋਂ ਹੁੰਦਾ ਪੱਛਮੀ ਬੰਗਾਲ ਤੇ ਫਿਰ ਉੱਤਰ ਪ੍ਰਦੇਸ਼ ਤੱਕ ਆਣ ਪਹੁੰਚਿਆ ਹੈ। ਹਾਲੇ ਕੁਝ ਦਿਨ ਹੋਏ ਹਨ ਕਿ ਭਾਰਤ ਵਿੱਚ ਇੱਕ ਐੱਨ ਆਰ ਸੀ ਵਾਲੇ ਮੁੱਦੇ ਦਾ ਰੌਲਾ ਪੈਂਦਾ ਸੀ, ਇਹ ਸੋਧ ਬਿੱਲ ਉਸ ਤੋਂ ਅਗਲੀ ਕਿਸਮ ਦੇ ਰੌਲੇ ਦੀ ਜੜ੍ਹ ਬਣਨ ਵਾਲਾ ਸਾਬਤ ਹੋਇਆ ਹੈ। ਜਦੋਂ ਤੱਕ ਇਹ ਬਿੱਲ ਪਾਸ ਨਾ ਹੋ ਗਿਆ, ਇਸ ਦੀ ਕੋਈ ਪ੍ਰਤੀਕਿਰਿਆ ਨਹੀਂ ਸੀ ਸਾਹ-ਮਣੇ ਆ ਰਹੀ ਤੇ ਜਦੋਂ ਇਸ ਦਾ ਹੀਜ-ਪਿਆਜ਼ ਪਤਾ ਲੱਗਾ ਤਾਂ ਸਭ ਤੋਂ ਪਹਿਲਾਂ ਓਸੇ ਆਸਾਮ ਦੇ ਲੋਕਾਂ ਨੇ ਇਸ ਦਾ ਵਿਰੋਧ ਸ਼ੁਰੂ ਕੀਤਾ, ਜਿਹੜੇ ਪਹਿਲਾਂ ਐੱਨ ਆਰ ਸੀ ਵਾਸਤੇ ਬੜੇ ਕਾਹਲੇ ਸਨ। ਪਾਕਿਸਤਾਨ ਨਾਲ ਤੀਸਰੀ ਜੰਗ ਵੇਲੇ ਜਦੋਂ ਬੰਗਾਲ ਦੇਸ਼ ਬਣਿਆ ਸੀ, ਉਸ ਵੇਲੇ ਓਥੋਂ ਆਏ ਸ਼ਰਨਾਰਥੀਆਂ ਦੇ ਕਾਫਲੇ ਆਸਾਮ ਤੇ ਬੰਗਾਲ ਵਿੱਚ ਹੀ ਟਿਕੇ ਸਨ ਤੇ ਜਦੋਂ ਜੰਗ ਮੁੱਕ ਗਈ ਤਾਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਓਥੇ ਟਿਕੇ ਰਹਿ ਗਏ ਸਨ। ਛੇ ਸਾਲ ਬਾਅਦ ਉਨ੍ਹਾਂ ਨੂੰ ਕੱਢਣ ਦੀ ਜਿਹੜੀ ਮੰਗ ਉੱਠੀ ਤੇ ਜਿਸ ਦੀ ਭਾਰਤੀ ਜਨਤਾ ਪਾਰਟੀ ਬਣਨ ਦੇ ਦਿਨ ਤੋਂ ਇਸ ਪਾਰਟੀ ਦੇ ਆਗੂਆਂ ਨੇ ਹਮਾਇਤ ਕਰਨੀ ਜਾਰੀ ਰੱਖੀ ਸੀ, ਉਸ ਬਾਰੇ ਸਮਝੌਤਾ ਰਾਜੀਵ ਗਾਂਧੀ ਵੇਲੇ ਹੋਇਆ ਸੀ। ਉਹ ਸਮਝੌਤਾ ਵੀ ਪੰਜਾਬ ਦੇ ਸਮਝੌਤੇ ਵਾਂਗ ਲਾਗੂ ਨਾ ਹੋ ਸਕਿਆ ਤੇ ਫਿਰ ਭਾਜਪਾ ਇਸ ਨੂੰ ਮੁੱਦਾ ਬਣਾ ਕੇ ਵਿਦੇਸ਼ੀ ਲੋਕਾਂ ਨੂੰ ਕੱਢਣ ਦੇ ਨਾਅਰੇ ਨਾਲ ਉਸ ਰਾਜ ਵਿੱਚ ਇੱਕ ਦਲ-ਬਦਲੂ ਕਾਂਗਰਸੀ ਨੂੰ ਅੱਗੇ ਲਾ ਕੇ ਸਰਕਾਰ ਬਣਾਉਣ ਜੋਗੀ ਹੋ ਗਈ। ਇਸ ਦੇ ਬਾਅਦ ਐੱਨ ਆਰ ਸੀ ਵਾਲਾ ਚੱਕਰ ਚਲਾ ਕੇ ਕਿਹਾ ਗਿਆ ਕਿ ਵਿਦੇਸ਼ੀਆਂ ਦੀ ਨਿਸ਼ਾਨਦੇਹੀ ਕਰਨੀ ਹੈ ਤਾਂ ਆਸਾਮ ਦੇ ਜਿਹੜੇ ਵਰਗਾਂ ਨੇ ਇਸ ਦਾ ਪੱਖ ਪੂਰਿਆ ਸੀ, ਉਹ ਨਵਾਂ ਨਾਗਰਿਕਤਾ ਸੋਧ ਬਿੱਲ ਪਾਸ ਹੁੰਦਾ ਵੇਖ ਕੇ ਭੜਕ ਪਏ। ਜਿਹੜੀ ਨਵੀਂ ਸੋਧ ਤੋਂ ਉਹ ਲੋਕ ਭੜਕੇ ਹਨ, ਉਸ ਦੇ ਮੁਤਾਬਕ ਤਿੰਨ ਗਵਾਂਢੀ ਦੇਸ਼ਾਂ ਤੋਂ ਭਾਰਤ ਵਿੱਚ ਆਏ ਹਿੰਦੂਆਂ, ਸਿੱਖਾਂ ਅਤੇ ਚਾਰ ਹੋਰ ਧਰਮਾਂ ਦੇ ਲੋਕਾਂ ਨੂੰ ਏਥੇ ਪਨਾਹ ਦੇਣ ਦਾ ਪ੍ਰਬੰਧ ਹੈ, ਸਿਰਫ ਮੁਸਲਮਾਨਾਂ ਨੂੰ ਪਨਾਹ ਨਹੀਂ ਦੇਣੀ। ਅਸਾਮ ਦੇ ਜਿਨ੍ਹਾਂ ਲੋਕਾਂ ਨੇ ਪਹਿਲਾ ਸੰਘਰਸ਼ ਕੀਤਾ ਸੀ, ਉਨ੍ਹਾਂ ਦੀ ਮੰਗ ਸਾਰੇ ਵਿਦੇਸ਼ੀਆਂ ਨੂੰ ਹਿੰਦੂ-ਮੁਸਲਿਮ ਦਾ ਫਰਕ ਕੀਤੇ ਬਿਨਾਂ ਕੱਢਣ ਦੀ ਸੀ, ਜਦੋਂ ਵੇਖਿਆ ਕਿ ਸਿਰਫ ਮੁਸਲਮਾਨ ਕੱਢਣੇ ਤੇ ਹਿੰਦੂ ਵਿਦੇਸ਼ੀ ਟਿਕੇ ਰੱਖਣੇ ਹਨ ਤਾਂ ਉਹ ਭੜਕ ਪਏ ਕਿ ਸਾਡੀਆਂ ਨੌਕਰੀਆਂ ਖੋਹਣ ਵਾਲਾ ਇੱਕ ਵਰਗ ਏਥੇ ਰੱਖਿਆ ਜਾਣਾ ਹੈ। ਇਹੀ ਨਹੀਂ, ਅਗਲੀ ਗੱਲ ਇਹ ਸੀ ਕਿ ਤਿੰਨਾਂ ਦੇਸ਼ਾਂ ਤੋਂ ਜਿਹੜੇ ਲੋਕ, ਮੁਸਲਮਾਨਾਂ ਨੂੰ ਛੱਡ ਕੇ, ਭਾਰਤ ਵਿੱਚ ਆਉਣਾ ਚਾਹੁਣਗੇ, ਉਨ੍ਹਾਂ ਨੂੰ ਪਨਾਹ ਅਤੇ ਨਾਗਰਿਕਤਾ ਦੇਣ ਵਿੱਚ ਕਿਸੇ ਤਰ੍ਹਾਂ ਦੀ ਝਿਜਕ ਨਹੀਂ ਹੋਣੀ। ਪਾਕਿ-ਸਤਾਨ ਤੋਂ ਤਾਂ ਕੋਈ ਇੱਕਾ-ਦੁੱਕਾ ਦੁਖੀ ਹੋਇਆ ਪਰਵਾਰ ਹੀ ਆਉਣਾ ਹੈ, ਪਰ ਇਸ ਤੋਂ ਉਲਟ ਬੰਗਲਾ ਦੇਸ ਤੋਂ ਅੱਜ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਉਣ ਨੂੰ ਤਿਆਰ ਬੈਠੇ ਹਨ ਤੇ ਉਹ ਅਸਾਮ ਤੇ ਪੱਛਮੀ ਬੰਗਾਲ ਵਿੱਚ ਹੀ ਬਹੁਤੇ ਆ ਸਕਦੇ ਹਨ। ਜਦੋਂ ਉਹ ਲੋਕ ਆਏ ਤਾਂ ਸਥਿਤੀ ਪਹਿਲਾਂ ਤੋਂ ਵੱਧ ਭੈੜੀ ਹੋ ਸਕਦੀ ਹੈ।

ਸਭ ਨੂੰ ਪਤਾ ਹੈ ਕਿ ਇਸੇ ਸਾਲ ਦੀ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦੀ ਧਾਰਾ ਤਿੰਨ ਸੌ ਸੱਤਰ ਤੋੜੇ ਜਾਣ ਪਿੱਛੋਂ ਓਥੇ ਲਾਈਆਂ ਪਾਬੰਦੀਆਂ ਦਾ ਵੱਡਾ ਹਿੱਸਾ ਹਾਲੇ ਤੱਕ ਜਾਰੀ ਹੈ। ਉਹ ਪੁਆੜਾ ਮੁੱਕਣ ਤੋਂ ਪਹਿਲਾਂ ਦੇਸ਼ ਦੇ ਉੱਤਰ ਪੂਰਬ ਵਿੱਚ ਅਸਾਮ ਅਤੇ ਸੱਤ ਹੋਰ ਰਾਜਾਂ ਵਿੱਚ ਮੁਸੀਬਤ ਖੜੀ ਕਰ ਦਿੱਤੀ ਗਈ ਹੈ। ਕਸ਼ਮੀਰ ਦੇ ਜਿਸ ਇਲਾਕੇ ਵਿੱਚ ਪਹਿਲੇ ਕਦਮ ਨਾਲ ਸਥਿਤੀ ਵਿਗੜੀ ਤੇ ਅਜੇ ਤੱਕ ਸਾਂਭੀ ਨਹੀਂ ਜਾ ਸਕੀ, ਉਸ ਦੇ ਇੱਕ ਪਾਸੇ ਚੀਨ ਨਾਲ ਸਰਹੱਦ ਸਾਂਝੀ ਹੈ ਤੇ ਦੂਸਰੇ ਪਾਸੇ ਪਾਕਿਸਤਾਨ ਨਾਲ ਕੰਟਰੋਲ ਰੇਖਾ ਵਾਹ ਕੇ ਡੰਗ ਸਾਰਿਆ ਜਾ ਰਿਹਾ ਹੈ ਤੇ ਜਿਸ ਉੱਤਰ ਪੂਰਬ ਵਿੱਚ ਹਾਲਾਤ ਦਾ ਨਵਾਂ ਵਹਿਣ ਵਗਣਾ ਹੈ, ਹਾਲਤ ਓਥੇ ਵੀ ਸੁਖਾਲੀ ਨਹੀਂ। ਭਾਰਤ ਦੀ ਸਰਹੱਦ ਏਧਰ ਚੀਨ ਨਾਲ ਜੋੜਦੀ ਹੈ ਤਾਂ ਓਧਰ ਵੀ ਚੀਨ ਨਾਲ ਬਾਰਡਰ ਸਾਂਝਾ ਹੈ, ਜਿੱਥੇ ਕਈ ਵਾਰੀ ਦੋਵਾਂ ਦੇ ਫੌਜੀ ਆਪਸ ਵਿੱਚ ਹੱਥੋ-ਪਾਈ ਤੱਕ ਹੋ ਚੁੱਕੇ ਹਨ। ਓਧਰ ਬੰਗਲਾ ਦੇਸ਼ ਅਤੇ ਪੁਰਾਣੇ ਬਰਮਾ ਨਾਲ ਵੀ ਬਾਰਡਰ ਸਾਂਝਾ ਹੈ, ਜਿਸ ਨੰ ਨਵੇਂ ਨਾਂਅ ਮਾਇਆਂਮਾਰ ਵਜੋਂ ਜਾਣਿ-ਆ ਜਾਂਦਾ ਹੈ। ਦੇਸ਼ ਦੀ ਸਰਕਾਰ ਦਾ ਫਰਜ਼ ਆਪਣੀਆਂ ਹੱਦਾਂ ਦੀ ਰਾਖੀ ਤੇ ਹੱਦਾਂ ਨੇੜੇ ਦੇ ਇਲਾਕੇ ਵਿੱਚ ਸ਼ਾਂਤੀ ਦਾ ਮਾਹੌਲ ਬਣਾ ਕੇ ਰੱਖਣਾ ਹੁੰਦਾ ਹੈ, ਤਾਂ ਕਿ ਲੋਕ ਅਭੀ-ਨਭੀ ਵੇਲੇ ਸਰਕਾਰ ਦੀ ਧਿਰ ਬਣਨ ਤੇ ਉਨ੍ਹਾਂ ਵਿੱਚ ਇਹੋ ਜਿਹੀ ਬੇਗਾਨਗੀ ਨਹੀਂ ਪੈਦਾ ਹੋਣ ਦੇਣੀ ਚਾਹੀਦੀ ਕਿ ਉਹ ਲੋੜ ਪੈਣ ਵੇਲੇ ਨਾਲ ਨਾ ਖੜੋਣ, ਪਰ ਨਰਿੰਦਰ ਮੋਦੀ ਸਰਕਾਰ ਇਸ ਤਰੀਕੇ ਨਾਲ ਚੱਲਦੀ ਪਈ ਹੈ ਕਿ ਸਰਹੱਦੀ ਸੂਬਿਆਂ ਵਿੱਚ ਹੀ ਹਾਲਾਤ ਸੁਖਾਲੇ ਨਹੀਂ ਰਹਿਣ ਦਿੱਤੇ।

ਕਰਨੀ ਹੋਵੇ ਤਾਂ ਅਸੀਂ ਇਹ ਚਰਚਾ ਵੀ ਕਰ ਸਕਦੇ ਹਾਂ ਕਿ ਨਾਗਰਿਕਤਾ ਸੋਧ ਬਿੱਲ ਨੂੰ ਪਾਸ ਕਰਦੇ ਵਕਤ ਇਸ ਸਰਕਾਰ ਨੇ ਸੰਵਿਧਾਨ ਦੀ ਧਾਰਾ ਪੰਜ ਅਤੇ ਧਾਰਾ ਚੌਦਾਂ ਦੀ ਉਲੰਘਣਾ ਤੋਂ ਵੀ ਗੁਰੇਜ਼ ਨਹੀਂ ਕੀਤਾ। ਧਾਰਾ ਪੰਜ ਕਹਿੰਦੀ ਹੈ ਕਿ 'ਇਸ ਸੰਵਿਧਾਨ ਦੇ ਲਾਗੂ ਹੋਣ ਪਿੱਛੋਂ ਹਰ ਵਿਅਕਤੀ, ਜਿਹੜਾ ਭਾਰਤ ਦਾ ਵਸਨੀਕ ਹੈ ਅਤੇ (ਏ) ਭਾਰਤ ਦੇ ਇਲਾਕੇ ਵਿੱਚ ਉਸ ਦਾ ਜਨਮ ਹੋਇਆ ਹੈ, ਜਾਂ (ਬੀ) ਜਿਸ ਦੇ ਮਾਪਿਆਂ ਦਾ ਜਨਮ ਭਾਰਤ ਦੇ ਖੇਤਰ ਵਿੱਚ ਹੋਇਆ ਹੈ, ਜਾਂ (ਸੀ) ਜਿਹੜਾ ਪੰਜ ਸਾਲ ਤੋਂ ਵੱਧ ਸਮੇਂ ਤੋਂ ਭਾਰਤ ਵਿੱਚ ਰਹਿੰਦਾ ਹੋਵੇ, ਭਾਰਤੀ ਨਾਗਰਿਕ ਮੰਨਿਆ ਜਾਵੇਗਾ।' ਏਥੇ ਕੋਈ ਵੀ ਅਗਲੀ ਗੱਲ ਕਹਿਣ ਤੋਂ ਪਹਿਲਾਂ ਇਹ ਸੋਚ ਲਿਆ ਜਾਵੇ ਕਿ ਬੰਗਲਾ ਦੇਸ਼ ਬਣਨ ਨੂੰ ਅਠਤਾਲੀ ਸਾਲ ਹੋ ਚੁੱਕੇ ਹਨ ਅਤੇ ਉਸ ਵੇਲੇ ਏਥੇ ਆਏ ਲੋਕਾਂ ਦੀ ਤੀਸਰੀ ਪੀੜ੍ਹੀ ਇਸ ਸਮੇਂ ਤੱਕ ਪੈਦਾ ਹੋ ਚੁੱਕੀ ਹੈ, ਸੰਵਿਧਾਨ ਦੀ ਧਾਰਾ ਪੰਜ ਪੜ੍ਹਨ ਦੇ ਬਾਅਦ ਏਥੇ ਜੰਮੇ ਹੋਏ ਉਨ੍ਹਾਂ ਲੋਕਾਂ ਨੂੰ ਵਿਦੇਸ਼ੀ ਕਿਵੇਂ ਕਿਹਾ ਜਾ ਸਕੇਗਾ? ਧਾਰਾ ਚੌਦਾਂ ਕਹਿੰਦੀ ਹੈ ਕਿ 'ਭਾਰਤੀ ਇਲਾਕੇ ਵਿੱਚ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਮੂਹਰੇ ਬਰਾਬਰੀ ਜਾਂ ਬਰਾਬਰ ਸੁਰੱਖਿਆ ਤੋਂ ਰਾਜ ਇਨਕਾਰ ਨਹੀਂ ਕਰ ਸਕਦਾ।' ਏਥੇ ਨੋਟ ਕਰਨ ਵਾਲੀ ਖਾਸ ਗੱਲ ਇਹ ਹੈ ਕਿ ਧਾਰਾ ਚੌਦਾਂ ਵਿੱਚ ਇਸ ਦੇਸ਼ ਵਿੱਚ 'ਕਿਸੇ ਵੀ ਵਿਅਕਤੀ' ਦੀ ਗੱਲ ਦਰਜ ਹੈ ਤੇ ਇਹ ਨਹੀਂ ਲਿਖਿਆ ਕਿ 'ਕਿਸੇ ਵੀ ਭਾਰਤੀ ਨਾਗਰਿਕ' ਨੂੰ ਇਹ ਅਧਿਕਾਰ ਹਨ। ਇਸ ਦਾ ਅਰਥ ਇਹ ਬਣਦਾ ਹੈ ਕਿ ਇੱਕ ਵਾਰੀ ਭਾਰਤ ਵਿੱਚ ਆ ਗਏ ਕਿਸੇ ਵੀ ਨਾਗਰਿਕ ਨੂੰ, ਉਹ ਪੱਕਾ ਵਾਸੀ ਹੋਵੇ, ਨਾਗਰਿਕ ਹੋਵੇ ਜਾਂ ਕੁਝ ਦਿਨਾਂ ਦੇ ਲਈ ਆਇਆ ਹੋਵੇ, ਕਾਨੂੰਨ ਦੇ ਸਾਹਮਣੇ 'ਕਿਸੇ ਵੀ ਵਿਅਕਤੀ' ਦੇ ਤੌਰ ਉੱਤੇ ਬਰਾਬਰੀ ਅਤੇ ਬਰਾਬਰ ਸੁਰੱਖਿਆ ਵਾਲੇ ਸਾਰੇ ਅਧਿਕਾਰ ਸੰਵਿਧਾਨ ਹੇਠ ਮਿਲਣੇ ਹੁੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਪੱਖਾਂ ਨੂੰ ਗੌਲਿਆ ਹੀ ਨਹੀਂ ਗਿਆ।

ਜਿਵੇਂ ਅਸੀਂ ਇਹ ਕਿਹਾ ਹੈ ਕਿ ਜੇ ਕਰਨੀ ਹੋਵੇ ਤਾਂ ਸੰਵਿਧਾਨ ਦੇ ਇਨ੍ਹਾਂ ਪੱਖਾਂ ਦੀ ਗੱਲ ਵਿਸਥਾਰ ਵਿੱਚ ਕੀਤੀ ਜਾ ਸਕਦੀ ਹੈ, ਪਰ ਅਸੀਂ ਇਸ ਮੁੱਦੇ ਨੂੰ ਹੋਰ ਫੋਲਣ ਦੀ ਥਾਂ ਇਸ ਗੱਲ ਬਾਰੇ ਚਿੰਤਾ ਵਿੱਚ ਹਾਂ ਕਿ ਨਾਗਰਿਕਤਾ ਵਾਲਾ ਸੋਧ ਬਿੱਲ ਪਾਸ ਕਰਨ ਪਿੱਛੋਂ ਰਾਜ ਕਰਦੀ ਧਿਰ ਦੇ ਏਜੰਡੇ ਉੱਤੇ ਅਗਲੀ ਮੱਦ ਕੀ ਹੈ? ਜਿਵੇਂ ਕੱਛ ਵਿੱਚੋਂ ਕੱਢ ਕੇ ਅਚਾਨਕ ਮੂੰਗਲੀ ਮਾਰਨ ਵਰਗਾ ਰਿਵਾਜ ਪੈ ਚੁੱਕਾ ਹੈ, ਅਤੇ ਜੰਮੂ-ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਤੋੜਨ ਪਿੱਛੋਂ ਇਹ ਲਗਾਤਾਰ ਵਧਦਾ ਜਾ ਰਿਹਾ ਹੈ, ਇਸ ਨੂੰ ਵੇਖ ਕੇ ਇਹ ਜਾਪਦਾ ਹੈ ਕਿ ਗੱਡੀ ਰੁਕਣ ਵਾਲੀ ਨਹੀਂ। ਭਾਰਤ ਦੇ ਲੋਕਾਂ ਨੇ ਸਰਕਾਰ ਏਦਾਂ ਦੇ ਕੰਮਾਂ ਵਾਸਤੇ ਨਹੀਂ ਬਣਾਈ। ਹਰ ਕਦਮ ਏਦਾਂ ਦਾ ਹੀ ਪੁੱਟਿਆ ਜਾਂਦਾ ਰਿਹਾ ਤਾਂ ਇਸ ਦੇਸ਼ ਦਾ ਬਣੇਗਾ ਕੀ?




# ਸੌਦਾ ਕੋਈ ਮਾੜਾ ਨੀ !

-ਸ਼ਵਿੰਦਰ ਕੌਰ



ਮਨੁੱਖ ਸਾਰੀ ਉਮਰ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਂਦਾ ਹੈ। ਜਨਮ ਤੋਂ ਲੈ ਕੇ ਮੌਤ ਤੱਕ ਰਿਸ਼ਤੇ ਸਾਡੇ ਅੰਗ-ਸੰਗ ਵਿਚਰਦੇ ਹਨ। ਇਹ ਜੀਵਨ ਵਿੱਚ ਖੁਸ਼ੀਆਂ ਐ ਖੇੜੇ ਭਰਦੇ ਹਨ। ਹਰੀਆਂ ਕਚੂਰ ਫਸਲਾਂ 'ਚੋਂ ਨਿਕਲਦੇ ਹਵਾ ਦੇ ਬੁੱਲਿਆਂ ਵਰਗੇ, ਮੀਂਹ ਦੀ ਰਿਮਝਿਮ ਵਰਗੇ, ਫੁੱਲ-ਪੱਤੀਆਂ 'ਤੇ ਪਈ ਤ੍ਰੇਲ ਦੇ ਤੁਪਕਿਆਂ ਵਰਗੇ, ਬਹਾਰ ਵਿੱਚ ਖਿੜਦੇ ਫੁੱਲਾਂ ਵਰਗੇ ਇਹ ਰਿਸ਼ਤੇ ਆਪਣੀ ਮਿਠਾਸ ਨਾਲ ਸਾਡੀ ਜ਼ਿੰਦਗੀ ਨੂੰ ਜਿਊਣ ਜੋਗਾ ਬਣਾਉਂਦੇ ਹਨ। ਰਿਸ਼ਤਿਆਂ ਦਾ ਨਿੱਘ ਬਦਲਦੇ ਸਮੇਂ ਨਾਲ ਤਿੜਕੇ ਘੜੇ ਵਿੱਚੋਂ ਕਿਰਦੇ ਪਾਣੀ ਵਾਂਗ ਕਿਰਦਾ ਜਾਂਦਾ ਹੈ। ਪਦਾਰਥਵਾਦੀ ਰੁਚੀਆਂ ਨੇ ਇਨ੍ਹਾਂ ਉਚੇ-ਸੁੱਚੇ ਪਾਕ ਰਿਸ਼ਤਿਆਂ 'ਤੇ ਨਿੱਜ ਅਤੇ ਸਵਾਰਥ ਭਾਰੂ ਕਰ ਦਿੱਤਾ ਹੈ। ਨਾਬਰਾਬਰੀ ਵਾਲੇ ਪ੍ਰਬੰਧ ਵਿੱਚ ਡਿੱਗ ਰਹੀਆਂ ਕਦਰਾਂ-ਕੀਮਤਾਂ, ਰਿਸ਼ਤਿਆਂ 'ਚੋਂ ਨਿੱਘ, ਪਿਆਰ ਵਰਗੇ ਸੂਖਮ ਜਜ਼ਬੇ ਨੂੰ ਖ਼ਤਮ ਕਰ ਰਹੀਆਂ ਹਨ। ਲਾਲਚੀ ਮਾਨਸਿਕਤਾ ਨੇ ਰਿਸ਼ਤਿਆਂ ਨੂੰ ਸੌਦੇ ਵਿੱਚ ਬਦਲ ਦਿੱਤਾ ਹੈ।

ਸਾਡੇ ਪਿੰਡ ਦੇ ਬਾਹਰਵਾਰ ਕੋਈ ਡੇਢ ਕੁ ਕਿਲੋਮੀਟਰ ਦੀ ਵਿੱਥ ਉੱਤੇ ਇੱਕ ਨੀਵੀਂ ਥਾਂ 'ਤੇ ਕਾਫੀ ਵੱਡਾ ਟੋਆ ਹੁੰਦਾ ਸੀ ਜਿਸ ਵਿੱਚ ਹਮੇਸ਼ਾ ਪਾਣੀ ਖੜ੍ਹਾ ਰਹਿੰਦਾ ਸੀ। ਦੀਵਾਲੀ ਤੋਂ ਪਹਿਲਾਂ ਘਰਾਂ ਦੀ ਸਫਾਈ ਕਰਨ ਸਮੇਂ ਔਰਤਾਂ ਸਿਰ ਉਤੇ ਬੱਠਲ ਚੁੱਕੀ ਇਸ ਟੋਏ 'ਚੋਂ ਚੀਕਣੀ ਕਾਲੀ ਮਿੱਟੀ ਕੱਢ ਕੇ ਲਿਆਉਂਦੀਆਂ। ਜਦੋਂ ਉਸ ਨੂੰ ਪਾਣੀ ਵਿੱਚ ਘੋਲ ਕੇ ਕੰਧਾਂ 'ਤੇ ਪਰੋਲਾ ਮਾਰਦੀਆਂ ਤਾਂ ਉਸ 'ਚੋਂ ਆਉਂਦੀ ਮਹਿਕ ਮਨ ਨੂੰ ਨਸ਼ਿਆ ਜਿਹਾ ਦਿੰਦੀ। ਇੱਕ ਦਿਨ ਤੁਰਦਾ-ਫਿਰਦਾ ਅਖੌਤੀ ਸਾਧ ਉਥੇ ਆ ਕੇ ਬੈਠ ਗਿਆ। ਦੋ-ਚਾਰ ਵਿਹਲੜ ਉਸ ਕੋਲ ਬੈਠਣ ਲੱਗ ਪਏ। ਉਨ੍ਹਾਂ ਉਸ ਨੂੰ ਉਥੇ ਝੁੱਗੀ ਪਾ ਦਿੱਤੀ। ਉਸ ਨੇ ਉਸ ਨੀਵੀਂ ਜਗ੍ਹਾ ਨਾਲ ਸਬੰਧਤ ਮਨਘੜਤ ਕਹਾਣੀਆਂ ਜੋੜ-ਜੋੜ ਕੇ ਸੁਣਾਈਆਂ ਤੇ ਉਸ ਥਾਂ ਨੂੰ ਪੂਜਣਯੋਗ ਜਗ੍ਹਾ ਦਾ ਰੁਤਬਾ ਦੇ ਦਿੱਤਾ। ਉਸ ਕੋਲ ਬੈਠਣ ਵਾਲਿਆਂ ਨੇ ਉਸ ਦੀ ਮਹਿਮਾ ਦੇ ਨਾਲ ਉਸ ਟੋਏ 'ਚੋਂ ਪਾਣੀ ਨਾ ਸੁੱਕਣ ਸਬੰਧੀ ਸਾਧ ਵੱਲੋਂ ਦੱਸੀਆਂ ਮਨਘੜਤ ਕਹਾਣੀਆਂ ਦਾ ਪੂਰਾ ਪ੍ਰਚਾਰ ਕੀਤਾ।

ਇਹ ਪ੍ਰਚਾਰ ਆਪਣਾ ਕੰਮ ਕਰ ਗਿਆ। ਝੁੱਗੀ ਦੀ ਥਾਂ ਸੁੰਦਰ ਇਮ-ਾਰਤ ਬਣਨ ਲੱਗ ਗਈ। ਇਮਾਰਤ ਬਣਨ 'ਤੇ ਵੀ ਉਸ ਨੂੰ ਲੋਕ ਝੁੱਗੀ ਵਾਲਾ ਬਾਬਾ ਹੀ ਕਹਿੰਦੇ ਸਨ। ਸੇਵਾ ਕਰਨ ਅਤੇ ਮਾਇਆ ਦਾਨ ਕਰਨ ਵਾਲਿਆਂ ਦੀਆਂ ਕਤਾਰਾਂ ਲੱਗਾ ਗਈਆਂ। ਸਾਡੇ ਲੋਕ ਸੱਚ-ਝੂਠ ਦਾ ਨਿਤਾਰਾ ਕੀਤੇ ਬਿਨਾਂ ਸਾਧਾਂ ਮਗਰ ਝੱਟ ਲੱਗ ਜਾਂਦੇ ਹਨ। ਪਿੰਡ ਦਾ ਇੱਕ ਸਾਊ ਜਿਹਾ ਬੰਦਾ ਉਸ ਬਾਬੇ ਦਾ ਸ਼ਰਧਾਲੂ ਸੀ ਤੇ ਰੋਜ਼ ਉਥੇ ਸੇਵਾ ਕਰਨ ਜਾਂਦਾ ਸੀ। ਉਸ ਦਾ ਜਵਾਨ ਮੁੰਡਾ ਪੜ੍ਹ-ਲਿਖ ਕੇ ਘਰੇ ਵਿਹਲਾ ਬੈਠਾ ਸੀ। ਉਸ ਨੇ ਬਾਬੇ ਨੂੰ ਬੇਨਤੀ ਕੀਤੀ ਕਿ ਬਾਬਾ, ਜੇ ਕੋਈ ਬਾਹਰੋਂ ਆਪਣੀ ਕੁੜੀ ਦਾ ਇਧਰ ਵਿਆਹ ਕਰਨ ਆਇਆ ਪਰਿਵਾਰ ਤੁਹਾਡੀ ਨਿਗ੍ਹਾ ਵਿੱਚ ਆਵੇ ਤਾਂ ਆਪਣੇ ਮੁੰਡੇ ਦਾ ਖ਼ਿਆਲ ਰੱਖਿਓ। ਕੁਦਰਤੀ ਬਾਬੇ ਦੇ ਸ਼ਰਧਾਲੂਆਂ ਦਾ ਰਿਸ਼ਤੇਦਾਰ ਪਰਿਵਾਰ ਅਮਰੀਕਾ ਤੋਂ ਆਪਣੀ ਲੜਕੀ ਦਾ ਵਿਆਹ ਕਰਨ ਪੰਜਾਬ ਆਇਆ ਤਾਂ ਰਿਸ਼ਤੇਦਾਰਾਂ ਨੇ ਬਾਬੇ ਨੂੰ ਕਿਸੇ ਚੰਗੇ ਮੁੰਡੇ ਦੀ ਦੱਸ ਪਾਉਣ ਬਾਰੇ ਪੁੱਛ ਲਿਆ। ਬਾਬੇ ਨੂੰ ਆਪਣਾ ਸੇਵਾਦਾਰ ਯਾਦ ਆ ਗਿਆ। ਉਸ ਨੇ ਉਸ ਨੂੰ ਸੱਦ ਕੇ ਕਿਹਾ, 'ਲੈ ਬਈ ਭਗਤਾਂ! ਤੇਰਾ ਕੰਮ ਬਣ ਜਾਵਗਾ, ਪਰ ਤੈਨੂੰ ਛੇ ਲੱਖ ਰੁਪਏ ਡੇਰੇ ਲਈ ਦਾਨ ਦੇਣੇ ਪੈਣਗੇ।'

'ਠੀਕ ਹੈ ਬਾਬਾ, ਘਰੇ ਰਾਇ ਕਰਕੇ ਤੁਹਾਨੂੰ ਕੱਲ੍ਹ ਤੱਕ ਦੱਸ ਦੇਵਾਂਗਾ।' ਇਹ ਕਹਿੰਦਾ ਉਹ ਘਰ ਨੂੰ ਤੁਰ ਪਿਆ।

ਘਰੇ ਆ ਕੇ ਉਸ ਨੇ ਆਪਣੀ ਘਰਵਾਲੀ ਨਾਲ ਬੱਚਿਆਂ ਤੋਂ ਪਰਦੇ ਨਾਲ ਗੱਲ ਕੀਤੀ। ਪਹਿਲਾਂ ਉਨ੍ਹਾਂ ਨੂੰ ਲੱਗਿਆ ਕਿ ਧੀ ਵਾਲਿਆਂ ਨੇ ਆਪਣੀ ਧੀ ਵਿਆਹੁਣੀ ਹੈ। ਇਹ ਸੰਤ ਵਿਚਾਲਿਓਂ ਛੇ ਲੱਖ ਮਾਂਜਣ ਨੂੰ ਫਿਰਦਾ ਹੈ, ਪਰ ਜਦੋਂ ਦੋਵਾਂ ਜੀਆਂ ਨੇ ਸੋਚ-ਵਿਚਾਰ ਕੀਤੀ ਤਾਂ ਉਨ੍ਹਾਂ ਨੂੰ ਲੱਗਾ ਕਿ ਲੋਕ ਬਾਹਰ ਰਹਿੰਦੀਆਂ ਕੁੜੀਆਂ ਦੇ ਰਿਸ਼ਤੇ ਲਈ ਚਾਲੀ-ਚਾਲੀ ਲੱਖ ਚੁੱਕੀ ਫਿਰਦੇ ਹਨ। ਇਸ ਹਿਸਾਬ ਨਾਲ ਇਹ ਸੌਦਾ ਕੋਈ ਮਾੜਾ ਨੀ। ਦੂਜੇ ਦਿਨ ਜਾ ਕੇ ਉਸ ਨੇ ਹਾਂ ਕਰ ਦਿੱਤੀ। ਬਾਬੇ ਨੇ ਕੁੜੀ ਵਾਲਿਆਂ ਨੂੰ ਮੁੰਡੇ ਅਤੇ ਉਸ ਦੇ ਪਰਿਵਾਰ ਬਾਰੇ ਆਪਣੇ ਵੱਲੋਂ ਪੂਰੀ ਤਸੱਲੀ ਕਰਵਾ ਦਿੱਤੀ। ਮੁੰਡੇ ਨੂੰ ਡੇਰੇ ਸੱਦ ਕੇ ਵਿਖਾ ਦਿੱਤਾ। ਗੱਲ ਬਣ ਗਈ। ਬਾਬੇ 'ਤੇ ਵਿਸ਼ਵਾਸ ਐਨਾ ਜ਼ਿਆਦਾ ਸੀ ਕਿ ਪੁੱਛ-ਪੜਤਾਲ ਕਰਨ ਦੀ ਉਨ੍ਹਾਂ ਨੇ ਲੋੜ ਨਾ ਸਮਝੀ। ਸ਼ਗਨ ਦਾ ਦਿਨ ਵੀ ਰੱਖ ਲਿਆ। ਬਾਬੇ ਦਾ ਇੱਕ ਵਿਸ਼ਵਾਸ ਪਾਤਰ, ਜੋ ਸਾਰੀ ਗੱਲਬਾਤ ਵੇਲੇ ਨਾਲ ਸੀ, ਬਾਬੇ ਨੂੰ ਕਹਿਣ ਲੱਗਾ, 'ਬਾਬਾ ਜੀ! ਛੇ ਲੱਖ ਵਾਲੀ ਗੱਲ ਜਦੋਂ ਲੋਕਾਂ ਨੂੰ ਪਤਾ ਲੱਗੀ ਤਾਂ ਕਿਤੇ ਬਦਨਾਮੀ ਨਾ ਹੋ ਜਾਵੇ। ਵੈਸੇ ਉਹ ਬੰਦਾ ਤਾਂ ਨ੍ਹੀਂ ਗੱਲ ਬਾਹਰ ਕੱਢਣ ਵਾਲਾ, ਪਰ ਉਸ ਦਿਨ ਘੋਚੀ ਅਮਲੀ ਭਾਵੇਂ ਵਿਹੜੇ ਵਿੱਚ ਬੈਠਾ ਸੀ, ਉਸ ਦਾ ਕੰਨ ਆਪਣੀਆਂ ਗੱਲਾਂ ਵੱਲ ਸੀ।

'ਕਮਲਿਆਂ! ਮੇਰੇ ਨਾਲ ਰਹਿ ਕੇ ਵੀ ਤੂੰ ਮੇਰੀ ਫਿਤਰਤ ਸਮਝ ਨਹੀਂ ਸਕਿਆ। ਜਿਹੜੇ ਬੰਦਾ ਇੱਕ ਟੋਏ ਤੋਂ ਐਡਾ ਵੱਡਾ ਡੇਰਾ ਬਣਾ ਸਕਦਾ ਹੈ, ਉਹ ਇਸ ਛੋਟੇ-ਮੋਟੇ ਮਾਮਲੇ ਦੀ ਬਦਨਾਮੀ ਕਿਵੇਂ ਕਰਾ ਲਊ? ਦੇਖੀ ਜਾਈਂ ਬਾਬੇ ਦੀ ਜੈ-ਜੈ ਕਾਰ ਹੁੰਦੀ।'

ਸ਼ਗਨ ਵਾਲੇ ਦਿਨ ਜਿਉਂ ਹੀ ਲੜਕੀ ਵਾਲਿਆਂ ਨੇ ਸ਼ਗਨ ਪਾਉਣ ਦੀ ਰਸਮ ਅਦਾ ਕੀਤੀ ਤਾਂ ਬਾਬਾ ਖੜ੍ਹਾ ਹੋ ਕੇ ਕਹਿੰਦਾ, 'ਅੱਜ ਇਸ ਖੁਸ਼ੀ ਦੇ ਮੁਬਾਰਕ ਮੌਕੇ 'ਤੇ ਇਹ ਗੁਰਮੁਖ ਆਪਣੀ ਗੁਰਦੁਆਰੇ ਨਾਲ ਲੱਗਦੀ ਦੋ ਕਨਾਲਾਂ ਜ਼ਮੀਨ ਤੁਹਾਡੇ ਪਿੰਡ ਦੇ ਗੁਰਦੁਆਰੇ ਵਿੱਚ ਲੰਗਰ ਹਾਲ ਬਣਾਉਣ ਲਈ ਦਾਨ ਕਰਦਾ ਹੈ। ਤੁਸੀਂ ਹਿੰਮਤ ਕਰਕੇ ਲੰਗਰ ਹਾਲ ਬਣਾ ਦੇਣਾ। ਕਾਰਜ ਸਮੇਂ ਲੰਗਰ ਹਾਲ ਨਾ ਹੋਣ ਕਰਕੇ ਬਹੁਤ ਦਿੱਕਤ ਆਉਂਦੀ ਹੈ।'

ਗੁਰਮੁਖ ਨੂੰ ਪੱਲੇ ਨਾ ਪਵੇ ਕਿ ਬਾਬੇ ਨੇ ਇਹ ਨਵਾਂ ਸ਼ੋਸ਼ਾ ਕਿਥੋਂ ਕੱਢ ਮਾ-ਰਿਆ, ਪਰ ਮਰਦਾ ਕੀ ਨਾ ਕਰਦਾ। ਮੌਕੇ ਦੀ ਨਜ਼ਾਕਤ ਦੇਖਦਿਆਂ ਹਾਂ ਕਹਿਣੀ ਪਈ। ਭਗਤ ਦਾ ਮੁੰਡਾ ਵਿਦੇਸ਼ ਵਿਆਹਿਆ ਗਿਆ ਅਤੇ ਬਾਬੇ ਦੇ ਭਗਤਾਂ ਵਿੱਚ ਚੋਖਾ ਵਾਧਾ ਹੋ ਗਿਆ। ਬੱਚਿਆਂ ਨੂੰ ਵਿਦੇਸ਼ ਘੱਲਣ ਦੇ ਚਾਹਵਾਨ ਮਾਪਿਆਂ ਦੇ ਗੇੜੇ ਡੇਰੇ ਵਧਣ ਲੱਗ ਪਏ।

ਵਿਦੇਸ਼ਾਂ ਵਿੱਚ ਵੱਸਣ ਦੀ ਭੁੱਖ ਐਨੀ ਹਾਵੀ ਹੋ ਗਈ ਹੈ ਕਿ ਅਸੀਂ ਜਹਾਜ਼ ਚੜ੍ਹਨ ਖ਼ਾਤਰ ਰਿਸ਼ਤਿਆਂ ਦੀਆਂ ਮਾਣ-ਮੱਤੀਆਂ ਮਰਿਆਦਾਵਾਂ ਤੇ ਪਵਿੱਤਰਤਾ ਨੂੰ ਦਾਅ 'ਤੇ ਦਿੱਤਾ ਹੈ। ਆਈਲੈਟਸ 'ਚੋਂ ਛੇ-ਸੱਤ ਬੈਂਡ ਲੈਣ ਵਾਲਿਆਂ ਬੱਚਿਆਂ ਨੂੰ ਲੱਖਾਂ ਰੁਪਏ ਦੇ ਸੌਦੇ ਕਰਕੇ ਕਿਤੇ ਅਸਲੀ ਤੇ ਕਿਤੇ ਜਾਅਲੀ ਵਿਆਹ ਬੰਧਨਾਂ ਵਿੱਚ ਬੰਨ੍ਹਿਆ ਜਾ ਰਿਹਾ ਹੈ। ਇਹ ਜਾਣਦੇ ਹੋਏ ਵੀ ਕਿ ਅਸੀਂ ਜੁਆਰੀ ਵਿਆਹ ਕਰ ਰਹੇ ਹਾਂ। ਫਿਰ ਵੀ ਲਾਵਾਂ ਪੜ੍ਹ ਕੇ ਅਨੰਦ ਕਾਰਜ ਕੀਤੇ ਜਾ ਰਹੇ ਹਨ। ਬਹੁਤੇ ਪੰਜਾਬੀ ਹਰ ਹੀਲਾ ਵਰਤ ਕੇ, ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਖੋਰਾ ਲਾ ਕੇ, ਮਾਂ ਸਮਾਨ ਜ਼ਮੀਨ ਜਾਂ ਮਾਂ ਦੇ ਨੱਕ-ਕੰਨ ਦੇ ਗਹਿਣੇ ਸਭ ਵੇਚ-ਵੱਟ ਕੇ ਸਮੁੰਦਰਾਂ ਪਰਬਤਾਂ ਨੂੰ ਪਾਰ ਕਰਕੇ ਦੁਰਾਡੀਆਂ ਅਤੇ ਅਜਨਬੀ ਥਾਵਾਂ ਵੱਲ ਰੁਖ ਕਰ ਰਹੇ ਹਨ। ਇਹ ਰੁਝਾਨ ਕਿਉਂ ਹੈ? ਇਸ ਪਿੱਛੇ ਕੀ ਕਾਰਨ ਹਨ? ਇਸ ਬਾਰੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਡੂੰਘਾਈ ਨਾਲ ਵਿਚਾਰ ਕਰਨੀ ਚਾਹੀਦੀ ਹੈ। ਕਾਸ਼! ਸਾਡੇ ਦੇਸ਼ ਵਿੱਚ ਅਜਿਹਾ ਸੁਖਾਵਾਂ ਮਾਹੌਲ ਹੁੰਦਾ, ਜਿੱਥੇ ਹਰੇਕ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੁੰਦੀਆਂ। ਸਾਡੇ ਬੱਚੇ ਵਸਦੇ-ਰਸਦੇ ਘਰਾਂ ਵਿੱਚ ਚੁੱਪ ਪਸਾਰ ਕੇ ਪਰਾਏ ਦੇਸ਼ਾਂ ਦੇ ਖੇਤਾਂ ਅਤੇ ਕਾਰਖਾਨਿਆਂ ਵਿੱਚ ਆਪਣੀ ਕਿਰਤ ਨਾ ਲੁਟਾ ਰਹੇ ਹੁੰਦੇ। ਕਾਸ਼! ਉਹ ਇੱਥੇ ਹੀ ਮੌਜਾ ਮਾਣਦੇ ਹੋਏ ਆਪਣੀ ਮਾਤ-ਭੂਮੀ ਦੀ ਸੇਵਾ ਕਰਦੇ।

# ਤਿੰਨ ਦਿਨਾਂ ਦਾ ਸਾਥ

-ਇਕਬਾਲ ਸਿੰਘ ਹਮਜਾਪੁਰ

ਲੰਮਾ ਸਮਾਂ ਵੱਖ-ਵੱਖ ਸਕੂਲਾਂ ਵਿੱਚ ਨੌਕਰੀ ਕਰਨ ਕਰਕੇ ਮੇਰਾ ਦੂਰ-ਨੇੜੇ ਦੇ ਅਨੇਕਾਂ ਮੁਲਾਜ਼ਮਾਂ ਨਾਲ ਵਾਹ ਪਿਆ ਹੈ। ਮੇਰੇ ਨਾਲ ਕੰਮ ਕਰਨ ਵਾਲਿਆਂ ਵਿੱਚੋਂ ਇੱਕ ਜੀਵਨ ਹਰਿਆਣਵੀ ਹੈ, ਉਹਨੇ ਮੇਰੇ ਨਾਲ ਸਿਰਫ ਤਿੰਨ ਦਿਨ ਕੰਮ ਕੀਤਾ ਤੇ ਤਿੰਨਾਂ ਦਿਨਾਂ ਵਿੱਚ ਬਦਲ ਕੇ ਹਰਿਆਣੇ ਦੇ ਅੱਧ ਵਿਚਾਲੇ ਰੋਹਤਕ ਚਲਾ ਗਿਆ ਸੀ। ਰੋਹਤਕ ਵੱਲ ਹੀ ਉਸ ਦਾ ਪਿੰਡ ਸੀ। ਕੁਝ ਸਾਲਾਂ ਬਾਅਦ ਕਿਸੇ ਕੰਮ ਲਈ ਮੇਰਾ ਰੋਹਤਕ ਜਾਣ ਦਾ ਸਬੱਬ ਬਣ ਗਿਆ। ਮੈਂ ਆਪਣੀ ਸਹੂਲਤ ਵਾਸਤੇ ਡਾਇਰੀ ਵਿੱਚੋਂ ਨੰਬਰ ਲੱਭ ਕੇ ਜੀਵਨ ਨੂੰ ਫੋਨ ਕੀਤਾ ਅਤੇ ਉਸ ਨੂੰ ਰੋਹਤਕ ਆਉਣ ਬਾਰੇ ਦੱਸਿਆ। ਸੁਣ ਕੇ ਜੀਵਨ ਨੂੰ ਚਾਅ ਚੜ੍ਹ ਗਿਆ। ਉਹਨੇ ਮੈਨੂੰ ਮਿਲ ਕੇ ਜਾਣ ਦੀ ਤਾਕੀਦ ਕੀਤੀ ਅਤੇ ਮੈਂ ਵੀ ਆਪਣਾ ਕੰਮ ਨਿਬੇੜਨ ਤੋਂ ਬਾਅਦ ਜੀਵਨ ਨੂੰ ਮਿਲਣ ਦੀ ਵਿਉਂਤ ਬਣਾ ਲਈ। ਰੋਹਤਕ ਮੇਰੇ ਪਿੰਡ ਤੋਂ ਡੇਢ ਸੌ ਕਿਲੋਮੀਟਰ ਦੇ ਕਰੀਬ ਦੂਰ ਹੈ ਤੇ ਜੀਵਨ ਦਾ ਪਿੰਡ ਰੋਹਤਕ ਤੋਂ ਅੱਗੇ ਹੋਰ ਤੀਹ ਕਿਲੋਮੀਟਰ ਸੀ।

ਤੰਬਾਕੂ ਸੇਵਨ ਹਰਿਆਣਵੀ ਸੰਸਕ੍ਰਿਤੀ ਦਾ ਅੰਗ ਹੈ। ਮੈਂ ਜਾਣਦਾ ਸਾਂ ਕਿ ਹਰਿਆਣੇ ਦੀ ਬੱਸ ਵਿੱਚ ਬੀੜੀਆਂ-ਸਿਗਰਟਾਂ ਦੇ ਧੂੰਏ ਨੇ ਸਿਰ ਦੁਖਣ ਲਾ ਦੇਣਾ ਹੈ, ਪਰ ਜੀਵਨ ਦੇ ਵਾਰ-ਵਾਰ ਮਿਲ ਕੇ ਜਾਣ ਦੀ ਤਾਕੀਦ ਕਰਦੇ ਹੋਣ ਕਰਕੇ ਰੋਹਤਕ ਬੱਸ ਅੱਡੇ ਤੋਂ ਉਸ ਦੇ ਪਿੰਡ ਦੀ ਬਸ ਫੜ ਲਈ। ਕੰਡਕਟਰ ਨੂੰ ਜੀਵਨ ਦੇ ਪਿੰਡ ਲਾਹ ਦੇਣ ਦੀ ਤਾਕੀਦ ਕੀਤੀ। ਫਿਰ ਖਿਆਲ ਆਇਆ ਕੰਡਕਟਰ ਦਾ ਸੌ ਸਵਾਰੀਆਂ ਨਾਲ ਵਾਹ ਪੈਣਾ, ਇਸ ਨੂੰ ਕਿਹੜਾ ਯਾਦ ਰਹਿਣਾ, ਮੈਂ ਕਿਧਰੇ ਅੱਗੇ ਨਾ ਲੰਘ ਜਾਵਾਂ! ਇਹ ਸੋਚਦਿਆਂ ਫਿਰ ਜੀਵਨ ਨੂੰ ਫੋਨ ਮਿਲਾ ਲਿਆ ਤੇ ਉਸ ਨੂੰ ਆਪਣੇ ਪਿੰਡ ਦੀ ਕੋਈ ਨਿਸ਼ਾਨੀ ਦੱਸਣ ਨੂੰ ਆਖਿਆ। ਜੀਵਨ ਦੇ ਪਿੰਡ ਦੀ ਕੋਈ ਖਾਸ ਨਿਸ਼ਾਨੀ ਦੇਖ ਕੇ ਮੈਂ ਆਪੇ ਬੱਸ ਵਿਚੋਂ ਉਤਰ ਸਕਦਾ ਸਾਂ, ਪੁੱਛ-ਪੁਛਾਈ ਦੀ ਜ਼ਰੂਰਤ ਹੀ ਨਹੀਂ ਸੀ ਪੈਣੀ, ਪਰ ਜੀਵਨ ਨੇ ਆਪਣੇ ਪਿੰਡ ਦੀ ਕੋਈ ਨਿਸ਼ਾਨੀ ਨਾ ਦੱਸੀ। ''ਆਪ ਨਿਸ਼ਚਿੰਤ ਹੋ ਜਾਓ , ਮੈਂ ਖੁਦ ਆਪਕੋ ਬੱਸ ਸੇ ਉਤਾਰ ਲੂੰਗਾ।'' ਇਹ ਆਖਦਿਆਂ ਉਹਨੇ ਮੈਨੂੰ ਬੇਫਿਕਰ ਕਰ ਦਿੱਤਾ।

ਬੱਸ ਕੱਚੀਆਂ-ਪੱਕੀਆਂ ਸੜਕਾਂ ਤੇ ਰਿੜ੍ਹਦੀ, ਥਾਂ-ਥਾਂ ਰੁਕਦੀ ਜੀਵਨ ਦੇ ਪਿੰਡ ਨੂੰ ਜਾ ਰਹੀ ਸੀ। ਹਰ ਅੱਡੇ ਤੇ ਕੁਝ ਸਵਾਰੀਆਂ ਲਹਿੰਦੀਆਂ ਤੇ ਕੁਝ ਹੋਰ ਚੜ੍ਹ ਜਾਂਦੀਆਂ। ਲਹਿੰਦੀਆਂ-ਚੜ੍ਹਦੀਆਂ ਸਵਾਰੀਆਂ ਮੇਰੇ ਵੱਲ ਕਨੱਖਾ ਜਿਹਾ ਝਾਕ ਲੈਂਦੀਆਂ। ਸ਼ਾਇਦ ਉਹ ਹੈਰਾਨ ਸਨ ਕਿ 'ਸਰਦਾਰ' ਨੂੰ ਉਨ੍ਹਾਂ ਦੇ ਪਿੰਡਾਂ ਵੱਲ ਕੀ ਕੰਮ ਪੈ ਗਿਆ। ਸਵਾਰੀਆਂ ਸ਼ਾਇਦ ਇਹ ਵੀ ਕਿਆਸ ਲਾਉਂਦੀਆਂ ਸਨ ਕਿ ਇਸ 'ਸਰਦਾਰ' ਨੇ ਇਸ ਇਲਾਕੇ ਵਿੱਚ ਕਿਸ ਪਿੰਡ ਤੇ ਕਿਸ ਦੇ ਘਰ ਜਾਣਾ ਹੋਵੇਗਾ!

ਬੱਸ ਹੌਲੀ-ਹੌਲੀ ਤੁਰਦੀ ਘੰਟੇ ਕੁ ਬਾਅਦ ਜੀਵਨ ਦੇ ਪਿੰਡ ਦੇ ਅੱਡੇ ਉੱਤੇ ਜਾ ਕੇ ਰੁਕੀ। ਜੀਵਨ ਨੇ ਅਗਲੀ ਬਾਰੀ ਥਾਣੀਂ ਚੜ੍ਹ ਕੇ ਪੂਰੇ ਜ਼ੋਰ ਨਾਲ 'ਆ ਜਾਓ ਜੀ ਆ ਜਾਓ!' ਆਖਦਿਆਂ ਮੈਨੂੰ ਹੇਠਾਂ ਉਤਾਰ ਲਿਆ। ਉਹ ਮੈਨੂੰ ਜੱਫੀ ਪਾ ਕੇ ਮਿ-ਲਿਆ। ਜੀਵਨ ਦੇ ਪਿੰਡ ਉਤਰਨ ਵੇਲੇ ਹੁੰਮਸ ਭਰੀ ਗਰਮੀ ਤੋਂ ਬਾਅਦ ਤੇਜ਼ ਮੀਂਹ ਉਤਰ ਪਿਆ ਸੀ। ਉਸ ਨੇ ਵੱਡੀ ਸਾਰੀ ਛਤਰੀ ਖੋਲ੍ਹ ਕੇ ਮੇਰੇ ਸਿਰ ਉੱਤੇ ਕਰ ਦਿੱਤੀ। ਬੱਸ ਵਿਚਲੀਆਂ ਤੇ ਹੇਠਾਂ ਖੜ੍ਹੀਆਂ ਸਵਾਰੀਆਂ ਕਦੀ ਮੇਰੇ ਵੱਲ, ਕਦੇ ਜੀਵਨ ਵੱਲ ਝਾਕ ਰਹੀਆਂ ਸਨ। ਉਨ੍ਹਾਂ ਨੂੰ ਜਿਵੇਂ ਮੇਰੇ ਅਤੇ ਜੀਵਨ ਵਿਚਲੇ ਸਬੰਧਾਂ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ।

ਜੀਵਨ ਨੇ ਆਪਣੇ ਘਰ ਪਹੁੰਚਣ ਤੱਕ ਛਤਰੀ ਮੇਰੇ ਸਿਰ ਉਤੇ ਹੀ ਕਰੀ ਰੱਖੀ। ਆਪ ਉਹ ਮੋਹਲੇਧਾਰ ਮੀਂਹ ਵਿੱਚ ਭਿੱਜਦਾ ਰਿਹਾ। ਮੈਂ ਉਸ ਨੂੰ ਵਾਰ-ਵਾਰ ਛਤਰੀ ਹੇਠ ਹੋ ਜਾਣ ਲਈ ਆਖਦਾ ਰਿਹਾ, ਪਰ ਉਹ ਹਰ ਵਾਰ ਇਹ ਆਖਦਾ ਗੱਲ ਟਾਲ ਜਾਂਦਾ, ''ਮ੍ਹਾਰਾ (ਸਾਡਾ) ਤੋਂ ਕਯਾ ਹੈ। ਥਾਰੀ (ਤੁਹਾਡੀ) ਪਗੜੀ ਨਹੀਂ ਭੀਗਨੀ ਚਾਹੀਏ।''

ਉਸ ਦਿਨ ਜੀਵਨ ਨੇ ਮੇਰੀ ਖਾਸ ਪ੍ਰਾਹੁਣਿਆਂ ਵਾਂਗ ਆਓ ਭਗਤ ਕੀਤੀ। ਉਹਨੇ ਮੈਨੂੰ ਆਪਣੇ ਰਵਾਇਤੀ ਪਕਵਾਨ ਰਾਬੜੀ ਅਤੇ ਚੂਰਮੇ ਦਾ ਸਵਾਦ ਵੀ ਚਖਾਇਆ। ਜੀਵਨ ਅਤੇ ਉਸ ਦੇ ਪਰਿਵਾਰ ਦੇ ਹੋਰ ਜੀਅ ਮੇਰੇ ਨਾਲ ਇੰਜ ਗੱਲਬਾਤ ਕਰ ਰਹੇ ਸਨ, ਜਿਵੇਂ ਸਾਡਾ ਪੀੜ੍ਹੀਆਂ ਦਾ ਸਾਕ ਹੋਵੇ। ਵਾਪਸੀ ਵੇਲੇ ਉਹ ਆਪਣੀ ਘਰ ਵਾਲੀ ਅਤੇ ਬੱਚਿਆਂ ਸਮੇਤ ਮੈਨੂੰ ਬੱਸ ਅੱਡੇ ਤੱਕ ਛੱਡਣ ਆਇਆ। ਉਹਨੇ ਬੱਸ ਅੱਡੇ ਤੇ ਆ ਕੇ ਮੈਨੂੰ ਵਿਦਾ ਕਰਦਿਆਂ ਦੁਬਾਰਾ ਵੀ ਗੇੜਾ ਮਾਰਨ ਦੇ ਲਈ ਤਾਕੀਦ ਕੀਤੀ। ਬੱਸ ਵਿੱਚ ਬੈਠਾ ਮੈਂ ਸੋਚ ਰਿਹਾ ਸਾਂ ਕਿ ਇਸ ਖੁਸ਼ਕ ਜਿਹੇ ਇਲਾਕੇ ਦੇ ਲੋਕ ਕਿੰਨੇ ਮਿਲਾਪੜੇ ਹਨ। ਜੀਵਨ ਨਾਲ ਮੇਰਾ ਸਿਰਫ਼ ਤਿੰਨ ਦਿਨਾਂ ਦਾ ਸਾਥ ਹੈ। ਸਿਰਫ਼ ਤਿੰਨ ਦਿਨਾਂ ਦੀ ਸਾਂਝ ਕਾਰਨ ਇਸ ਨੇ ਮੇਰੀ ਕਿੰਨੀ ਆਓ ਭਗਤ ਕੀਤੀ! ਫਿਰ ਘਰ ਆ ਕੇ ਉਹਨੂੰ ਫੋਨ ਮਿਲਾ ਲਿਆ। 'ਜੀਵਨ ਭਾਈ ਆਪਕੀ ਮੇਜ਼ਬਾਨੀ ਕਾ ਕੋਈ ਸ਼ਰੀਕ ਨਹੀਂ।' ਮੈਂ ਜੀਵਨ ਦਾ ਧੰਨਵਾਦ ਕਰ ਰਿਹਾ ਸਾਂ। ''ਓ ਭਾਈ! ਥ੍ਹਾਮਨੇ (ਤੁਸੀ) ਬੀ ਤੋਂ ਮ੍ਹਾਨੇ (ਸਾਨੂੰ) ਦੂਰੀ ਭੁਲ ਦੀ ਥੀ। ਮਨ ਮੈਂ ਸ਼ੰਕਾ ਥੀ ਕਿ ਘਰ ਸੇ ਦੂਰ ਪੰਜਾਬ ਕੀ ਤਰਫ ਕੈਸੇ ਬਸੇਬਾ ਹੋਗਾ ਪਰ ਥ੍ਹਾਮਨੇ ਤੋਂ ਤੀਨ ਦਿਨ ਮੇਂ ਹੀ ਮਾਨ ਆਪਣਾ ਬਨਾ ਲਿਆ ਥਾਂ। ਤੀਨ ਦਿਨ ਮੇਂ ਏਕ ਬਾਰ ਬੀ ਘਰ ਕੀ ਯਾਦ ਕੋਨੀ ਆਣ ਦੀ ਥੀ।'' ਜੀਵਨ ਹਰਿਆਣਵੀ ਵਿੱਚ ਆਖ ਰਿਹਾ ਸੀ।

# ਜੀਵਨ ਸਾਥੀ

-ਸ਼ਮਿੰਦਰ ਕੌਰ-

'ਦਿਮਾਗ ਫਿਰ ਗਿਆ ਬੁੱਢੇ ਦਾ। ਕੀ ਆਖਰ ਆਈ ਜੇ ਬੁੱਢੀ ਮਰ ਗਈ। ਹੁਣ ਮਰਨਾ ਹੀ ਸੀ ਓਹਨੇ,' ਸਵਾਹ ਚੁੱਕ ਲਿਆਇਆ ਬਚਿੱਤਰ ਸਿਹੁੰ ਆਪਣੀ ਪਤਨੀ ਗੁਰਬਚਨ ਕੌਰ ਨੂੰ ਕਹਿ ਰਿਹਾ ਸੀ। 'ਜੀ ਜੀਵਨ ਸਾਥੀ ਕਿਹੜਾ ਥੋੜ੍ਹੀ ਚੀਜ਼ ਹੁੰਦਾ,' ਨੀਵੀਂ ਪਾ ਕੇ ਚੁੰਨੀ ਮੂੰਹ ਉਤੇ ਰੱਖੀ ਬੈਠੀ ਬਚਨੋ ਬਸ ਇੰਨਾ ਹੀ ਬੋਲ ਸਕੀ।

ਬਚਿੱਤਰ ਸਿਹੁੰ ਤੇ ਬਚਨੋ ਦੋਵੇਂ ਪੱਕੀ ਉਮਰ ਵਿੱਚ ਪਹੁੰਚ ਗਏ ਸਨ। ਤਿੰਨ ਧੀਆਂ ਤੇ ਦੋ ਪੁੱਤਰ ਵਿਆਹ ਹੋ ਕੇ ਸੁਰਖਰੂ ਹੋ ਗਏ ਸਨ। ਬਚਿੱਤਰ ਸਿਹੁੰ ਬੜਾ ਰੋਅਬ ਰੱਖਣ ਵਾਲਾ ਬੰਦਾ ਸੀ। ਸੁਭਾਅ ਦਾ ਰੁੱਖਾ ਸੀ। ਹਰ ਵੇਲੇ ਟੌਹਰ ਕੱਢ ਕੇ ਰੱਖਦਾ। ਪੁੱਤ ਵਿਆਹ ਲਏ ਸਨ, ਪਰ ਘਰ ਵਿੱਚ ਅਜੇ ਵੀ ਓਸੇ ਦੀ ਚਲਦੀ ਸੀ। ਬਚਨੋਂ ਦੁਪਹਿਰ ਤਿੰਨ ਵਜੇ ਹੀ ਉਸ ਦਾ ਖਾਣਾ ਤਿਆਰ ਕਰਨ ਲੱਗ ਜਾਂਦੀ। ਫਿਰ ਬਚਿੱਤਰ ਸਿਹੁੰ ਆ ਕੇ ਆਵਾਜ਼ ਮਾਰਦਾ, 'ਬਚਨੋ! ਲਿਆ ਰੋਟੀ।' ਉਹ ਸਭ ਕੁਝ ਹਾਜ਼ਰ ਕਰ ਦਿੰਦੀ। ਬਚਨੋ ਪਤੀ ਦੀ ਬਹੁਤ ਸੇਵਾ ਕਰਦੀ ਤੇ ਉਸ ਤੋਂ ਡਰਦੀ ਵੀ, ਕਿਉਂਕਿ ਆਵਾਜ਼ ਮਾਰਦਿਆਂ ਹੀ ਰੋਟੀ ਹਾਜ਼ਰ ਨਾ ਹੁੰਦੀ ਤਾਂ ਬਚਿੱਤਰ ਸਿਹੁੰ ਲੋਹਾ ਲਾਖਾ ਹੋ ਜਾਂਦਾ।

ਅੱਜ ਬਚਨੋ ਦੇ ਪਿਤਾ ਨੇ ਆਪਣੀ ਪਤਨੀ ਦੇ ਫੁੱਲ ਚੁਗਣ ਨਹੀਂ ਦਿੱਤੇ ਸਨ। ਉਸ ਨੇ ਸਾਰੀ ਰਾਖ ਇਕੱਠੀ ਕਰਕੇ ਆਪਣੇ ਮੰਜੇ ਹੇਠਾਂ ਰੱਖ ਕੇ ਉਸ ਉਤੇ ਕੱਪੜਾ ਪਾ ਦਿੱਤਾ ਸੀ। ਸਭ ਨੇ ਬਹੁਤ ਰੌਲਾ ਪਾਇਆ, ਪਰ ਬਜ਼ੁਰਗ ਨੇ ਕਿਸੇ ਦੀ ਨਾ ਸੁਣੀ। ਇਸੇ ਗੱਲ ਕਾਰਨ ਬਚਿੱਤਰ ਸਿਹੁੰ ਬਚਨੋ ਨਾਲ ਲੜ ਰਿਹਾ ਸੀ। ਪਤਨੀ ਦੇ ਵਿਛੋੜੇ ਤੋਂ ਬਾਅਦ ਬਚਨੋ ਦਾ ਪਿਤਾ ਵੀ ਛੇ ਮਹੀਨੇ ਬਾਅਦ ਹੀ ਚੱਲ ਵਸਿਆ ਤੇ ਦੋਵਾਂ ਪਤੀ ਪਤਨੀ ਦੇ ਫੁੱਲ ਇਕੱਠਿਆਂ ਪ੍ਰਵਾਹ ਦਿੱਤੇ ਗਏ।

ਬਚਨੋ ਤੇ ਬਚਿੱਤਰ ਸਿਹੁੰ ਆਪਣੀ ਜ਼ਿੰਦਗੀ ਵਿੱਚ ਮਗਨ ਸਨ ਕਿ ਇਕ ਦਿਨ ਆਪਣੇ ਪੋਤਰੇ ਨੂੰ ਪਿੰਡ ਵਾਲੇ ਸਕੂਲੋਂ ਛੁੱਟੀ ਲਿਆਉਂਦੀ ਬਚਨੋ ਦਾ ਦਮ ਉਖੜ ਗਿਆ ਤੇ ਉਹ ਉਥੇ ਡਿੱਗ ਪਈ। ਡਾਕਟਰ ਨੂੰ ਬੁਲਾਇਆ ਗਿਆ, ਪਰ ਦਿਲ ਦਾ ਦੌਰਾ ਪੈਣ ਕਰਕੇ ਡਿੱਗਦਿਆਂ ਹੀ ਉਸ ਦੀ ਮੌਤ ਹੋ ਗਈ ਸੀ। ਗਰਮੀਆਂ ਦੇ ਵੱਡੇ ਦਿਨ ਸਨ। ਸਾਰੀ ਤਿਆਰੀ ਕਰਕੇ ਛੇ ਵਜੇ ਤੱਕ ਸਸਕਾਰ ਕਰ ਦਿੱਤਾ ਗਿਆ। ਇਹ ਸਭ ਇੰਨਾ ਛੇਤੀ ਹੋ ਗਿਆ ਕਿ ਬਚਿੱਤਰ ਸਿਹੁੰ ਕੁਝ ਸਮਝ ਹੀ ਨਹੀਂ ਸਕਿਆ। ਸੱਤਵੇਂ ਦਿਨ ਭੋਗ ਪੈ ਗਿਆ।

ਬਚਿੱਤਰ ਸਿਹੁੰ ਬਹੁਤ ਰੋਇਆ। ਸਭ ਨੇ ਪਹਿਲੀ ਵਾਰ ਉਸ ਨੂੰ ਰੋਂਦਿਆਂ ਵੇਖਿਆ ਸੀ, ਪਰ ਰੋਣ ਨਾਲ ਵੀ ਉਸ ਦੇ ਮਨ ਦਾ ਭਾਰ ਹੌਲਾ ਨਾ ਹੋਇਆ। ਹੁਣ ਉਹ ਪਹਿਲਾਂ ਵਾਲਾ ਬਚਿੱਤਰ ਸਿਹੁੰ ਨਹੀਂ ਸੀ ਰਹਿ ਗਿਆ। ਉਸ ਨੂੰ ਟੌਹਰਾਂ ਭੁੱਲ ਗਈਆਂ। ਘਬਰਾਹਟ ਕਰਕੇ ਓਹ ਵਾਰ-ਵਾਰ ਦਿਲ ਅਤੇ ਗਲੇ ਉਤੇ ਹੱਥ ਫੇਰਦਾ। ਕਿਤੇ ਵੀ ਟਿਕ ਕੇ ਨਾ ਬੈਠਦਾ। ਘਰ ਤੋਂ ਕਾਹਲੀ-ਕਾਹਲੀ ਸੱਥ ਵੱਲ ਭੱਜਿਆ ਜਾਂਦਾ। ਸਭ ਬੈਠਣ ਲਈ ਆਖਦੇ, ਪਰ ਉਹ ਨਾ ਬੈਠਦਾ। ਫਿਰ ਭੱਜਿਆ ਘਰ ਨੂੰ ਆਉਂਦਾ। ਆ ਕੇ ਬਚਨੋ ਨੂੰ ਆਵਾਜ਼ਾਂ ਮਾਰਦਾ। ਕਦੇ ਬਚਨੋ ਦੀ ਫੋਟੋ ਨਾਲ ਗੱਲਾਂ ਕਰਨ ਲੱਗਦਾ। ਰੋਂਦਾ ਤੇ ਘਰ ਤੋਂ ਸੱਥ ਦੇ ਗੇੜੇ ਕੱਢਦਾ ਬਚਿੱਤਰ ਸਿਹੁੰ ਹੁਣ ਪੂਰੀ ਤਰ੍ਹਾਂ ਪਾਗਲ ਹੋ ਚੁੱਕਿਆ ਸੀ।



## ਗੁਰਦੁਆਰਾ ਲਹੂੜਾ ਸਾਹਿਬ, ਜ਼ਿਲਾ ਲਾਹੌਰ

ਲਾਹੌਰ ਘਵਿੰਡੀ ਰੋਡ ਉੱਤੇ ਇੱਕ ਪਿੰਡ ਜਿਹਨੂੰ ਘਵਿੰਡ ਆਖਿਆ ਜਾਦਾ ਹੈ, ਇਹ ਪਿੰਡ ਘਰਿੰਡੀ ਤੋਂ ਕੋਈ ਦੋ ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਲਹੂੜਾ ਸਾਹਿਬ ਹੈ। ਗੁਰੂ ਸਾਹਿਬ ਇਸ ਪਿੰਡ ਵਿੱਚ "ਜਾਹਮਣ" ਤੋਂ ਚੱਲ ਕੇ ਆਏ ਸਨ। ਉਸ ਵੇਲੇ ਇੱਥੇ ਲਹੂੜੇ ਦਾ ਰੁੱਖ ਸੀ, ਜਿਸ ਥੱਲੇ ਆਪ ਬਿਰਾਜੇ, ਇਸ ਵਾਸਤੇ ਇਸ ਦਾ ਨਾਮ ਲਹੂੜਾ ਸਾਹਿਬ ਹੋ ਗਿਆ। ਇਸ ਬ੍ਰਿਛ ਨੂੰ ਰਹੋੜਾ ਤੇ ਰਹੀੜਾ ਵੀ ਆਖਿਆ ਜਾਂਦਾ ਹੈ। ਇਸ ਨੂੰ ਬਸੰਤ ਰੁੱਤ ਵਿੱਚ ਕੇਸਰੀ ਫੁੱਲ ਲਗਦੇ ਹਨ। ਇਸ ਦੀ ਲੱਕੜੀ ਸਾਰੰਗੀ ਤੇ ਦੂਸਰੇ ਸਾਜ਼ ਬਣਾਉਣ ਦੇ ਕੰਮ ਆਉਦੀ ਹੈ। ਜਦ ਗੁਰੂ ਸਾਹਿਬ ਨੇ ਇਸ ਭਾਗਾਂ ਵਾਲੀ ਧਰਤੀ ਉੱਤੇ ਚਰਨ ਪਾਏ, ਉਸ ਵੇਲੇ ਇੱਥੇ ਵਣਜਾਰਿਆਂ ਦੀ ਇੱਕ ਬਸਤੀ ਸੀ। ਪਿੰਡ ਦੇ ਵਣਜਾਰੇ ਦੇ ਘਰ ਲੜਕਾ ਪੈਦਾ ਹੋਇਆ, ਜਿਸ ਉੱਤੇ ਸਭ ਖੁਸ਼ੀਆਂ ਕਰ ਰਹੇ ਸਨ। ਭਾਈ ਮਰਦਾਨੇ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਪਾਤਿਸ਼ਾਹ! ਮੈ ਦੋ ਦਿਨਾਂ ਤੋਂ ਭੁੱਖਾ ਹਾਂ, ਜੇ ਹੁਕਮ ਦਿਉ ਤਾਂ ਪਿੰਡ ਵਿੱਚੋਂ ਰੋਟੀ ਖਾ ਆਵਾਂ। ਗੁਰੂ ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਚਲਾ ਭਾਂਵੇ ਜਾਹ ਪਰ ਮੂੰਹੋਂ ਮੰਗ ਕੇ ਰੋਟੀ ਨਾਂ ਖਾਵੀਂ। ਮਰਦਾਨਾ ਚਿਰ ਤੀਕਰ ਵਣਜਾਰਿਆਂ ਦੇ ਦਰ ਤੋਂ ਬੈਠਾ ਰਿਹਾ ਪਰ ਉਹ ਇਤਨੀ ਖੁਸ਼ੀ ਵਿੱਚ ਸਨ ਕਿ ਉਹਨਾਂ ਭਾਈ ਮਰਦਾਨੇ ਵੱਲ ਨਜ਼ਰ ਨਾ ਕੀਤੀ। ਕਰਤਾਰ ਦਾ ਭਾਣਾ ਇੰਨਾ ਹੋਇਆ ਕਿ ਉਹ ਲੜਕਾ ਚਲਾਣਾ ਕਰ ਗਿਆ ਅਤੇ ਸਭ ਰੋਣ ਪਿੱਟਣ ਲੱਗ ਪਏ। ਸਤਿਗੁਰੂ ਜੀ ਨੇ ਉਹਨਾ ਨੂੰ ਭਾਣਾ (ਰੱਬ ਦਾ ਹੁਕਮ) ਮੰਨਣ ਦਾ ਫਰਮਾਨ ਦਿੱਤਾ ਅਤੇ ਸ੍ਰੀ ਰਾਗ ਵਿੱਚ ਸ਼ਬਦ ਉਚਾਰਨ ਕੀਤਾ, ਜਿਸਦਾ ਸਿਰਲੇਖ "ਪਹਰੇ ਹੈ"। ਇਸ ਅਸਥਾਨ ਉੱਤੇ ਗੁਰਸਿੱਖਾਂ ਗੁਰਦੁਆਰਾ ਬਣਵਾ ਦਿੱਤਾ। ਸਦੀਆਂ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ। ਅੱਜਕਲ ਇਸ ਦੇ ਅੰਦਰ ਯੂਨੀਅਨ ਕੌਂਸਲ ਦਾ ਦਫਤਰ ਹੈ। ਮੁੱਖ ਦਵਾਰ ਗਿਰ ਚੁੱਕਿਆ ਹੈ। ਪ੍ਰਕਾਸ਼ ਅਸਥਾਨ ਅਲੋਪ ਹੋ ਗਿਆ ਹੈ। ਕੇਵਲ ਦੋ ਮਕਾਨ ਬਾਕੀ ਬਚੇ ਹਨ, ਜਿਹਨਾਂ ਵਿੱਚ ਦਫਤਰ ਦਾ ਕੰਮ ਹੁੰਦਾ ਹੈ। 20 ਵਿੱਘੇ ਜ਼ਮੀਨ ਦਰਬਾਰ ਦੇ ਨਾਂ ਹੈ ।

## ਅਲੋਪ ਹੋ ਗਈ 'ਚੱਕੀ ਚੂੰਗ' ਦੀ ਰਸਮ

-ਡਾ. ਪ੍ਰਿਤਪਾਲ ਸਿੰਘ ਮਹਿਰੋਕ

ਚੱਕੀ ਚੂੰਗ ਵਿਆਹ ਨਾਲ ਸਬੰਧਤ ਇਕ ਪ੍ਰਸਿੱਧ ਰਸਮ ਹੁੰਦੀ ਸੀ, ਜੋ ਬੜੇ ਉਮਾਹ, ਉਤਸ਼ਾਹ ਤੇ ਚਾਅ ਨਾਲ ਕੰਨਿਆਂ ਦੇ ਘਰ ਕੀਤੀ ਜਾਂਦੀ ਸੀ। ਵਿਆਹ ਲਈ ਮਿਥੇ ਗਏ ਦਿਨ ਤੋਂ ਕਰੀਬ ਇਕ ਮਹੀਨਾ ਪਹਿਲਾਂ ਕਿਸੇ ਦਿਨ ਨੂੰ ਸ਼ੁੱਭ ਮੰਨ ਕੇ ਤੈਅ ਕਰ ਲਿਆ ਜਾਂਦਾ ਸੀ ਤੇ ਮਿੱਥੇ ਹੋਏ ਦਿਨ ਨੂੰ ਕੁੜੀ ਦੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਆਂਢ ਗੁਆਂਢ ਦੀਆਂ ਔਰਤਾਂ ਇਕੱਠੀਆਂ ਹੁੰਦੀਆਂ ਸਨ। ਵਿਆਹ ਵਾਲੀ ਕੁੜੀ ਬਾਹਰੋਂ ਪਾਣੀ ਦਾ ਘੜਾ ਭਰਾ ਕੇ ਲਿਆਉਂਦੀ ਸੀ। ਕੁੜੀ ਦੀ ਮਾਂ, ਭਰਜਾਈ, ਸਹੇਲੀ ਜਾਂ ਰਿਸ਼ਤੇਦਾਰੀ ਵਿੱਚੋਂ ਕੋਈ ਕੁੜੀ (ਔਰਤ) ਉਸ ਤੋਂ ਘੜਾ ਖੋਹ ਲੈਂਦੀ ਸੀ ਤੇ ਫਿਰ ਇਕੱਠੀਆਂ ਹੋਈਆਂ ਸਾਰੀਆਂ ਕੁੜੀਆਂ/ ਔਰਤਾਂ ਰਲ ਕੇ ਲੋਕ ਗੀਤ ਦੀਆਂ ਇਹ ਤੁਕਾਂ ਗਾਉਂਦੀਆਂ ਸਨ:

ਘੜੇ ਵਿੱਚ ਘੁੱਟ ਪਾਣੀ ਕੁੜੇ,<br>
ਕੰਮ ਕਰਨ ਤੇਰੀਆਂ ਭਰਜਾਈਆਂ।<br>
ਕੰਮ ਕਰਨ ਨਿੱਕੜੀਆਂ ਜਾਈਆਂ,<br>
ਹੁਣ ਤਾਂ ਚਾਰ ਦਿਹਾੜੇ ਮਹਿਮਾਨੀ ਕੁੜੇ।

ਇਸ ਰਸਮ ਨੂੰ 'ਘੜਾ ਲੁਹਾਈ' ਵੀ ਕਹਿ ਲਿਆ ਜਾਂਦਾ ਸੀ। ਝੱਟ ਕੁ ਪਿੱਛੋਂ ਵਿਆਹ ਵਾਲੀ ਕੁੜੀ ਨੂੰ ਚੱਕੀ ਪੀਸਣ ਲਈ ਕਿਹਾ ਜਾਂਦਾ ਸੀ ਤੇ ਉਹ ਚੱਕੀ ਪੀਸਣ ਬੈਠ ਜਾਂਦੀ ਸੀ। ਮੌਕੇ ਉਤੇ ਜੁੜੀਆਂ ਸਾਰੀਆਂ ਕੁੜੀਆਂ/ ਔਰਤਾਂ ਵਾਰੋ-ਵਾਰੀ ਇਕ-ਇਕ, ਦੋ-ਦੋ ਚੂੰਗਾਂ ਗਾਲੇ ਵਿੱਚ ਪਾਉਂਦੀਆਂ ਜਾਂਦੀਆਂ ਸਨ। ਇਸ ਦੌਰਾਨ ਇਕ ਕੁੜੀ ਉਸ ਕੋਲੋਂ ਚੱਕੀ ਦਾ ਹੱਥਾ ਖੋਹ ਕੇ ਉਸ ਨੂੰ ਉਠਾਉਂਦੀ ਤੇ ਸੰਬੋਧਨੀ ਸੁਰ ਵਿੱਚ ਉਸ ਨੂੰ ਕਹਿੰਦੀ ਸੀ- 'ਕੁੜੀਏ! ਹੁਣ ਤੂੰ ਚੱਕੀ ਨਹੀਂ ਪੀਹਣੀ..।' ਬਾਕੀ ਕੁੜੀਆਂ/ ਇਸਤਰੀਆਂ ਨਾਲ ਹੀ ਗਾਉਣਾ ਸ਼ੁਰੂ ਕਰ ਦਿੰਦੀਆਂ ਸਨ:

ਚੱਕੀ ਵਿੱਚ ਲੱਪ ਚੂੰਗ ਕੁੜੇ,<br>
ਕੰਮ ਕਰਨ ਤੇਰੀਆਂ ਭਰਜਾਈਆਂ।<br>
ਕੰਮ ਕਰਨ ਨਿੱਕੜੀਆਂ ਜਾਈਆਂ,<br>
ਚਿੜੀਆਂ ਚੰਬਾ ਚੁਗ ਕੁੜੇ।

ਇਸ ਰਸਮ ਨੂੰ ਵਿਆਹ ਦੀ ਮੁੱਢਲੀ ਰਸਮ ਮੰਨਿਆ ਜਾਂਦਾ ਸੀ। ਇਸ ਮੌਕੇ ਸ਼ੱਕਰ ਤੇ ਤਿਲ ਚੌਲੀ ਵੰਡੀ ਜਾਂਦੀ ਸੀ। ਇਸੇ ਰਸਮ ਨੂੰ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਥੋੜ੍ਹੇ ਜਿਹੇ ਬਦਲਵੇਂ ਢੰਗ ਤਰੀਕੇ ਨਾਲ ਨਿਭਾਇਆ ਜਾਂਦਾ ਸੀ। ਵਿਆਹ ਦੇ ਦਿਨ ਤੋਂ ਕੁਝ ਦਿਨ ਪਹਿਲਾਂ ਕੰਨਿਆ ਅਤੇ ਵਰ ਦੋਵਾਂ ਦੇ ਘਰਾਂ ਵਿੱਚ ਇਹ ਰਸਮ ਕੀਤੀ ਜਾਂਦੀ ਸੀ। ਸਾਂਝ ਵਾਲੇ ਘਰਾਂ ਵਿੱਚੋਂ ਸੱਤ ਸੁੱਖੀ ਸਾਂਦੀ ਵੱਸਦੇ ਘਰਾਂ ਵਿੱਚੋਂ ਚੱਕੀਆਂ ਮੰਗਵਾਈਆਂ ਜਾਂਦੀਆਂ ਸਨ। ਵਿਆਹ ਵਾਲੀ ਕੁੜੀ ਨੂੰ ਚੱਕੀਆਂ ਦੇ ਕੋਲ ਬਿਠਾ ਕੇ ਸੱਤ ਸੁਹਾਗਣਾਂ ਸੱਤ ਮੁੱਠੀਆਂ ਅੰਨ ਨੂੰ ਸੱਤਾਂ ਚੱਕੀਆਂ ਦੇ ਗਾਲਿਆਂ ਵਿੱਚ ਪਾ ਕੇ ਪੀਂਹਦੀਆਂ ਸਨ। ਪਹਿਲਾਂ ਮਾਂਹ ਦੀ ਦਾਲ ਦਲੀ ਜਾਂਦੀ ਸੀ। ਫਿਰ ਵੜੀਆਂ ਟੁੱਕੀਆਂ ਜਾਂਦੀਆਂ ਸਨ। ਪਹਿਲੀ ਵੜੀ ਵਿੱਚ ਦੁੱਭ ਦੇ ਘਾਹ ਦੀਆਂ ਪੱਤੀਆਂ ਤੇ ਮੌਲੀ ਦਾ ਧਾਗਾ ਸ਼ਗਨ ਵਜੋਂ ਲਾ ਦਿੱਤਾ ਜਾਂਦਾ ਸੀ। ਚੱਕੀਆਂ ਪੀਹਣ ਵਾਲੀਆਂ ਔਰਤਾਂ ਇਕ ਸੁਰ ਵਿੱਚ ਰਲ ਕੇ ਗੀਤ ਛੋਹ ਲੈਂਦੀਆਂ ਸਨ:

ਸੱਤ ਸੁਹਾਗਣਾਂ, ਸੱਤ ਗਾਲੇ,<br>
ਚੱਕੀ ਹੱਥ ਲੁਆ।<br>
ਕਿੱਥੋਂ ਲਿਆਂਦਾ ਹੱਥਾ।<br>
ਧੁਰ ਲਾਹੌਰੋਂ ਚੱਕੀ ਲਿਆਂਦੀ,<br>
ਪਟਿਆਲਿਓਂ ਲਿਆਂਦਾ ਹੱਥਾ।

ਇਸ ਮੌਕੇ ਉਬਲੀ ਹੋਈ ਕਣਕ ਵਿੱਚ ਸ਼ੱਕਰ ਰਲਾ ਕੇ ਵੰਡੀ ਜਾਂਦੀ, ਜਿਸ ਨੂੰ ਘੁੰਗਣੀਆਂ ਜਾਂ ਬੌਕਲੀਆਂ ਕਹਿ ਲਿਆ ਜਾਂਦਾ ਸੀ। ਇਹ ਸਿਲਸਿਲਾ ਕਈ ਦਿਨ ਚੱਲਦਾ ਰਹਿੰਦਾ ਸੀ। ਵਿਆਹ ਦੇ ਦਿਨਾਂ ਦੌਰਾਨ ਵਰਤਿਆ ਜਾਣ ਵਾਲਾ ਅੰਦਾਜ਼ਨ ਆਟਾ ਤੇ ਵੇਸਣ ਆਦਿ ਪੀਹ ਲਿਆ ਜਾਂਦਾ। ਸ਼ਗਨਾਂ ਦਾ ਇਹ ਆਟਾ ਸਾਂਭ ਕੇ ਰੱਖਿਆ ਜਾਂਦਾ ਸੀ ਤੇ ਉਸ ਨੂੰ 'ਕੋਠੀ ਆਟਾ' ਕਹਿੰਦੇ ਸਨ। ਕਈ ਇਲਾਕਿਆਂ ਵਿੱਚ ਚੱਕੀ ਚੂੰਗ ਦੀ ਰਸਮ ਵੇਲੇ ਸਵਾ ਪੰਜ ਸੇਰ ਆਟਾ ਪੀਸਿਆ ਜਾਂਦਾ ਸੀ। ਆਟਾ ਪੀਸਣ ਤੋਂ ਪਹਿਲਾਂ ਚੱਕੀ ਨਾਲ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਸੀ। ਜਿਸ ਭਾਂਡੇ ਵਿੱਚ ਆਟਾ ਪਾ ਕੇ ਰੱਖਿਆ ਜਾਂਦਾ, ਉਸ ਨੂੰ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਸੀ। ਸ਼ਗਨਾਂ ਨਾਲ ਪੀਸੇ ਹੋਏ ਇਸ ਆਟੇ ਵਿੱਚ ਹੋਰ ਆਟਾ ਮਿਲੇ ਕੇ ਉਸ ਨੂੰ ਵਿਆਹ ਦੇ ਮੌਕੇ 'ਤੇ ਵਰਤਿਆ ਜਾਂਦਾ। ਇਸ ਮੌਕੇ ਵਿਆਹ ਵਾਲੀ ਕੁੜੀ ਦੀ ਝੋਲੀ ਵਿੱਚ ਸ਼ਗਨ ਵਜੋਂ ਮਠਿਆਈਆਂ ਵੀ ਪਾਈਆਂ ਜਾਂਦੀਆਂ। ਝੋਕੀ ਝੋਤਣ ਵੇਲੇ ਗਾਏ ਜਾਣ ਵਾਲੇ ਗੀਤਾਂ ਨੂੰ 'ਚੱਕੀ ਦੇ ਗੀਤ' ਕਹਿ ਲਿਆ ਜਾਂਦਾ ਸੀ। ਚੱਕੀ ਨੂੰ ਘਰ ਵਿੱਚ ਵਰਤਿਆ ਜਾਣ ਵਾਲਾ ਬਹੁਤ ਪਵਿੱਤਰ ਸਾਧਨ ਸਮਝਿਆ ਜਾਂਦਾ ਸੀ। ਚੱਕੀ ਨੂੰ ਪੂਜਣ ਦੀ ਰਸਮ ਵੀ ਅਦਾ ਕੀਤੀ ਜਾਂਦੀ ਸੀ। ਕਿਹਾ ਜਾਂਦਾ ਸੀ, ਜਿਸ ਘਰ ਚੱਕੀ ਨਹੀਂ, ਉਥੇ ਖਾਣ ਨੂੰ ਫੱਕੀ ਨਹੀਂ।

ਚੱਕੀ ਅਸਲ ਵਿੱਚ ਘਰ ਵਿੱਚ ਅੰਨ ਦੇ ਭਰਪੂਰ ਭੰਡਾਰ ਹੋਣ ਦਾ ਪ੍ਰਤੀਕ ਸਮਝੀ ਜਾਂਦੀ ਸੀ। ਘਰ ਵਿੱਚ ਅੰਨ ਦੀ ਬਰਕਤ ਦਾ ਪ੍ਰਤੀਕ ਸੀ ਚੱਕੀ। ਸੱਤ ਸੁਹਾਗਣਾਂ ਸੁਹਾਗ ਦੀ ਸਲਾਮਤੀ ਦਾ ਪ੍ਰਤੀਕ ਸਨ। ਘਰ ਵਿੱਚ ਖਾਣ ਲਈ ਅਨਾਜ ਦਾ ਭੰਡਾਰ ਹੋਵੇ ਅਤੇ ਸੁਹਾਗ ਸੁਲਾਮਤ ਹੋਵੇ ਤਾਂ ਔਰਤ ਨੂੰ ਕਿਸੇ ਵੀ ਚੀਜ਼ ਦੀ ਥੁੜ੍ਹ ਮਹਿਸੂਸ ਨਹੀਂ ਸੀ ਹੁੰਦੀ।

ਚੱਕੀ ਨੂੰ ਦੁੱਧ ਨਾਲ ਧੋਇਆ ਜਾਂਦਾ ਸੀ। ਲੋਕ ਜੀਵਨ ਵਿੱਚ ਦੁੱਧ ਨੂੰ ਪੁੱਤਰ ਦੀ ਦਾਤ ਤੇ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਰਿਹਾ ਹੈ। ਚੱਕੀ ਦੀ ਪੂਜਾ ਕੀਤੀ ਜਾਂਦੀ ਸੀ। ਪੂਜਾ ਕਰਨ ਵੇਲੇ ਉਸ ਉਤੇ ਆਟੇ ਦਾ ਦੀਵਾ ਬਣਾ ਕੇ, ਉਸ ਵਿੱਚ ਘਿਉ ਦੀ ਜੋਤ ਜਗਾਈ ਜਾਂਦੀ ਸੀ। ਅਜਿਹੀਆਂ ਰਸਮਾਂ ਵਰਤਮਾਨ ਅਤੇ ਭਵਿੱਖੀ ਜੀਵਨ ਦੀ ਖੁਸ਼ਹਾਲੀ ਦੀ ਕਾਮਨਾ ਕਰਨ ਵਜੋਂ ਨਿਭਾਈਆਂ ਜਾਂਦੀਆਂ। ਹੁਣ ਅਜਿਹੀਆਂ ਰਸਮਾਂ ਅਤੀਤ ਦੀਆਂ ਬਾਤਾਂ ਬਣ ਕੇ ਰਹਿ ਗਈਆਂ ਹਨ।

## ਅਕਾਲੀ ਦਲ: ਰਲੇਵਿਆਂ ਤੇ ਫੁੱਟਾਂ ਦਾ ਇਤਿਹਾਸ (ਭਾਗ-1)

-ਹਮੀਰ ਸਿੰਘ

ਪੰਥ ਦੇ ਸਿਆਸੀ ਵਿੰਗ ਵਜੋਂ ਹੋਂਦ ਵਿੱਚ ਆਈ ਦੇਸ਼ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਸ ਮੌਕੇ ਸਿਆਸੀ ਨਿਸ਼ਾਨੇ, ਬੇਦਾਗ਼ ਅਤੇ ਕੁਰਬਾਨੀ ਵਾਲੇ ਆਗੂਆਂ ਦੀ ਅਣਹੋਂਦ, ਸਿਧਾਂਤਕ ਕਮਜ਼ੋਰੀ ਅਤੇ ਇਖ਼ਲਾਕੀ ਸੰਕਟ ਨਾਲ ਜੂਝ ਰਹੀ ਹੈ। ਪਾਰਟੀ ਦਾ ਲਗਪਗ ਸੌ ਸਾਲ ਦਾ ਸਫ਼ਰ ਅਨੇਕਾ ਜੱਦੋ-ਜਹਿਦਾਂ, ਉਤਰਾਵਾਂ-ਚੜ੍ਹਾਵਾਂ ਵਿੱਚੋਂ ਹੋ ਕੇ ਗੁਜ਼ਰਿਆ ਹੈ। ਪਾਰਟੀ ਨੇ ਅਮਨ-ਪਸੰਦ ਤਰੀਕਿਆਂ ਨਾਲ ਕੁਰਬਾਨੀਆਂ ਦਾ ਵੱਡਾ ਇਤਿਹਾਸ ਸਿਰਜਿਆ ਅਤੇ ਦੇਸ਼ ਦੇ ਇਸ ਖਿੱਤੇ ਵਿੱਚ ਆਪਣੇ ਕਿਰਦਾਰ ਅਤੇ ਜਜ਼ਬੇ ਕਾਰਨ ਗਿਣਤੀ ਦੇ ਅਨੁਪਾਤ ਵਿੱਚ ਕਿਤੇ ਵੱਡੀ ਭੂਮਿਕਾ ਨਿਭਾਈ। ਇਸ ਸਮੇਂ ਦੌਰਾਨ ਪਾਰਟੀ ਦੇ ਸਿਆਸੀ ਨਿਸ਼ਾਨੇ ਵੀ ਤਬਦੀਲ ਹੋਏ ਤੇ ਆਗੂਆਂ ਦੇ ਆਪਸੀ ਵਖਰੇਵਿਆਂ ਕਾਰਨ ਫੁੱਟ ਦਰ ਫੁੱਟ ਵੀ ਪੈਂਦੀ ਰਹੀ, ਪਰ ਖਾੜਕੂ ਅੰਦੋਲਨ ਤੋਂ ਬਾਅਦ ਦੇ ਅਕਾਲੀ ਦਲ ਵਿੱਚ ਇੱਕ ਸਿਫ਼ਤੀ ਤਬਦੀਲੀ ਦੇਖਣ ਨੂੰ ਮਿਲੀ, ਜਿਸ ਨੂੰ ਤਾਕਤਾਂ ਦੇ ਕੇਂਦਰੀਕਰਨ ਤੇ ਪਰਿਵਾਰਕ ਦਬਦਬੇ ਨੇ ਜਕੜ ਲਿਆ। ਇਹੀ ਨਹੀਂ, ਤਾਕਤ ਸਮਤੋਲ ਦਾ ਕੰਮ ਕਰਦੀਆਂ ਆ ਰਹੀਆਂ ਸਿਆਸੀ ਅਤੇ ਧਾਰਮਿਕ ਸੰਸਥਾਵਾਂ ਵੀ ਪਰਿਵਾਰਕ ਦਾਬੇ ਸਾਹਮਣੇ ਨਤ-ਮਸਤਕ ਹੋ ਗਈਆਂ।

ਗੁਰੂ ਕਾ ਬਾਗ਼, ਜੈਤੋਂ, ਚਾਬੀਆਂ ਦਾ ਮੋਰਚਾ ਸਣੇ ਗੁਰਦੁਆਰਾ ਸੁਧਾਰ ਲਹਿਰ ਵੇਲੇ ਪੰਥਕ ਰਵਾਇਤਾਂ ਮੁਤਾਬਿਕ ਲੜਦਿਆਂ 14 ਦਸੰਬਰ 1920 ਵਿੱਚ ਅਕਾਲੀ ਦਲ ਦਾ ਗਠਨ ਹੋਇਆ ਸੀ। ਸੁਰਮੁਖ ਸਿੰਘ ਝਬਾਲ, ਬਾਬਾ ਖੜਕ ਸਿੰਘ, ਊਧਮ ਸਿੰਘ ਨਾਗੋਕੇ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਵਰਗੇ ਵੱਡੇ ਕੱਦ ਵਾਲੇ ਆਗੂਆਂ ਨੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਦੇਸ਼ ਅਤੇ ਇਸ ਖਿੱਤੇ ਵਿੱਚ ਅਕਾਲੀ ਦਲ ਰਾਹੀਂ ਵੱਡੀ ਭੂਮਿਕਾ ਨਿਭਾਈ। ਸਿਆਸੀ ਖੇਤਰ ਵਿੱਚ ਅਕਾਲੀ ਦਲ ਨੇ ਭਾਰਤ ਸਰਕਾਰ ਕਾਨੂੰਨ 1935 ਹੇਠ 1937 ਵਿੱਚ ਹੋਈਆਂ ਚੋਣਾਂ ਲੜੀਆਂ ਤੇ ਧਾਰਮਿਕ ਆਧਾਰ ਉੱਤੇ ਦੋ ਕੌਮੀ ਸਿਧਾਂਤ ਦੇ ਤਹਿਤ ਭਾਰਤ ਦੀ ਵੰਡ ਸਮੇਂ ਅਕਾਲੀ ਆਗੂ ਵੀ ਵੱਖਰੇ ਸਿੱਖ ਰਾਜ ਅਤੇ ਕਿਸੇ ਇੱਕ ਦੇਸ਼ ਨਾਲ ਰਹਿ ਕੇ ਖ਼ੁਦਮੁਖਤਾਰੀ ਵਾਲੇ ਖਿੱਤੇ ਦੇ ਅਸਪਸ਼ਟ ਏਜੰਡੇ ਦੁਆਲੇ ਹੀ ਘੁੰਮਦੇ ਰਹੇ। ਸਾਲ 1947 ਦੀ ਵੰਡ ਅਸਲ ਵਿੱਚ ਪੰਜਾਬ ਤੇ ਬੰਗਾਲ ਦੀ ਹੋਈ ਸੀ। ਫ਼ਿਰਕੂ ਆਧਾਰ ਉੱਤੇ ਮੁਸਲਿਮ ਲੀਗ ਨੂੰ ਇਸ ਖਿੱਤੇ ਵਿੱਚ ਕੋਈ ਵੱਡਾ ਹੁੰਗਾਰਾ ਨਹੀਂ ਮਿਲਿਆ ਸੀ। ਇਸ ਦੇ ਬਾਵਜੂਦ ਸੰਤਾਲੀ ਵਿੱਚ ਮਰਨ ਵਾਲੇ ਲਗਪਗ ਦਸ ਲੱਖ ਲੋਕਾਂ ਵਿੱਚ ਅੱਠ ਲੱਖ ਪੰਜਾਬੀ ਸਨ। ਉਸ ਵਕਤ ਅਕਾਲੀ ਦਲ ਨੇ ਭਾਰਤ ਨਾਲ ਰਹਿਣਾ ਪਸੰਦ ਕੀਤਾ ਤੇ ਭਾਰਤ ਦੇ ਉੱਤਰ ਵਿੱਚ ਅਜਿਹੇ ਖਿੱਤੇ ਦੀ ਖਾਹਿਸ ਪਾਲਦੇ ਰਹੇ, ਜਿੱਥੇ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣਗੇ। ਇਹ ਵਾਅਦੇ ਪੰਡਿਤ ਜਵਾਹਰ ਲਾਲ ਨਹਿਰੂ ਸਣੇ ਕਾਂਗਰਸ ਦੇ ਵੱਡੇ ਆਗੂਆਂ ਨੇ ਕੀਤੇ ਸਨ।

ਆਜ਼ਾਦੀ ਤੋਂ ਝੱਟ ਬਾਅਦ 1948 ਵਿੱਚ ਅਕਾਲੀ ਦਲ ਨੂੰ ਕਾਂਗਰਸ ਵਿੱਚ ਸ਼ਾਮਲ ਕਰ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਨੇ ਕੁਝ ਸਮੇਂ ਬਾਅਦ ਮੁੜ ਅਕਾਲੀ ਦਲ ਨੂੰ ਸੁਰਜੀਤ ਕਰ ਲਿਆ। 1953 ਵਿੱਚ ਰਾਜਾਂ ਦੇ ਪੁਨਰਗਠਨ ਲਈ ਬਣਾਏ ਕਮਿਸ਼ਨ ਵੱਲੋਂ ਸਿੱਖਾਂ ਦੀ ਸੁਣਵਾਈ ਨਾ ਹੋਣ ਕਾਰਨ ਤੇ ਪੰਜਾਬੀ ਸੂਬੇ ਦੇ ਨਾਅਰੇ ਉੱਤੇ ਪਾਬੰਦੀ ਦਾ ਵਿਰੋਧ ਕਰਨ ਲਈ ਮਈ 1955 ਵਿੱਚ ਮਾਸਟਰ ਤਾਰਾ ਸਿੰਘ ਨੇ ਮੋਰਚੇ ਦਾ ਐਲਾਨ ਕਰ ਦਿੱਤਾ ਅਤੇ ਲਗਪਗ ਬਾਰ੍ਹਾਂ ਹਜ਼ਾਰ ਦੇ ਕਰੀਬ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਸਿੱਖ ਆਗੂਆਂ ਤੇ ਪੰਡਿਤ ਨਹਿਰੂ ਦੀ ਗੱਲਬਾਤ ਵਿੱਚ ਖੇਤਰੀ ਫਾਰਮੂਲੇ ਦੀ ਸਹਿਮਤੀ ਹੋਈ, ਜਿਸ ਅਨੁਸਾਰ ਪੰਜਾਬੀ ਖੇਤਰ ਵਿੱਚ ਪੰਜਾਬੀ ਭਾਸ਼ਾ ਵਿੱਚ ਸਿੱਖਿਆ ਦਿੱਤੀ ਜਾਵੇਗੀ ਅਤੇ ਹਿੰਦੀ ਭਾਸ਼ੀ ਖੇਤਰ ਵਿੱਚ ਹਿੰਦੀ ਦੀ ਸਿੱਖਿਆ ਦਿੱਤੀ ਜਾਵੇਗੀ। ਹਿੰਦੂ ਰਕਸ਼ਾ ਸਮਿਤੀ ਨੇ ਇਸ ਦੇ ਖ਼ਿਲਾਫ਼ ਮੁਹਿੰਮ ਵਿੱਢ ਦਿੱਤੀ।

ਫਿਰ ਸਾਲ 1957 ਵਿੱਚ ਪਾਰਲੀਮੈਂਟ ਚੋਣਾਂ ਅਕਾਲੀ ਆਗੂਆਂ ਨੇ ਕਾਂਗਰਸ ਦੀ ਟਿਕਟ ਉੱਤੇ ਲੜੀਆਂ। ਪ੍ਰਤਾਪ ਸਿੰਘ ਕੈਰੋਂ ਮੰਤਰੀ ਮੰਡਲ ਵਿੱਚ ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਅਕਾਲੀ ਦਲ ਦੀ ਨੁਮਾਇੰਦਗੀ ਕਰਦੇ ਸਨ। ਮਾਸਟਰ ਤਾਰਾ ਸਿੰਘ ਨੇ ਹਿੰਦੀ ਪੱਖੀ ਕੱਟੜਵਾਦੀਆਂ ਦੇ ਅੰਦੋਲਨ ਦੇ ਤੋੜ ਵਜੋਂ ਪੰਜਾਬੀ ਸੂਬੇ ਦੀ ਮੰਗ ਨੂੰ ਵਾਜਬ ਸਮਝਿਆ। ਇਸ ਲਈ ਉਨ੍ਹਾਂ ਵੱਲੋਂ ਪਟਿਆਲਾ ਵਿਚ 14 ਫਰਵਰੀ 1959 ਨੂੰ ਸੱਦੀ ਜਨਰਲ ਬਾਡੀ ਮੀਟਿੰਗ ਵਿੱਚ 377 ਮੈਂਬਰਾਂ ਵਿੱਚੋਂ 299 ਸ਼ਾਮਲ ਹੋਏ ਤੇ ਇੱਕ ਆਵਾਜ਼ ਹੋ ਕੇ ਅਕਾਲੀ ਦਲ ਦੀ ਬਹਾਲੀ ਦਾ ਐਲਾਨ ਕਰ ਦਿੱਤਾ। ਕਈ ਅਕਾਲੀ ਵਿਧਾਇਕ ਵਾਪਸ ਮੁੜ ਆਏ, ਪਰ ਕੁਝ ਕਾਂਗਰਸ ਵਿੱਚ ਹੀ ਰਹਿ ਗਏ।

ਸਾਲ 1960 ਵਿੱਚ ਸੰਤ ਫਤਹਿ ਸਿੰਘ ਦਾ ਪੰਜਾਬ ਦੇ ਸਿਆਸੀ ਦ੍ਰਿਸ਼ ਉੱਤੇ ਉਭਾਰ ਸ਼ੁਰੂ ਹੁੰਦਾ ਹੈ। ਉਨ੍ਹਾਂ 18 ਦਸੰਬਰ 1960 ਨੂੰ ਪੰਜਾਬੀ ਸੂਬੇ ਲਈ ਮਰਨ ਵਰਤ ਰੱਖ ਦਿੱਤਾ, ਪਰ ਮਾਸਟਰ ਜੀ ਦੀ ਸਲਾਹ ਉੱਤੇ ਉਨ੍ਹਾਂ 22 ਜਨਵਰੀ ਨੂੰ ਮਰਨ ਵਰਤ ਖ਼ਤਮ ਕਰ ਦਿੱਤਾ। ਇਸ ਦੌਰਾਨ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਵਿਚਾਲੇ ਸੁਪਰੀਮ ਆਗੂ ਬਣਨ ਦੀ ਜਦੋ-ਜਹਿਦ ਸ਼ੁਰੂ ਹੁੰਦੀ ਹੈ। ਅਗਸਤ 1961 ਨੂੰ ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਦਾ ਐਲਾਨ ਕਰ ਦਿੱਤਾ ਪਰ ਬਿਨਾਂ ਕੁਝ ਹਾਸਲ ਕੀਤੇ 43 ਦਿਨਾਂ ਬਾਅਦ ਵਰਤ ਤੋੜ ਦਿੱਤਾ। ਨਿਸ਼ਾਨੇ ਦੀ ਪੂਰਤੀ ਤੋਂ ਬਿਨਾਂ ਪਿੱਛੇ ਨਾ ਹਟਣ ਦੀ ਰਵਾਇਤ ਨੂੰ ਤੋੜਨ ਕਾਰਨ ਅਕਾਲ ਤਖ਼ਤ ਦੇ ਹੁਕਮ ਉੱਤੇ ਮਾਸਟਰ ਜੀ ਨੇ ਪੰਜ ਦਿਨ ਤੱਕ ਜੋੜੇ ਸਾਫ਼ ਕੀਤੇ। ਤਖ਼ਤ ਤੋਂ ਤਾਂ ਮਾਫ਼ੀ ਮਿਲ ਗਈ, ਪਰ ਸਿੱਖ ਭਾਈਚਾਰੇ ਨੇ ਉਨ੍ਹਾਂ ਨੂੰ ਮਾਫ਼ ਨਹੀਂ ਕੀਤਾ ਅਤੇ ਉਨ੍ਹਾਂ ਦੇ ਸਿਆਸੀ ਜੀਵਨ ਦੀ ਗਿਰਾਵਟ ਸ਼ੁਰੂ ਹੋ ਗਈ। ਸੰਤ ਫਤਹਿ ਸਿੰਘ ਦੇ ਗਰੁੱਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਦਬਦਬਾ ਕਾਇਮ ਕਰ ਕੇ ਅਲੱਗ ਅਕਾਲੀ ਦਲ ਬਣਾ ਲਿਆ। ਇਹ ਉਹ ਦੌਰ ਸੀ ਜਦੋਂ ਹਰੀ ਕ੍ਰਾਂਤੀ ਦੇ ਆਗਾਜ਼ ਨਾਲ ਪੰਜਾਬ ਦੀ ਅਕਾਲੀ ਦਲ ਉੱਤੇ ਜੱਟ ਸਿਆਸਤ ਦਾ ਗਲਬਾ ਸਥਾਈ ਤੌਰ ਉੱਤੇ ਕਾਇਮ ਹੋ ਗਿਆ। ਇਸ ਤੋਂ ਬਾਅਦ ਕੋਈ ਗੈਰ-ਜੱਟ ਸਿੱਖ ਸ਼ਹਿਰੀ ਆਗੂ ਮੁੜ ਪਹਿਲੀਆਂ ਸਫ਼ਾਂ ਵਿੱਚ ਨਹੀਂ ਆ ਸਕਿਆ।

ਇੱਕ ਨਵੰਬਰ 1966 ਨੂੰ ਅੱਧਾ ਅਧੂਰਾ ਪੰਜਾਬੀ ਸੂਬਾ ਮਿਲਣ ਤੋਂ ਅਕਾਲੀ ਦਲ ਨਾਰਾਜ਼ ਰਿਹਾ ਅਤੇ ਵਰਕਿੰਗ ਕਮੇਟੀ ਨੇ ਸੰਤ ਫਤਹਿ ਸਿੰਘ ਨੂੰ ਮੋਰਚਾ ਡਿਕਟੇਟਰ ਬਣਾ ਦਿੱਤਾ। ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕਰਦਿਆਂ ਸੰਤ ਫਤਹਿ ਸਿੰਘ ਨੇ 17 ਦਸੰਬਰ ਤੋਂ ਮਰਨ ਵਰਤ ਅਤੇ 27 ਦਸੰਬਰ ਨੂੰ ਸੜ ਮਨ ਦਾ ਐਲਾਨ ਕਰ ਦਿੱਤਾ। ਇਸ ਨੇ ਇੱਕ ਗੱਲ ਸਾਬਤ ਕਰ ਦਿੱਤੀ ਕਿ ਅਕਾਲੀ ਦਲ ਸਿੱਖਾਂ ਦੀ ਬਹੁਗਿਣਤੀ ਵਾਲੇ ਖਿੱਤੇ ਦੀ ਬਜਾਏ ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਸੂਬੇ ਦੀ ਮੰਗ ਕਰ ਰਿਹਾ ਸੀ। ਕੇਂਦਰ ਵੱਲੋਂ ਭਰੋਸਾ ਦਿੱਤੇ ਜਾਣ ਦੀ ਦਲੀਲ ਦਿੰਦਿਆਂ ਸੜ ਮਰਨ ਦਾ ਫ਼ੈਸਲਾ ਵਾਪਸ ਲੈ ਲਿਆ, ਪਰ ਕੇਂਦਰ ਨੇ ਅਜਿਹਾ ਕੋਈ ਵਾਅਦਾ ਕਰਨ ਦਾ ਦਾਅਵਾ ਸਵੀਕਾਰ ਨਹੀਂ ਕੀਤਾ।

ਪੰਜਾਬੀ ਸੂਬੇ ਦੇ ਪੁਨਰਗਠਨ ਪਿੱਛੋਂ 1967 ਵਿੱਚ ਹੋਈ ਪਹਿਲੀ ਚੋਣ ਮਾਸਟਰ ਅਤੇ ਸੰਤ ਗਰੁੱਪ ਨੇ ਵੱਖ-ਵੱਖ ਲੜੀ ਅਤੇ ਅਕਾਲੀ ਦਲ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਕੁੱਲ 102 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਸੰਤ ਦਲ ਨੂੰ 24 ਅਤੇ ਮਸਟਰ ਦਲ ਨੂੰ ਦੋ ਸੀਟਾਂ ਨਾਲ ਸਬਰ ਕਰਨਾ ਪਿਆ। ਇਸ ਦੇ ਬਾਵਜੂਦ ਬਹੁਤ ਸਾਰੇ ਗ਼ੈਰ-ਕਾਂਗਰਸੀ ਦਲਾਂ ਨਾਲ ਮਿਲ ਕੇ ਅਕਾਲੀ ਦਲ ਨੇ ਸਰਕਾਰ ਬਣਾਉਣ ਵਿੱਚ ਕਾਮਯਾਬੀ ਹਾਸਲ ਕਰ ਲਈ। ਮਾਸਟਰ ਤਾਰਾ ਸਿੰਘ ਦੀ 1967 ਵਿੱਚ ਮੌਤ ਹੋਣ ਨਾਲ 1968 ਵਿੱਚ ਦੋਵੇਂ ਅਕਾਲੀ ਦਲ ਇਕੱਠੇ ਹੋ ਗਏ। 1969 ਦੀਆਂ ਮੱਧ-ਕਾਲੀ ਚੋਣਾਂ ਵਿੱਚ ਇਸ ਨੇ 103 ਵਿੱਚੋਂ 67 ਸੀਟਾਂ ਜਿੱਤੀਆਂ। ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣੀ ਪਰ ਅੰਦਰੂਨੀ ਗੁੱਟਬਾਜ਼ੀ ਦੇ ਚਲਦਿਆਂ ਜਲਦੀ ਹੀ ਮਾਰਚ 1970 ਵਿੱਚ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣ ਗਏ।

ਇਹ ਗੁਰੂ ਨਾਨਕ ਦੇਵ ਦਾ 500ਵਾਂ ਪ੍ਰਕਾਸ਼ ਪੁਰਬ ਦਾ ਵਰ੍ਹਾ ਸੀ ਤੇ ਏਸੇ ਸਾਲ ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਤਾਂ ਆਰੀਆ ਸਮਾਜੀ ਕਾਲਜ ਇਸ ਯੂਨੀਵਰਸਿਟੀ ਨਾਲ ਐਫੀਲੀਏਟ ਕਰਨ ਤੋਂ ਪੈਦਾ ਹੋਏ ਟਕਰਾਅ ਕਰਕੇ ਜਨ ਸੰਘ ਨੇ ਹਮਾਇਤ ਵਾਪਸ ਲੈ ਲਈ ਅਤੇ ਸਰਕਾਰ ਸਮੇਂ ਤੋਂ ਪਹਿਲਾਂ ਟੁੱਟ ਗਈ। 1969 ਵਿੱਚ ਹੀ ਦਰਸ਼ਨ ਸਿੰਘ ਫੇਰੂਮਾਨ ਪੰਜਾਬੀ ਬੋਲੀ ਤੇ ਚੰਡੀਗੜ੍ਹ ਦੇ ਮੁੱਦੇ ਉੱਤੇ 74 ਦਿਨ ਦੇ ਲੰਬੇ ਮਰਨ ਵਰਤ ਤੋਂ ਬਾਅਦ ਜਾਨ ਦ ਗਏ। ਉਨ੍ਹਾਂ ਅਰਦਾਸ ਦੀ ਭਰੋਸੇ ਯੋਗਤਾ ਬਹਾਲ ਰੱਖਣ ਦੇ ਮਕਸਦ ਨਾਲ ਮਰਨ ਵਰਤ ਸ਼ੁਰੂ ਕੀਤਾ ਸੀ। ਇਸ ਸਮੇਂ ਅਕਾਲੀ ਦਲ (ਸੰਤ), ਅਕਾਲੀ ਦਲ (ਗੁਰਨਾਮ ਸਿੰਘ) ਤੇ ਅਕਾਲੀ ਦਲ (ਫੇਰੂਮਾਨ) ਦੇ ਨਾਂ ਉੱਤੇ ਤਿੰਨ ਗਰੁੱਪਾਂ ਵਿੱਚ ਵੰਡਿਆ ਹੋਇਆ ਸੀ। 1972 ਵਿੱਚ ਜਨ ਸੰਘ ਦੀ ਸਾਂਝ ਟੁੱਟਣ ਕਰ ਕੇ ਅਕਾਲੀ ਦਲ ਨੇ ਪੰਜਾਬ ਪੁਨਰਗਠਨ ਕਾਨੂੰਨ ਤੋਂ ਪਿੱਛੋਂ ਪਹਿਲੀ ਵਾਰ ਇਕੱਲੇ ਚੋਣ ਲੜੀ ਤੇ 24 ਸੀਟਾਂ ਨਾਲ ਸਬਰ ਕਰਨਾ ਪਿਆ। ਅਕਾਲੀ ਦਲ ਦੀ 1973 ਵਿੱਚ ਹੋਈ ਦੋ ਰੋਜ਼ਾ ਕਾਨਫਰੰਸ ਦੌਰਾਨ ਪਹਿਲੀ ਵਾਰ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਗਿਆ, ਜਿਸ ਵਿੱਚ ਕੇਂਦਰ ਕੋਲ ਕੇਵਲ ਚਾਰ ਮਹਿਕਮੇ ਛੱਡ ਕੇ ਬਾਕੀ ਸਾਰੇ ਵਿਭਾਗ ਰਾਜਾਂ ਨੂੰ ਦੇਣ ਦੀ ਮੰਗ ਕੀਤੀ ਗਈ।

ਜੂਨ 1975 ਵਿੱਚ ਦੇਸ਼ ਵਿੱਚ ਲੱਗੀ ਐਮਰਜੈਂਸੀ ਵਿਰੁੱਧ ਮੋਰਚਾ ਲਾਉਣ ਵਾਲੇ ਅਕਾਲੀ ਦਲ ਨੇ 1977 ਵਿੱਚ ਜਨਤਾ ਪਾਰਟੀ ਨਾਲ ਮਿਲ ਕੇ ਚੋਣ ਲੜੀ ਤੇ ਪ੍ਰਕਾਸ਼ ਸਿੰਘ ਬਾਦਲ ਮੁੜ ਮੁੱਖ ਮੰਤਰੀ ਬਣੇ। ਇਸੇ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਬਨਾਮ ਬਾਦਲ ਦਾ ਟਕਰਾਅ ਸ਼ੁਰੂ ਹੋ ਗਿਆ ਤੇ ਅਕਾਲ ਤਖ਼ਤ ਦੇ ਦਖ਼ਲ ਨਾਲ ਪਾਰਟੀ ਇੱਕਜੁਟ ਰਹਿ ਸਕੀ। ਕਾਂਗਰਸ ਦੇ ਕੇਂਦਰ ਵਿੱਚ ਮੁੜ ਸੱਤਾ ਵਿੱਚ ਆਉਣ ਨਾਲ 1980 ਵਿੱਚ ਅਕਾਲੀ ਸਰਕਾਰ ਤੋੜ ਦਿੱਤੀ ਗਈ। ਪੰਜਾਬ ਵਿੱਚ ਕਾਂਗਰਸ ਸਰਕਾਰ ਬਣ ਗਈ। 1978 ਵਿੱਚ ਹੋਏ ਨਿਰੰਕਾਰੀ ਕਾਂਡ ਨੇ ਵੀ ਅਕਾਲੀ ਦਲ ਦੀ ਹਾਰ ਵਿੱਚ ਭੂਮਿਕਾ ਨਿਭਾਈ ਸੀ।

ਇਹ ਪੰਜਾਬ ਵਿੱਚ ਖਾੜਕੂਵਾਦ ਦੇ ਉਭਾਰ ਦਾ ਦੌਰ ਹੈ। ਇਸ ਮੌਕੇ ਦਰਬਾਰਾ ਸਿੰਘ ਦੀ ਸਰਕਾਰ ਸੀ ਅਤੇ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ, ਰਾਜਸਥਾਨ ਦੇ ਮੁੱਖ ਮੰਤਰੀਆਂ ਦੀ ਸਹਿਮਤੀ ਕਰਵਾ ਕੇ ਪਾਣੀਆਂ ਦੀ ਵੰਡ ਦਾ ਮਾਮਲਾ ਸੁਪਰੀਮ ਕੋਰਟ ਤੋਂ ਵਾਪਸ ਲੈਣ ਦਾ ਸਮਝੌਤਾ ਕਰਵਾ ਦਿੱਤਾ ਗਿਆ। ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅਪਰੈਲ 1982 ਵਿੱਚ ਕਪੂਰੀ ਵਿੱਚ ਐੱਸ ਵਾਈ ਐੱਲ ਦਾ ਨੀਂਹ ਪੱਥਰ ਰੱਖਣ ਵਾਲੇ ਦਿਨ ਅਕਾਲੀ ਦਲ ਨੇ ਵੀ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਬਾਅਦ ਵਿੱਚ ਇਹ ਹੀ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਧਰਮ ਯੁੱਧ ਮੋਰਚਾ ਬਣਿਆ। ਦਰਬਾਰ ਸਾਹਿਬ ਉੱਤੇ ਹਮਲਾ, ਇੰਦਰਾ ਗਾਂਧੀ ਦਾ ਕਤਲ ਅਤੇ ਦਿੱਲੀ ਵਿੱਚ ਸਿੱਖ ਕਤਲੇਆਮ ਵਰਗੀਆਂ ਵੱਡੀਆਂ ਘਟਨਾਵਾਂ ਨੇ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਮਾਹੌਲ ਨੂੰ ਉਥਲ-ਪੁਥਲ ਕਰ ਦਿੱਤਾ। 1983 ਤੋਂ 1985 ਤੱਕ ਪੰਜਾਬ ਵਿੱਚ ਰਾਸਟਰਪਤੀ ਰਾਜ ਰਿਹਾ।

ਇਨ੍ਹਾਂ ਵੱਡੀਆਂ ਘਟਨਾਵਾਂ ਦੌਰਾਨ ਓਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 24 ਜੁਲਾਈ 1985 ਨੂੰ ਸਮਝੌਤਾ ਸਹੀਬੰਦ ਹੋਇਆ, ਜਿਸ ਨੂੰ ਪੰਜਾਬ ਸਮਝੌਤੇ ਦਾ ਨਾਮ ਦਿੱਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ ਤੇ ਖਾੜਕੂ ਧਿਰਾਂ ਇਸ ਸਮਝੌਤੇ ਦੇ ਹਮਾਇਤੀ ਨਹੀਂ ਸੀ। ਸਤੰਬਰ 1985 ਵਿੱਚ ਹੋਈ ਚੋਣ ਦੇ ਨਤੀਜੇ ਵਿੱਚ ਅਕਾਲੀ ਦਲ ਇਕੱਲੇ 73 ਸੀਟਾਂ ਜਿੱਤ ਗਿਆ। ਸਮਝੌਤੇ ਵਿੱਚ ਭੂਮਿਕਾ ਨਿਭਾਉਣ ਵਾਲੇ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ ਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜਿਹੜੇ 1984 ਦੇ ਦਰਬਾਰ ਸਾਹਿਬ ਦੇ ਹਮਲੇ ਵਿਰੁੱਧ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਵਜੋਂ ਅਸਤੀਫ਼ਾ ਦੇ ਕੇ ਆਏ ਸਨ, ਉਹ ਖੇਤੀ ਮੰਤਰੀ ਬਣੇ। ਸਾਲ 1986 ਵਿੱਚ ਬਰਨਾਲਾ ਸਰਕਾਰ ਵੱਲੋਂ ਦਰਬਾਰ ਸਾਹਿਬ ਪੁਲੀਸ ਭੇਜਣ ਵਿਰੁੱਧ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਦੋ ਦਰਜਨ ਦੇ ਕਰੀਬ ਵਿਧਾਇਕ ਦੋਫਾੜ ਹੋ ਗਿਆ। ਕਾਂਗਰਸ ਦੇ ਬਾਹਰੋਂ ਸਮਰਥਨ ਨਾਲ ਚੱਲ ਰਹੀ ਬਰਨਾਲਾ ਸਰਕਾਰ 1987 ਵਿੱਚ ਤੋੜ ਦਿੱਤੀ ਗਈ।

...(ਬਾਕੀ ਕੱਲ੍ਹ)

## ਸਟ੍ਰਾਬੇਰੀ ਫੇਸ ਮਾਸਕ



ਬਾਜ਼ਾਰ ਦੀ ਕੈਮੀਕਲ ਭਰਪੂਰ ਕਰੀਮ ਦੀ ਵਰਤੋਂ ਕਰਨ ਨਾਲ ਕਈ ਵਾਰ ਚਮੜੀ ਬਾਰੇ ਕੁਝ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਬਿਹਤਰ ਹੈ ਕਿ ਕੁਦਰਤੀ ਨਿਖਾਰ ਪਾਉਣ ਲਈ ਘਰ ਬਣਾਏ ਫਰੂਟ ਮਾਸਕ ਦੀ ਵਰਤੋਂ ਕਰੋ। ਅੱਜ ਅਸੀਂ ਤੁਹਾਨੂੰ ਸਟ੍ਰਾਬੇਰੀ ਫੇਸ ਮਾਸਕ ਬਣਾਉਣਾ ਸਿਖਾਵਾਂਗੇ, ਜਿਸ ਨੂੰ ਤੁਸੀਂ ਘਰ ਆਸਾਨੀ ਨਾਲ ਬਣਾ ਸਕਦੇ ਹੋ। ਤੁਸੀਂ ਆਪਣੀ ਚਮੜੀ ਦੇ ਹਿਸਾਬ ਨਾਲ ਸਟ੍ਰਾਬੇਰੀ ਮਾਸਕ ਦੀ ਵਰਤੋਂ ਕਰ ਸਕਦੇ ਹੋ।

1. ਚਮੜੀ ਵਿੱਚ ਨਿਖਾਰ ਲਿਆਉਣ ਲਈ ਸਟ੍ਰਾਬੇਰੀ ਬਹੁਤ ਮਦਦਗਾਰ ਹੈ। ਇਸ ਨੂੰ ਫੇਸ ਪੈਕ ਵਾਂਗ ਵਰਤਣ ਨਾਲ ਚਮੜੀ ਸੰਬੰਧੀ ਕਈ ਪ੍ਰੇਸ਼ਾਨੀਆਂ ਤੋਂ ਰਾਹਤ ਪਾਈ ਜਾ ਸਕਦੀ ਹੈ।
2. ਬੁੱਲ੍ਹ ਜੇ ਕਾਲੇ ਹੋ ਗਏ ਹਨ ਤਾਂ ਸਟ੍ਰਾਬੇਰੀ ਪੇਸਟ ਲਾਓ, ਇਸ ਨਾਲ ਬੁੱਲ੍ਹ ਗੁਲਾਬੀ ਹੋ ਜਾਣਗੇ।
3. ਸਟ੍ਰਾਬੇਰੀ ਦੀ ਵਰਤੋਂ ਕਿੱਲ ਮੁਹਾਸਿਆਂ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕੀਤੀ ਜਾਂਦੀ ਹੈ। ਇਸ ਨਾਲ ਚਮੜੀ ਦੇ ਪੋਰਸ ਖੁੱਲ੍ਹਦੇ ਹਨ, ਜਿਸ ਨਾਲ ਚਿਹਰੇ ਦੀ ਗੰਦਗੀ ਸਾਫ ਹੁੰਦੀ ਹੈ।
4. ਸਟ੍ਰਾਬੇਰੀ ਨੂੰ ਮਾਸਕ ਵਾਂਗ ਵਰਤਣ ਨਾਲ ਚਿਹਰੇ ਦੀਆਂ ਝੁਰੜੀਆਂ ਘੱਟ ਤੇ ਡੈਡ ਸਕਿਨ ਖਤਮ ਹੁੰਦੀ ਹੈ।

ਆਇਲੀ ਸਕਿਨ ਲਈ : ਸਟ੍ਰਾਬੇਰੀ, ਨਿੰਬੂ ਅਤੇ ਦੁੱਧ

ਜ਼ਰੂਰੀ ਸਮੱਗਰੀ- 100 ਗਰਾਮ ਸਟ੍ਰਾਬੇਰੀ, ਇੱਕ ਚਮਚ ਨਿੰਬੂ ਦਾ ਰਸ, ਦੋ ਚਮਚ ਪਾਊਡਰ ਵਾਲਾ ਦੁੱਧ।

ਮਾਸਕ ਬਣਾਉਣ ਦਾ ਤਰੀਕਾ:

1. ਸਭ ਤੋਂ ਪਹਿਲਾਂ ਸਟ੍ਰਾਬੇਰੀ ਨੂੰ ਬਰੀਕ ਪੀਸ ਲਓ।
2. ਇਸ ਵਿੱਚ ਨਿੰਬੂ ਦਾ ਰਸ ਅਤੇ ਦੁੱਧ ਦਾ ਪਾਊਡਰ ਮਿਲਾ ਕੇ ਮਾਸਕ ਤਿਆਰ ਕਰੋ।
3. ਇਸ ਨੂੰ ਚਿਹਰੇ 'ਤੇ 15 ਮਿੰਟ ਲਈ ਲਾਓ ਅਤੇ ਮਾਸਕ ਨੂੰ ਪਾਣੀ ਲਾ ਕੇ ਹਲਕੇ ਹੱਥਾਂ ਨਾਲ ਮਸਾਜ ਕਰੋ।
4. ਇਸ ਤੋਂ ਬਾਅਦ ਤਾਜ਼ੇ ਪਾਣੀ ਵਿੱਚ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਚਿਹਰੇ ਨੂੰ ਧੋ ਲਓ।

ਜ਼ਰੂਰੀ ਸਮੱਗਰੀ:

* ਦੋ-ਤਿੰਨ ਸਟ੍ਰਾਬੇਰੀ (ਪੱਕੀਆਂ ਹੋਈਆਂ)
*ਇੱਕ ਟੇਬਲ ਸਪੂਨ ਦੁੱਧ ਦੀ ਕਰੀਮ
*ਇੱਕ ਟੀ ਸਪੂਨ ਸ਼ਹਿਦ।

ਮਾਸਕ ਲਗਾਉਣ ਦਾ ਤਰੀਕਾ:

1. ਸਟ੍ਰਾਬੇਰੀ ਨੂੰ ਚੰਗੀ ਤਰ੍ਹਾਂ ਮੈਸ਼ ਕਰ ਕੇ ਪੇਸਟ ਬਣਾ ਲਓ।
2. ਇਸ ਵਿੱਚ ਦੁੱਧ ਦੀ ਕਰੀਮ ਅਤੇ ਸ਼ਹਿਦ ਮਿਲਾ ਲਓ ਅਤੇ ਮਾਸਕ ਤਿਆਰ ਕਰ ਲਓ।
3. ਹੁਣ ਇਸ ਨੂੰ ਚਿਹਰੇ ਅਤੇ ਗਰਦਨ 'ਤੇ ਅਪਲਾਈ ਕਰੋ ਅਤੇ ਸੁੱਕਣ ਦਿਓ।
4. ਤਾਜ਼ੇ ਪਾਣੀ ਨਾਲ ਇਸ ਨੂੰ ਸਪੰਜ ਦੀ ਮਦਦ ਨਾਲ ਸਾਫ ਕਰੋ ਅਤੇ ਬਾਅਦ ਵਿੱਚ ਠੰਢੇ ਪਾਣੀ ਨਾਲ ਧੋ ਲਓ।
5. ਇਸ ਤੋਂ ਬਾਅਦ ਤੌਲੀਏ ਨਾਲ ਸਾਫ ਕਰੋ।

# ਅਕਾਲ ਤਖ਼ਤ ਦੇ ਜਥੇਦਾਰ ਨੇ ਸਿੱਖ ਲੀਡਰਾਂ ਨੂੰ ਮਰਿਆਦਾ ਗਿਆਨ ਤੇ ਸਿਧਾਂਤਾਂ ਤੋਂ ਸੱਖਣੇ ਕਿਹਾ

ਚੰਡੀਗੜ੍ਹ, 15 ਦਸੰਬਰ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਰਾਏ ਹੈ ਕਿ ਅੱਜ ਦੀ ਸਿਆਸੀ ਸਿੱਖ ਲੀਡਰਸ਼ਿਪ ਮਰਿਆਦਾ ਦੇ ਗਿਆਨ ਅਤੇ ਸਿਧਾਂਤ ਤੋਂ ਬਿਲਕੁਲ ਸੱਖਣੀ ਹੋ ਚੁੱਕੀ ਹੈ। ਉਨ੍ਹਾਂ ਨੇ ਕੱਲ੍ਹ ਇਹ ਗੱਲ ਅਨੰਦਪੁਰ ਸਾਹਿਬ ਵਿਖੇ ਕਹੀ ਹੈ।

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਇਹ ਬਿਆਨ ਇਸ ਲਈ ਵੀ ਅਹਿਮ ਹੈ ਕਿ ਇਸ ਵੇਲੇ ਸਿੱਖ ਪੰਥ ਦੀ ਸਿਆਸੀ ਅਗਵਾਈ ਕਰ ਰਹੇ ਅਕਾਲੀ ਦਲ ਦੀ ਲੀਡਰਸ਼ਿਪ ਉੱਤੇ ਸਵਾਲ ਉੱਠ ਰਹੇ ਹਨ। ਇਸ ਲਈ ਚਰਚਾ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਗਿਆਨ ਤੇ ਸਿਧਾਂਤ ਤੋਂ ਕੋਰੇ ਹੋਣ ਦਾ ਇਸ਼ਾਰਾ ਅਜੋਕੀ ਅਕਾਲੀ ਦੀ ਲੀਡਰਸ਼ਿਪ ਵੱਲ ਕੀਤਾ ਹੈ। ਉਨ੍ਹਾਂ ਨੇ ਬੇਬਾਕ ਟਿੱਪਣੀ ਕਰਦੇ ਹੋਏ ਕਿਹਾ ਕਿ ਸਾਡੀਆਂ ਸੰਸਥਾਵਾਂ ਦੀ ਅਗਵਾਈ ਕਰ ਰਹੇ ਆਗੂ ਕਿਸੇ ਹੋਰ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ। ਇਸ ਕਰਕੇ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਵਿੱਚ ਬਣੀ ਟਕਰਾਅ ਵਰਗੀ ਸਥਿਤੀ, ਸੋਸ਼ਲ ਮੀਡੀਆ ਦੇ ਲਗਾਤਾਰ ਵਧਦੇ ਦੁਰ-ਪ੍ਰਭਾਵ, ਸੰਪਰਦਾਵਾਂ ਤੇ ਮਿਸ਼ਨਰੀਆਂ ਵਿਚਾਲੇ ਉੱਭਰ ਰਹੇ ਵਿਵਾਦਾਂ ਕਾਰਨ ਨਿਘਾਰ ਆ ਰਿਹਾ ਹੈ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਅਹਿਮ ਐਲਾਨ ਵੀ ਕੀਤਾ ਕਿ ਸਿੱਖ ਸੰਗਤ ਦੀ ਉੱਠਦੀ ਮੰਗ ਵੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਜਨਰਲ ਇਜਲਾਸ ਸੱਦੇ ਜਾਂ ਨਾ ਸੱਦੇ, ਪਰ ਅਕਾਲ ਤਖ਼ਤ ਸਾਹਿਬ ਵੱਲੋਂ ਮਾਰਚ 2020 ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੌਮੀ ਇਜਲਾਸ ਕਰਵਾਇਆ ਜਾਵੇਗਾ। ਉਨ੍ਹਾਂ ਵੱਲੋਂ ਇਸ ਐਲਾਨ ਦੇ ਵੱਡੇ ਅਰਥ ਕੱਢੇ ਜਾ ਰਹੇ ਹਨ। ਜਥੇਦਾਰ ਨੇ ਕਿਹਾ ਕਿ ਕੌਮ ਦੀ ਪ੍ਰਤੀਨਿਧਤਾ ਕਰਦੀਆਂ ਸੰਸਥਾਵਾਂ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਬੋਰਡ ਅਤੇ ਚੀਫ਼ ਖਾਲਸਾ ਦੀਵਾਨ ਦੇ ਬਹੁਤ ਸਾਰੇ ਮੈਂਬਰ ਅਤੇ ਆਗੂ ਕੁਝ ਕਹਿਣਾ ਚਾਹੁੰਦੇ ਹਨ, ਪਰ ਇਨ੍ਹਾਂ ਨੂੰ ਸੁਣਿਆ ਨਹੀਂ ਜਾ ਰਿਹਾ। ਇਸ ਲਈ ਉਨ੍ਹਾਂ ਨੇ ਫ਼ੈਸਲਾ ਲਿਆ ਹੈ ਕਿ ਮਾਰਚ 2020 ਨੂੰ ਹੋਣ ਵਾਲੇ ਇਸ ਇਜਲਾਸ ਵਿੱਚ ਸਭ ਪੰਥਕ ਧਿਰਾਂ ਦੇ ਪ੍ਰਤੀਨਿਧਾਂ ਨੂੰ ਬੁਲਾ ਕੇ ਉਨ੍ਹਾਂ ਦੀ ਗੱਲ ਸੁਣੀ ਜਾਵੇਗੀ।

# ਸੁਖਬੀਰ ਸਿੰਘ ਬਾਦਲ ਫਿਰ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ

## * ਵੱਡੇ ਢੀਂਡਸਾ ਵੱਲੋਂ ਬਾਦਲ ਵਿਰੋਧੀ ਸਮਾਗਮ ਵਿੱਚ ਹਾਜ਼ਰੀ * ਬਾਦਲਾਂ ਦੇ ਸਮਾਗਮ ਤੋਂ ਛੋਟੇ ਢੀਂਡਸਾ ਵੀ ਲਾਂਭੇ ਰਹੇ

ਅੰਮ੍ਰਿਤਸਰ, 15 ਦਸੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ 99ਵੇਂ ਸਥਾਪਨਾ ਦਿਵਸ ਦੇ ਮੌਕੇ ਅੱਜ ਸੁਖਬੀਰ ਸਿੰਘ ਬਾਦਲ ਨੂੰ ਫਿਰ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਸੰਬੰਧ ਵਿੱਚ ਅੱਜ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਅਕਾਲੀ ਦਲ ਦੀ ਇੱਕ ਚੋਣ ਮੀਟਿੰਗ ਦੌਰਾਨ ਪਾਰਟੀ ਦੇ ਲਗਭਗ ਸਾਰੇ ਪ੍ਰਮੁੱਖ ਆਗੂ ਹਾਜ਼ਰ ਰਹੇ। ਮੀਟਿੰਗ ਵਿੱਚ ਸੀਨੀਅਰ ਅਕਾਲੀ ਆਗੂ ਜਥੇਦਾਰ ਤੋਤਾ ਸਿੰਘ ਨੇ ਪ੍ਰਧਾਨ ਦੇ ਅਹੁਦੇ ਲਈ ਸੁਖਬੀਰ ਸਿੰਘ ਬਾਦਲ ਦਾ ਨਾਂ ਪੇਸ਼ ਕੀਤਾ। ਇਸ ਪਿੱਛੋਂ ਜਗਮੀਤ ਸਿੰਘ ਬਰਾੜ ਨੇ ਇਸ ਦੀ ਤਾਈਦ ਕੀਤੀ ਤੇ ਸਾਬਕਾ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਤਾਈਦ ਦੀ ਮਜੀਦ ਕੀਤੀ, ਜਿਸ ਪਿੱਛੋਂ ਅਕਾਲੀ ਆਗੂਆਂ ਨੇ ਇਸ ਦਾ ਸਮਰਥਨ ਕੀਤਾ ਅਤੇ ਡੈਲੀਗੇਟਸ ਨੇ ਲੋਕਤੰਤਰੀ ਤਰੀਕੇ ਨਾਲ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣ ਲਿਆ। ਇਸ ਪਿੱਛੋਂ ਹਾਊਸ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਬਾਕੀ ਸਾਰੇ ਅਹੁਦਿਆਂ ਦੇ ਲਈ ਆਗੂਆਂ ਦੀ ਚੋਣ ਕਰਨ ਦੇ ਸਾਰੇ ਅਧਿਕਾਰ ਵੀ ਸੌਂਪ ਦਿੱਤੇ। ਖਾਸ ਗੱਲ ਇਹ ਸੀ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅੱਜ ਦੇ ਇਜਲਾਸ ਵਿਚ ਨਹੀਂ ਪਹੁੰਚੇ। ਸੀਨੀਅਰ ਆਗੂ ਡਾ: ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਦੀ ਸਿਹਤ ਠੀਕ ਨਾ ਹੋਣ ਕਰਕੇ ਉਹ ਨਹੀਂ ਆਏ, ਪਰ ਉਨ੍ਹਾਂ ਨੇ ਆਪਣਾ ਸੰਦੇਸ਼ ਭੇਜਿਆ ਹੈ। ਸਮਾਗਮ ਵਿੱਚ ਅਕਾਲੀ ਦਲ ਦੇ ਸਾਰੇ ਵੱਡੇ-ਛੋਟੇ ਆਗੂ ਮੌਜੂਦ ਸਨ, ਪਰ ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਦਲ ਦੇ ਵਿਧਾਇਕ ਗਰੁੱਪ ਦੇ ਆਗੂ ਤੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਇਸ ਵਿੱਚੋਂ ਲਾਂਭੇ ਰਹੇ। ਦਲ ਦੀ ਚੋਣ ਮੀਟਿੰਗ ਵਿੱਚ ਉਨ੍ਹਾਂ ਦੇ ਨਾ ਆਉਣ ਦਾ ਕਾਰਨ ਕੋਈ ਵੀ ਹੋਵੇ, ਪਰ ਇਸ ਗੈਰ-ਹਾਜ਼ਰੀ ਨੇ ਅਕਾਲੀ ਸਫਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ।



ਦੂਸਰੇ ਪਾਸੇ ਅੱਜ ਹੀ ਅਕਾਲੀ ਦਲ ਟਕਸਾਲੀ ਨੇ ਵੀ ਇਸ ਮੌਕੇ ਇੱਕ ਵੱਖਰਾ ਸਮਾਗਮ ਕੀਤਾ, ਜਿੱਥੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਪਹਿਲੀ ਵਾਰ ਬਾਦਲ ਵਿਰੋਧੀ ਟਕਸਾਲੀ ਆਗੂਆਂ ਨਾਲ ਬੈਠੇ ਦਿਖਾਈ ਦਿੱਤੇ ਅਤੇ ਉਨ੍ਹਾਂ ਦੀ ਓਥੇ ਹਾਜ਼ਰੀ ਨਾਲ ਪੰਜਾਬ ਦੀ ਰਾਜਨੀਤੀ ਵਿਚ ਭੂਚਾਲ ਵਰਗਾ ਅਸਰ ਪਿਆ ਹੈ। ਇਥੇ ਸਮਾਗਮ ਵਿੱਚ ਸੁਖਦੇਵ ਸਿੰਘ ਢੀਂਡਸਾ ਨੇ ਖੁੱਲ੍ਹ ਕੇ ਬਾਦਲ ਪਰਵਾਰ ਦਾ ਵਿਰੋਧ ਕੀਤਾ ਤੇ ਕਿਹਾ ਕਿ ਜਦੋਂ ਤਕ ਅਕਾਲੀ ਦਲ ਉੱਤੇ ਇਕੋ ਪਰਿਵਾਰ ਦਾ ਕਬਜ਼ਾ ਹੈ, ਉਦੋਂ ਤਕ ਪਾਰਟੀ ਦਾ ਭਲਾ ਨਹੀਂ ਹੋ ਸਕਦਾ। ਉਂਜ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਅਤੇ ਵਿਧਾਨ ਸਭਾ ਵਿੱਚ ਅਕਾਲੀ ਗਰੁੱਪ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਇਸ ਪਾਸੇ ਵੀ ਹਾਜ਼ਰੀ ਨਹੀਂ ਭਰੀ ਤੇ ਇੱਕ ਤਰ੍ਹਾਂ ਅਜੇ ਵੀ ਆਪਣੇ ਪੱਤੇ ਨਾ ਖੋਲ੍ਹਣ ਦਾ ਪ੍ਰਭਾਵ ਦਿੱਤਾ ਹੈ। ਪਰਮਿੰਦਰ ਸਿੰਘ ਢੀਂਡਸਾ ਨੇ ਦੋਵਾਂ ਧਿਰਾਂ ਤੋਂ ਦੂਰੀ ਰੱਖੀ ਹੈ। ਉਹ ਪਿਛਲੇ ਦਿਨੀਂ ਜਨਤਕ ਤੌਰ ਉੱਤੇ ਕਹਿੰਦੇ ਰਹੇ ਹਨ ਕਿ ਉਹ ਅਕਾਲੀ ਦਲ ਦੇ ਨਾਲ ਹਨ, ਪਰ ਉਨ੍ਹਾਂ ਦਾ ਅਕਾਲੀ ਪਾਰਟੀ ਦੇ ਚੋਣ ਇਜਲਾਸ ਵਿੱਚੋਂ ਲਾਂਭੇ ਰਹਿਣਾ ਅਕਾਲੀ ਦਲ ਬਾਦਲ ਲਈ ਚੰਗਾ ਸੰਕੇਤ ਨਹੀਂ ਮੰਨਿਆ ਗਿਆ।

ਬਾਦਲ ਵਿਰੋਧੀ ਅਕਾਲੀ ਆਗੂਆਂ ਦੇ ਸਮਾਗਮ ਦੌਂ ਬਾਅਦ ਗੱਲਬਾਤ ਦੌਰਾਨ ਸੁਖਦੇਵ ਸਿੰਘ ਢੀਂਡਸਾ ਨੇ ਬਾਦਲ ਪਰਵਾਰ ਬਾਰੇ ਕਿਹਾ ਕਿ ਇਨ੍ਹਾਂ ਨੇ ਅਕਾਲੀ ਦਲ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਣੇ ਮੁੱਢ ਵੇਲੇ ਅਕਾਲੀ ਦਲ ਕੋਈ ਰਾਜਨੀਤਕ ਤਾਕਤ ਹਾਸਲ ਕਰਨ ਲਈ ਨਹੀਂ ਸੀ ਬਣਿਆ, ਇਹ ਇਕ ਸੱਭਿਆਚਾਰ ਅਤੇ ਧਰਮ ਨੂੰ ਬਚਾਉਣ ਦੀ ਲਹਿਰ ਸੀ, ਪਰ ਅੱਜ ਇਸ ਪਾਰਟੀ ਨੂੰ ਰੋਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਕੋਈ ਹੋਰ ਪਾਰਟੀ ਬਣਾਉਣ ਦੇ ਰਾਹ ਨਹੀਂ ਪਏ, ਸਗੋਂ ਅਕਾਲੀ ਦਲ ਨੂੰ ਤਕੜਾ ਕਰਨਾ ਚਾਹੁੰਦੇ ਹਾਂ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਵੀ ਕਿਹਾ ਕਿ ਇਸ ਉੱਤੇ ਲੱਗਦੇ ਦੋਸ਼ਾਂ ਨੇ ਅੱਜ ਸਾਡਾ ਸਾਰੇ ਸਿੱਖਾਂ ਦਾ ਸਿਰ ਨੀਵਾਂ ਕਰ ਦਿੱਤਾ ਹੈ।

# ਆਮਦਨ ਟੈਕਸ ਵਿਭਾਗ ਨੇ ਡੇਰਾ ਸੱਚਾ ਸੌਦਾ ਤੋਂ ਵਸੂਲ ਕਰਨੇ ਹਨ 350 ਕਰੋੜ ਰੁਪਏ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਸਿਰਸਾ ਦੇ ਡੇਰਾ ਸੱਚਾ ਸੌਦਾ ਤੋਂ ਆਮਦਨ ਟੈਕਸ ਵਿਭਾਗ ਨੇ 350 ਕਰੋੜ ਵਸੂਲਣੇ ਹਨ, ਪਰ ਡੇਰੇ ਦੀ ਸੰਪਤੀ ਅਟੈਚ ਹੋਣ ਕਾਰਨ ਵਿਭਾਗ ਇਸ ਦੀ ਵਸੂਲੀ ਨਹੀਂ ਕਰ ਸਕਦਾ। ਅਗਸਤ 2017 ਦੇ ਪੰਚਕੂਲਾ ਹਿੰਸਾ ਕੇਸ ਦੀ ਸੁਣਵਾਈ ਵੇਲੇ ਕੱਲ੍ਹ ਕੇਂਦਰ ਸਰਕਾਰ ਵੱਲੋਂ ਐਡੀਸ਼ਨਲ ਸਾਲਿਸਟਰ ਜਨਰਲ ਸਤਿਆਪਾਲ ਜੈਨ ਨੇ ਹਾਈ ਕੋਰਟ ਨੂੰ ਇਸ ਦੀ ਜਾਣਕਾਰੀ ਦਿੱਤੀ ਹੈ।

ਇਸ ਕੇਸ ਦੀ ਸੁਣਵਾਈ ਕਰ ਰਹੀ ਬੈਂਚ, ਜਿਸ ਵਿੱਚ ਜਸਟਿਸ ਰਾਜੀਵ ਸ਼ਰਮਾ, ਜਸਟਿਸ ਆਰ ਕੇ ਜੈਨ ਅਤੇ ਜਸਟਿਸ ਏ ਜੀ ਮਸੀਹ ਸ਼ਾਮਲ ਹਨ, ਨੇ ਸਾਰੇ ਪੱਖਾਂ ਨੂੰ ਪੁੱਛਿਆ ਕਿ ਅਜਿਹੇ ਡੇਰਿਆਂ ਨੂੰ ਕਿਸ ਤਰ੍ਹਾਂ ਨਿਯਮਾਂ ਦੇ ਦਾਇਰੇ ਵਿੱਚ ਲਿਆਂਦਾ ਜਾ ਸਕਾ ਹੈ ਕਿ ਓਥੇ ਫਿਰ ਇਹ ਘਟਨਾਵਾਂ ਨਾ ਹੋਣ। ਕੋਰਟ ਨੇ ਕਿਹਾ ਨਿਆਂ ਮਿੱਤਰ (ਐਮੀਕਸ ਕਿਊਰੀ) ਇਸ ਤਰ੍ਹਾਂ ਦੇ ਕੇਸਾਂ ਵਿੱਚ ਸੁਪਰੀਮ ਕੋਰਟ ਅਤੇ ਹੋਰ ਹਾਈ ਕੋਰਟਾਂ ਦੇ ਫੈਸਲਿਆਂ ਦੀ ਜਾਣਕਾਰੀ ਦਿੱਤੀ। ਉਸ ਦੇ ਆਧਾਰ 'ਤੇ ਤਹਿ ਕੀਤਾ ਜਾ ਸਕਦਾ ਹੈ ਕਿ ਦੰਗਿਆਂ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਿਵੇਂ ਤੇ ਕਿਸ ਤੋਂ ਕੀਤੀ ਜਾਵੇ? ਬੈਂਚ ਦੇ ਪੁੱਛਣ ਉੱਤੇ ਸੱਤਿਆਪਾਲ ਜੈਨ ਨੇ ਦੱਸਿਆ ਕਿ ਹਾਈ ਕੋਰਟ ਦੇ ਆਦੇਸ਼ ਉਤੇ ਕੇਂਦਰ ਸਰਕਾਰ ਨੇ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਵਿੱਚ ਅਰਧ ਸੈਨਿਕ ਫੋਰਸਾਂ ਦੀ ਤੈਨਾਤੀ ਕਰ ਦਿੱਤੀ ਸੀ। ਹਰਿਆਣਾ ਦੇ ਐਡਵੋਕੇਟ ਜਨਰਲ ਬੀ ਆਰ ਮਹਾਜਨ ਨੇ ਦੱਸਿਆ ਕਿ ਰਾਜ ਸਰਕਾਰ ਨੇ ਹਾਈ ਕੋਰਟ ਦੇ ਸਾਰੇ ਆਦੇਸ਼ਾਂ ਦਾ ਪਾਲਣ ਕੀਤਾ ਹੈ। ਉਨ੍ਹਾ ਦੱਸਿਆ ਕਿ ਇਨ੍ਹਾਂ ਦੰਗਿਆਂ ਨਾਲ ਹਰਿਆਣਾ ਵਿੱਚ 126 ਕਰੋੜ ਤੋਂ ਵੱਧ ਸੰਪਤੀ ਦਾ ਨੁਕਸਾਨ ਹੋਇਆ, ਇਸ ਵਿੱਚੋਂ 18 ਕਰੋੜ ਰੁਪਏ ਦਾ ਨੁਕਸਾਨ ਨਿੱਜੀ ਸੰਪਤੀ ਦਾ ਹੋਇਆ ਸੀ। ਪੰਚਕੂਲਾ ਹਿੰਸਾ ਕੇਸ ਵਿੱਚ ਅਗਲੀ ਸੁਣਵਾਈ 24 ਜਨਵਰੀ ਨੂੰ ਹੋਵੇਗੀ।

ਹਾਈ ਕੋਰਟ ਨੇ ਜਦੋਂ ਪੁੱਛਿਆ ਕਿ ਇਨ੍ਹਾਂ ਦੰਗਿਆਂ ਵਿੱਚ ਪੰਜਾਬ ਦਾ ਕਿੰਨਾ ਨੁਕਸਾਨ ਹੋਇਆ ਸੀ ਤਾਂ ਪੰਜਾਬ ਵੱਲੋਂ ਅਦਾਲਤ ਵਿੱਚ ਮੌਜੂਦ ਸਰਕਾਰੀ ਵਕੀਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ। ਇਸ ਉੱਤੇ ਬੈਂਚ ਨੇ ਕਿਹਾ ਕਿ ਇਹ ਜਵਾਬ ਕਿਵੇਂ ਹੋ ਸਕਦਾ ਹੈ, ਲਗਦਾ ਹੈ ਪੰਜਾਬ ਇਸ ਬਾਰੇ ਗੰਭੀਰ ਨਹੀਂ ਹੈ। ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਏਥੇ ਮੌਜੂਦ ਹੋਣਾ ਚਾਹੀਦਾ ਸੀ।

## ਸਿਮਰਨਜੀਤ ਸਿੰਘ ਮਾਨ ਨੇ ਕਿਹਾ:

# ਰੈਫਰੈਂਡਮ 2020 ਵਾਲਿਆਂ ਨਾਲ ਸਾਡੇ ਦਲ ਦਾ ਕੋਈ ਲੈਣਾ-ਦੇਣਾ ਨਹੀਂ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਕੱਲ੍ਹ ਜਦੋਂ ਅੰਮ੍ਰਿਤਸਰ ਵਿਖੇ ਅਕਾਲੀ ਦਲ ਬਾਦਲ ਅਤੇ ਟਕਸਾਲੀ ਅਕਾਲੀ ਦਲ ਦੀ ਅਗਵਾਈ ਹੇਠ ਅਕਾਲੀ ਦਲ ਦੇ 99 ਸਾਲ ਪੂਰੇ ਹੋਣ ਮੌਕੇ ਵੱਖ-ਵੱਖ ਸਥਾਪਨਾ ਦਿਵਸ ਮਨਾਏ ਗਏ ਸਨ, ਐਨ ਉਸੇ ਦਿਨ ਅਕਾਲੀ ਦਲ ਅੰਮ੍ਰਿਤਸਰ ਨੇ ਚੰਡੀਗੜ੍ਹ ਵਿੱਚ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਵੱਖਰਾ ਅਕਾਲੀ ਦਲ ਦਾ ਸਥਾਪਨਾ ਦਿਵਸ ਮਨਾਇਆ ਤੇ ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੂੰ ਸਰਬ ਸੰਮਤੀ ਨਾਲ ਬਿਨਾਂ ਮੁਕਾਬਲਾ ਪੰਜਵੀਂ ਵਾਰ ਇਸ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਸਿਮਰਨਜੀਤ ਸਿੰਘ ਮਾਨ ਦਾ ਨਾਂਅ ਇਸ ਪਾਰਟੀ ਦੇ ਚੰਡੀਗੜ੍ਹ ਵਿਚਲੇ ਆਗੂ ਕੁਸ਼ਲਪਾਲ ਸਿੰਘ ਮਾਨ ਨੇ ਪੇਸ਼ ਕੀਤਾ, ਜਦ ਕਿ ਮਾਸਟਰ ਕਰਨੈਲ ਸਿੰਘ ਨਾਰੀਕੇ ਨੇ ਇਸ ਦੀ ਤਾਈਦ ਕੀਤੀ ਅਤੇ ਬਾਕੀ ਸਾਰੇ ਅਹੁਦੇਦਾਰ ਚੁਣਨ ਦੇ ਅਧਿਕਾਰ ਵੀ ਮਾਨ ਨੂੰ ਦਿੱਤੇ ਗਏ।




ਕਿਸਾਨ ਭਵਨ ਚੰਡੀਗੜ੍ਹ ਵਿੱਚ ਕੀਤੇ ਗਏ ਇਸ ਸਮਾਗਮ ਵਿੱਚ ਅੰਮ੍ਰਿਤਸਰ ਅਕਾਲੀ ਦਲ ਦੇ ਆਗੂਆਂ ਨੇ ਵੱਖਰੇ ਖਾਲਸਾ ਰਾਜ ਦੇ ਨਿਸ਼ਾਨੇ ਦੀ ਪੂਰਤੀ ਲਈ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾਲ ਮੁਹਿੰਮ ਜਾਰੀ ਰੱਖਣ ਦਾ ਪ੍ਰਣ ਕੀਤਾ। ਇਸ ਮੌਕੇ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਵੱਖਰੇ ਰਾਜ ਵਾਸਤੇ ਰੈਫਰੈਂਡਮ 2020 ਮੁਹਿੰਮ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਚਲਾਉਣ ਵਾਲੇ ਆਪਣੇ ਆਪ ਨੂੰ ਅੰਗਰੇਜ਼ ਹੀ ਸਮਝਦੇ ਹਨ, ਪਰ ਅਸੀਂ ਸਾਧਾਰਨ ਲੋਕ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਪਰਵਾਰ ਤੋਂ ਮੁਕਤ ਕਰਵਾਉਣ ਲਈ ਆਪਣੇ ਆਗੂਆਂ ਨੂੰ ਮਾਨ ਦਲ ਨੇ ਪਿੰਡ ਪੱਧਰ ਤੱਕ ਜ਼ੋਰਦਾਰ ਮੁਹਿੰਮ ਛੇੜਨ ਦਾ ਸੱਦਾ ਦਿੱਤਾ ਹੈ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ 1920 ਵਿੱਚ ਸਾਡੀ ਗਲਤੀ ਸੀ ਕਿ ਸਮਝ ਨਾ ਸਕੇ ਕਿ 20ਵੀਂ ਸਦੀ ਲੋਕਤੰਤਰ ਦਾ ਸਮਾਂ ਹੋਵੇਗਾ, ਜਿਸ ਵਿੱਚ ਨੰਬਰਾਂ ਦੇ ਹਿਸਾਬ ਨਾਲ ਗੱਲ ਬਣੇਗੀ। ਉਨ੍ਹਾਂ ਦਾ ਸੰਕੇਤ ਪਾਰਲੀਮੈਂਟ ਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਫਲ ਨਾ ਹੋਣ ਅਤੇ ਭਵਿੱਖ ਵਿੱਚ ਲੋਕਤੰਤਰੀ ਤਰੀਕੇ ਨਾਲ ਕੰਮ ਕਰ ਕੇ ਵੋਟ ਦੀ ਸ਼ਕਤੀ ਨੂੰ ਸਮਝਣ ਵੱਲ ਸੀ। ਉਨ੍ਹਾਂ ਕਿਹਾ ਕਿ ਪਾਰਟੀ ਭਵਿੱਖ ਵਿੱਚ ਹਿੰਦੂਤਵ ਦਾ ਵਿਰੋਧ ਜਾਰੀ ਰੱਖੇਗੀ। ਨਾਗਰਿਕਤਾ ਸੋਧ ਬਿੱਲ ਪਾਸ ਹੋਣ ਉਤੇ ਉਨ੍ਹਾਂ ਕਿਹਾ ਕਿ ਮੁਸਲਿਮ ਭਾਈਚਾਰੇ ਨਾਲ ਦੇਸ਼ 'ਚ ਯੋਜਨਾਬੱਧ ਤਰੀਕੇ ਨਾਲ ਮੋਦੀ ਸਰਕਾਰ ਭੇਦਭਾਵ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ 'ਚ ਮੁਸਲਮਾਨਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਸਵਰਗੀ ਇੰਦਰ ਕੁਮਾਰ ਗੁਜਰਾਲ, ਗ੍ਰਹਿ ਮੰਤਰੀ ਰਹੇ ਗੁਲਜਾਰੀ ਲਾਲ ਨੰਦਾ ਤੇ ਮਨਮੋਹਨ ਸਿੰਘ ਵੀ ਪਾਸਿਕਤਾਨ ਤੋਂ ਆਏ ਹਨ। ਮਾਨ ਨੇ ਕਿਹਾ ਕਿ ਸਿੱਖਾਂ ਦੇ ਚਰਿੱਤਰ 'ਚ ਆ ਰਹੀ ਗਿਰਾਵਟ ਤੇ ਕੌਮੀਅਤ ਦੀ ਭਾਵਨਾ ਪੈਦਾ ਨਾ ਹੋਣ ਕਾਰਨ ਭਵਿੱਖ ਵਿੱਚ ਮੁਸ਼ਕਲਾਂ ਵਧ ਸਕਦੀਆਂ ਹਨ।

ਮਾਨ ਨੇ ਕਿਹਾ ਕਿ ਖਾਲਸਾ ਰਾਜ ਨੂੰ ਬਫਰ ਸਟੇਟ ਵਜੋਂ ਸਥਾਪਤ ਕਰਨ ਦਾ ਟੀਚਾ ਹੈ, ਜਿਸ ਵਿੱਚ ਪੰਜਾਬ ਦੇ ਨਾਲ ਹਰਿਆਣਾ, ਰਾਜਸਥਾਨ, ਜੰਮੂ ਕਸ਼ਮੀਰ ਤੇ ਲੇਹ ਲੱਦਾਖ ਦੇ ਇਲਾਕੇ ਹੋਣਗੇ। ਇਹ ਸਭ ਧਰਮਾਂ ਦੇ ਸਤਿਕਾਰ ਵਾਲਾ ਰਾਜ ਹੋਵੇਗਾ, ਜਿਸ 'ਚ ਸਭ ਨੂੰ ਨਿਆਂ ਮਿਲੇਗਾ। ਉਨ੍ਹਾਂ ਕਿਹਾ ਕਿ ਜਿੱਥੇ ਬਾਦਲ ਦਲ ਲਗਾਤਾਰ ਸਿੱਖ ਵਿਰੋਧੀ ਨੀਤੀਆਂ 'ਤੇ ਚੱਲ ਰਿਹਾ ਹੈ, ਉਥੇ ਆਪਣੇ ਆਪ ਨੂੰ ਟਕਸਾਲੀ ਹੋਣ ਦਾ ਦਾਅਵਾ ਕਰਨ ਵਾਲੇ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇ ਨੇਤਾ ਵੀ ਪਿਛਲੇ ਸਮੇਂ 'ਚ ਇਸੇ ਦਲ 'ਚ ਰਹਿੰਦਿਆਂ ਵਜ਼ੀਰੀਆਂ ਮਾਣਦੇ ਅਤੇ ਇਨ੍ਹਾਂ ਦੀਆਂ ਨੀਤੀਆਂ ਵਿੱਚ ਬਰਾਬਰ ਭਾਗੀਦਾਰ ਰਹੇ ਹਨ।

## ਕੋਟਕਪੂਰਾ ਗੋਲੀ ਕਾਂਡ

# ਪੰਜ ਪੁਲਸ ਅਫਸਰਾਂ ਤੇ ਸਾਬਕਾ ਵਿਧਾਇਕ ਉੱਤੇ ਦੋਸ਼ ਤੈਅ ਕਰਨ ਲਈ ਬਹਿਸ ਚਾਰ ਜਨਵਰੀ ਨੂੰ

ਕੋਟਕਪੂਰਾ, 15 ਦਸੰਬਰ (ਪੋਸਟ ਬਿਊਰੋ)- ਬੇਅਦਬੀ ਕਾਂਡ ਪਿੱਛੋਂ ਬੱਤੀਆਂ ਵਾਲਾ ਚੌਕ ਕੋਟਕਪੂਰਾ ਵਿਖੇ ਹੋਏ ਪੁਲਸੀਆ ਅਤਿਆਚਾਰ, ਕੋਟਕਪੂਰਾ ਗੋਲੀਕਾਂਡ ਦੇ ਕੇਸ ਦੀ ਜ਼ਿਲਾ ਅਤੇ ਸ਼ੈਸਨ ਜੱਜ ਦੀ ਅਦਾਲਤ 'ਚ ਸੁਣਵਾਈ ਦੌਰਾਨ ਉਕਤ ਕੇਸ ਵਿੱਚ ਛੇ ਵਿੱਚੋਂ ਪੰਜ ਦੋਸ਼ੀ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ, ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ, ਐਸ ਪੀ ਬਲਜੀਤ ਸਿੰਘ ਸਿੱਧੂ, ਐੱਸ ਪੀ ਪਰਮਜੀਤ ਸਿੰਘ ਪਨੂੰ ਅਤੇ ਸਿਟੀ ਥਾਣਾ ਕੋਟਕਪੂਰਾ ਦੇ ਓਦੋਂ ਦੇ ਮੁਖੀ ਗੁਰਦੀਪ ਸਿੰਘ ਪੰਧੇਰ ਹਾਜ਼ਰ ਸਨ। ਬਚਾਅ ਪੱਖ ਨੇ ਐੱਸ ਆਈ ਟੀ ਦੇ ਚਲਾਨ ਦੇ ਨਾਲ ਅਹਿਮ ਦਸਤਾਵੇਜ਼ ਨਾ ਸੌਂਪਣ 'ਤੇ ਇਤਰਾਜ਼ ਉਠਾਇਆ। ਸੁਣਵਾਈ ਪਿੱਛੋਂ ਜ਼ਿਲਾ ਅਦਾਲਤ ਨੇ ਕੇਸ ਦੀ ਅਗਲੀ ਤਰੀਕ ਚਾਰ ਜਨਵਰੀ 2020 ਤੈਅ ਕੀਤੀ ਹੈ।



ਉਸ ਦਿਨ ਸਾਰੇ ਛੇ ਮੁਲਜ਼ਮਾਂ ਉਤੇ ਦੋਸ਼ ਤੈਅ ਕਰਨ ਨੂੰ ਲੈ ਕੇ ਬਹਿਸ ਹੋਵੇਗੀ।

ਕੋਟਕਪੂਰਾ ਗੋਲੀਕਾਂਡ ਕੇਸ ਦੀ ਜਾਂਚ ਕਰ ਰਹੀ ਐਸ ਆਈ ਟੀ ਨੇ ਬੀਤੀ 15 ਨਵੰਬਰ ਨੂੰ ਕਰੀਬ 500 ਸਫਿਆਂ ਦਾ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਸੀ ਅਤੇ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਚਲਾਨ ਦੇ ਨਾਲ ਪੈਨ ਡਰਾਈਵ, ਸੀ ਡੀ ਆਰ ਸਮੇਤ ਹੋਰ ਕਈ ਤਰ੍ਹਾਂ ਦੇ ਦਸਤਾਵੇਜ਼ ਮੁਲਜ਼ਮਾਂ ਨੂੰ ਨਾ ਸੌਂਪਣ ਦੀ ਬੇਨਤੀ ਕੀਤੀ ਸੀ। ਮਿਤੀ 29 ਨਵੰਬਰ ਦੀ ਸੁਣਵਾਈ ਵੇਲੇ ਬਚਾਅ ਪੱਖ ਨੇ ਐਸ ਆਈ ਟੀ ਵੱਜੋਂ ਅਦਾਲਤ ਵਿੱਚ ਦਾਖਲ ਅਰਜ਼ੀ 'ਤੇ ਇਤਰਾਜ਼ ਕੀਤਾ, ਜਿਸ 'ਤੇ ਅਦਾਲਤ ਨੇ ਬਚਾਅ ਪੱਖ ਤੋਂ ਲਿਖਤੀ ਜਵਾਬ ਮੰਗਿਆ ਸੀ। ਉਸੇ ਦਿਨ 29 ਨਵੰਬਰ ਨੂੰ ਐੱਸ ਆਈ ਟੀ ਨੇ ਪੰਜ ਪੁਲਸ ਅਫਸਰਾਂ ਦੀ ਕਾਲ ਡਿਟੇਲ ਵੀ ਮੁਲਜ਼ਮਾਂ ਨੂੰ ਨਾ ਦੇਣ ਦੀ ਅਰਜ਼ੀ ਅਦਾਲਤ ਨੂੰ ਦਿੱਤੀ, ਜਿਸ ਉੱਤੇ ਅਦਾਲਤ ਨੇ ਬਚਾਅ ਪੱਖ ਤੋਂ ਜਵਾਬ ਤਲਬ ਕੀਤਾ ਹੈ। ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੇ ਆਪਣੇ ਵਕੀਲਾਂ ਰਾਹੀਂ ਜਵਾਬ ਦੇ ਕੇ ਇਤਰਾਜ਼ ਕੀਤਾ ਹੈ। ਪਿਛਲੀ ਸੁਣਵਾਈ ਮੌਕੇ ਜ਼ਿਲਾ ਅਦਾਲਤ ਨੇ ਐੱਸ ਆਈ ਟੀ ਵੱਲੋਂ ਦਾਖਲ ਸਪਲੀਮੈਂਟਰੀ ਚਲਾਨ ਦੀਆਂ ਕਾਪੀਆਂ ਵੀ ਮੁਲਜ਼ਮਾਂ ਨੂੰ ਸੌਂਪ ਦਿੱਤੀਆਂ ਸਨ।

# ਥਾਣੇ ਵਿੱਚ ਮੁੰਡੇ-ਕੁੜੀ ਦਾ ਵਿਆਹ, ਪੁਲਿਸ ਅਫਸਰਾਂ ਵੱਲੋਂ ਜੋੜੀ ਨੂੰ ਆਸ਼ੀਰਵਾਦ

ਧੂਰੀ, 15 ਦਸੰਬਰ (ਪੋਸਟ ਬਿਊਰੋ)- ਲੋਕ ਆਮ ਕਰ ਕੇ ਵੱਖ-ਵੱਖ ਕੇਸਾਂ ਦੀ ਰਿਪੋਰਟ ਲਈ ਥਾਣੇ ਜਾਂਦੇ ਹਨ, ਪਰ ਅੱਜ ਐਤਵਾਰ ਥਾਣਾ ਸਿਟੀ ਧੂਰੀ ਵਿੱਚ ਇਕ ਪ੍ਰੇਮੀ ਜੋੜਾ ਵਿਆਹ ਕਰਨ ਪਹੁੰਚ ਗਿਆ। ਲੜਕੀ ਪਰਿਵਾਰ ਵਾਲੇ ਵਿਆਹ ਲਈ ਰਾਜ਼ੀ ਨਹੀਂ ਸਨ ਹੋ ਰਹੇ, ਪਰ ਐੱਸ ਐੱਚ ਓ ਨੇ ਇਸ ਪ੍ਰੇਮੀ ਜੋੜੇ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਇਸ ਜੋੜੇ ਦੇ ਵਿਆਹ ਲਈ ਰਾਜ਼ੀ ਕਰ ਲਿਆ।

ਪਤਾ ਲੱਗਾ ਹੈ ਕਿ ਇਸ ਸਹਿਮਤੀ ਦੇ ਬਾਅਦ ਦੋਵਾਂ ਦਾ ਵਿਆਹ ਕਿਸੇ ਪੁਜਾਰੀ ਜਾਂ ਗ੍ਰੰਥੀ ਨੂੰ ਬਿਨਾਂ ਬੁਲਾਏ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਥਾਣੇ ਵਿੱਚ ਕਰਾਇਆ ਗਿਆ। ਥਾਣੇ ਵਿੱਚ ਲਾੜੇ-ਲਾੜੀ ਦੀ ਜੈ ਮਾਲਾ ਹੋਈ ਅਤੇ ਐੱਸ ਐੱਚ ਓ ਸਮੇਤ ਸਾਰੇ ਪੁਲਿਸ ਮੁਲਾਜ਼ਮਾਂ ਤੇ ਦੋਵਾਂ ਧਿਰਾਂ ਦੇ ਪਰਿਵਾਰਕ ਮੈਂਬਰਾਂ ਨੇ ਆਸ਼ੀਰਵਾਦ ਦਿੱਤਾ। ਇਸ ਸੰਬੰਧ ਵਿੱਚ ਧੂਰੀ ਦੇ ਜਨਤਾ ਨਗਰ ਦੇ 23 ਸਾਲਾ ਸਰਵੇਸ਼ ਕੁਮਾਰ ਨੇ ਦੱਸਿਆ ਕਿ ਉਸ ਦੇ ਸ਼ਹਿਰ ਦੀ 21 ਸਾਲਾ ਜੋਤੀ ਸ਼ਰਮਾ ਨਾਲ ਪਿਛਲੇ ਤਿੰਨ ਸਾਲਾਂ ਤੋਂ ਪ੍ਰੇਮ ਸਬੰਧ ਹਨ। ਕੁੜੀ ਦੇ ਪਰਿਵਾਰ ਵਾਲੇ ਉਸ ਨੂੰ ਪਰੇਸ਼ਾਨ ਕਰਦੇ ਸਨ। ਸ਼ਨਿਚਰਵਾਰ ਨੂੰ ਜਦੋਂ ਉਹ ਜੋਤੀ ਨੂੰ ਘਰ ਛੱਡਣ ਗਿਆ ਤਾਂ ਉਸ ਦੇ ਪਰਵਾਰ ਨੇ ਉਸ ਨੂੰ ਆਪਣੇ ਕੋਲ ਰੱਖਣ ਤੋਂ ਨਾਂਹ ਕਰ ਦਿੱਤੀ। ਇਸ ਪਿੱਛੋਂ ਉਸ ਨੇ ਜੋਤੀ ਨੂੰ ਭਜਾ ਕੇ ਲਿਜਾਣ ਦੀ ਥਾਂ ਧੂਰੀ ਥਾਣੇ ਵਿੱਚ ਜਾ ਕੇ ਸ਼ਿਕਾਇਤ ਕਰ ਦਿੱਤੀ। ਪੁਲਿਸ ਨੇ ਮੁੰਡੇ ਅਤੇ ਕੁੜੀ ਦੇ ਪਰਿਵਾਰਾਂ ਨੂੰ ਥਾਣੇ ਸੱਦ ਕੇ ਸਮਝਾਇਆ। ਇਸ ਪਿੱਛੋਂ ਦੋਵੇਂ ਪਰਿਵਾਰ ਵਿਆਹ ਕਰਨ ਲਈ ਰਾਜ਼ੀ ਹੋ ਗਏ। ਐੱਸ ਐੱਚ ਓ ਦਰਸ਼ਨ ਸਿੰਘ ਅਤੇ ਕੌਂਸਲਰ ਸਾਧੂ ਰਾਮ ਦੇ ਨਾਲ ਪੁਲਿਸ ਦੀ ਮੌਜੂਦਗੀ ਵਿੱਚ ਸਰਵੇਸ਼ ਕੁਮਾਰ ਅਤੇ ਜੋਤੀ ਸ਼ਰਮਾ ਨੇ ਇਕ ਦੂਜੇ ਨੂੰ ਜੈ ਮਾਲਾ ਪਾ ਕੇ ਵਿਆਹ ਕੀਤਾ। ਐੱਸ ਐੱਚ ਓ ਦੇ ਮੁਤਾਬਕ ਦੋਵਾਂ ਪਰਿਵਾਰਾਂ ਨੂੰ ਗੱਲ ਕਰ ਕੇ ਰਾਜ਼ੀ ਕਰਨ ਪਿੱਛੋਂ ਵਿਆਹ ਦੀ ਖ਼ੁਸ਼ੀ ਵਿੱਚ ਪੁਲਿਸ ਮੁਲਾਜ਼ਮਾਂ ਨੇ ਲੱਡੂ ਵੰਡ ਕੇ ਲੋਕਾਂ ਦਾ ਮੂੰਹ ਮਿੱਠਾ ਕਰਵਾਇਆ।



## ਵਿਆਹ ਤੋਂ ਇੱਕ ਦਿਨ ਪਹਿਲਾਂ ਹਾਦਸਾ

# ਕਟਿੰਗ ਕਰਵਾ ਕੇ ਮੁੜੇ ਨੌਜਵਾਨ ਦੇ ਮੋਟਰ ਸਾਈਕਲ ਅੱਗੇ ਕੁੱਤਾ ਆਉਣ ਕਾਰਨ ਮੌਤ





ਮੋਗਾ, 15 ਦਸੰਬਰ (ਪੋਸਟ ਬਿਊਰੋ)- ਵਿਆਹ ਤੋਂ ਇੱਕ ਦਿਨ ਪਹਿਲਾਂ ਲਾੜਾ ਹੇਅਰ ਕਟਿੰਗ ਕਰਵਾਉਣ ਪਿੱਛੋਂ ਪੀਰ ਬਾਬਾ ਦੀ ਦਰਗਾਹ ਉੱਤੇ ਮੱਥਾ ਟੇਕ ਕੇ ਬਾਈਕ 'ਤੇ ਘਰ ਮੁੜ ਰਿਹਾ ਸੀ। ਇਸ ਦੌਰਾਨ ਆਵਾਰਾ ਕੁੱਤਾ ਬਾਈਕ ਦੇ ਅੱਗੇ ਆਉਣ ਕਾਰਨ ਨੌਜਵਾਨ ਡਿੱਗ ਪਿਆ। ਇਸ ਕਾਰਨ ਸਿਰ 'ਤੇ ਗਹਿਰੀ ਸੱਟ ਲੱਗਣ ਕਾਰਨ ਉਸ ਦੀ ਮੌਕੇ ਉਤੇ ਮੌਤ ਹੋ ਗਈ। ਕੱਲ੍ਹ ਨੌਜਵਾਨ ਦੀ ਬਰਾਤ ਬਰਨਾਲਾ ਦੇ ਨੇੜਲੇ ਪਿੰਡ ਜਾਣੀ ਸੀ।

ਥਾਣਾ ਧਰਮਕੋਟ ਦੇ ਹੌਲਦਾਰ ਮੰਗਲਰਾਮ ਨੇ ਦੱਸਿਆ ਕਿ ਕਿਸ਼ਨਪੁਰਾ ਕਲਾਂ ਦੇ ਗੰਨੀ ਮੁਹੰਮਦ ਨੇ ਬਿਆਨ ਵਿੱਚ ਕਿਹਾ ਕਿ ਉਸ ਦੇ ਬੇਟੇ ਸਦੀਕ ਮੁਹੰਮਦ ਦੀ ਬਰਾਤ ਕੱਲ੍ਹ ਜਾਣੀ ਸੀ। ਸ਼ੁੱਕਰਵਾਰ ਬੇਟਾ ਕਟਿੰਗ ਕਰਵਾਉਣ ਲਈ ਗਿਆ ਸੀ। ਉਸ ਦੇ ਬਾਅਦ ਦਰਗਾਹ 'ਤੇ ਮੱਥਾ ਟੇਕਣ ਚਲਾ ਗਿਆ। ਮੁੜਦੇ ਸਮੇਂ ਬਾਈਕ ਅੱਗੇ ਕੁੱਤਾ ਆ ਗਿਆ। ਇਸ ਕਾਰਨ ਹਾਦਸਾ ਹੋ ਗਿਆ। ਉਸ ਨੂੰ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਪਲੱਸ ਟੂ ਪਾਸ ਸੀ ਤੇ ਪਲੰਬਰ ਦਾ ਕੰਮ ਕਰਦਾ ਸੀ। ਅੱਠ ਦਿਨ ਪਹਿਲਾਂ ਹੀ ਉਸ ਦੀ ਵੱਡੀ ਭੈਣ ਦਾ ਵਿਆਹ ਹੋਇਆ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



## ਬੈਂਕ ਵੱਲੋਂ 50 ਪੈਸੇ ਦੀ ਰਿਕਵਰੀ ਦੇ ਨੋਟਿਸ ਦਾ ਕੇਸ ਕੋਰਟ ਪੁੱਜਾ

ਝੁਣਝੁਣੂੰ, 15 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਜ਼ਿਲਾ ਝੁਣਝੁਣੂੰ ਦੇ ਖੇਤੜੀ ਵਿੱਚ ਲੋਕ ਅਦਾਲਤ ਵਿਚ ਇਕ ਪ੍ਰਾਈਵੇਟ ਬੈਂਕ ਵਲੋਂ ਇਕ ਆਦਮੀ ਨੂੰ 50 ਪੈਸੇ ਬਕਾਇਆ ਦੇਣ ਦਾ ਨੋਟਿਸ ਭੇਜਿਆ ਗਿਆ ਹੈ। ਕੇਸ ਸਾਹਮਣੇ ਆਉਣ ਉੱਤੇ ਜੱਜ ਵੀ ਹੈਰਾਨ ਰਹਿ ਗਏ ਅਤੇ ਇਸ ਬਾਰੇ ਕਾਰਵਾਈ ਹਾਸੋਹੀਣੀ ਜਾਪਣ ਲੱਗ ਪਈ।

ਪਤਾ ਲੱਗਾ ਹੈ ਕਿ ਝੁਣਝੁਣੂੰ ਦੇ ਵਾਸੀ ਜਤਿੰਦਰ ਸਿੰਘ ਦਾ ਖੇਤੜੀ ਵਿੱਚ ਇਕ ਪ੍ਰਾਈਵੇਟ ਬੈਂਕ ਕੋਲ ਖਾਤਾ ਚੱਲਦਾ ਹੈ। ਇਸ ਖਾਤੇ ਵਿਚ ਇਸ ਸਮੇਂ 124 ਰੁਪਏ ਜਮ੍ਹਾਂ ਹਨ, ਫਿਰ ਵੀ ਬੈਂਕ ਵਾਲਿਆਂ ਨੇ ਜਤਿੰਦਰ ਦੇ ਘਰ ਪੁੱਜ ਕੇ 50 ਪੈਸੇ ਬਕਾਇਆ ਭਰਨ ਦਾ ਨੋਟਿਸ ਹੱਥ ਫੜਾ ਦਿੱਤਾ। ਜਤਿੰਦਰ ਨੇ ਦੱਸਿਆ ਕਿ ਨੋਟਿਸ ਵਿੱਚ ਲਿਖਿਆ ਸੀ ਕਿ ਇਸ ਸ਼ਨੀਵਾਰ ਲੋਕ ਅਦਾਲਤ ਪੁੱਜ ਕੇ 50 ਪੈਸੇ ਜਮਾਂ ਕਰਾਓ, ਨਹੀਂ ਤਾਂ ਤੁਹਾਡੇ ਵਿਰੁੱਧ ਕਾਨੂੰਨੀ ਕਾਰਵਾਈ ਹੋਵੇਗੀ। ਜਤਿੰਦਰ ਦੀ ਰੀੜ੍ਹ ਦੀ ਹੱਡੀ ਵਿੱਚ ਤਕਲੀਫ ਅਤੇ ਤੁਰਨ-ਫਿਰਨ ਵਿਚ ਮੁਸ਼ਕਲ ਹੋਣ ਕਰ ਕੇ ਉਸ ਦੇ ਪਿਤਾ ਵਿਨੋਦ ਸਿੰਘ ਡਰੇ ਹੋਏ ਖੇਤੜੀ ਲੋਕ ਅਦਾਲਤ ਵਿਚ ਪੁੱਜੇ। ਉਨ੍ਹਾਂ ਦਾ 50 ਪੈਸੇ ਦੇ ਨੋਟਿਸ ਦਾ ਕੇਸ ਦੇਖ ਕੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਤੇ ਵਕੀਲਾਂ ਦੀ ਭੀੜ ਲੋਕ ਅਦਾਲਤ ਵਿੱਚ ਜਮ੍ਹਾਂ ਹੋ ਗਈ ਅਤੇ ਓਥੇ ਮੌਜੂਦ ਬੈਂਕ ਅਧਿਕਾਰੀ ਕੁਰਸੀ ਛੱਡ ਕੇ ਦੌੜ ਗਏ।

ਪੀੜਤ ਜਤਿੰਦਰ ਦੇ ਪਿਤਾ ਵਿਨੋਦ ਸਿੰਘ ਨੇ ਦੱਸਿਆ ਕਿ ਮੈਂ ਸਵੇਰੇ ਤੋਂ 50 ਪੈਸੇ ਜਮ੍ਹਾਂ ਕਰਾਉਣ ਲਈ ਚੱਕਰ ਲਾ ਰਿਹਾ ਹਾਂ, ਪਰ ਬੈਂਕ ਅਫਸਰ ਲੈਣ ਤੋਂ ਮਨ੍ਹਾ ਕਰਦੇ ਹਨ। ਜਤਿੰਦਰ ਦੇ ਵਕੀਲ ਵਿਕ੍ਰਮ ਸਿੰਘ ਨੇ ਕਿਹਾ ਕਿ ਬੈਂਕ ਅਫਸਰਾਂ ਨੇ 50 ਪੈਸੇ ਦਾ ਨੋਟਿਸ ਭੇਜਿਆ ਸੀ। ਮੇਰੇ ਕਲਾਈਂਟ ਪੈਸੇ ਜਮਾਂ ਕਰਨ ਲਈ ਗਏ ਤਾਂ ਕਿ ਇਤਰਾਜ਼ ਨਹੀਂ ਸਰਟੀਫਿਕੇਟ (ਐੱਨ ਓ ਸੀ) ਮਿਲ ਸਕੇ। ਬੈਂਕ ਨੇ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ। ਅਸੀਂ ਮਾਣਹਾਨੀ ਦੀ ਕਾਨੂੰਨੀ ਕਾਰਵਾਈ ਕਰਾਂਗੇ।

## ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸੁਪਰੀਮ ਕੋਰਟ ਵਿੱਚ ਇੱਕੋ ਦਿਨ 11 ਪਟੀਸ਼ਨਾਂ ਦਾਇਰ

ਨਵੀਂ ਦਿੱਲੀ, 15 ਦਸੰਬਰ, (ਪੋਸਟ ਬਿਊਰੋ)- ਕਾਂਗਰਸ ਦੇ ਪਾਰਲੀਮੈਂਟ ਮੈਂਬਰ ਜੈਰਾਮ ਰਮੇਸ਼ ਅਤੇ ਪੱਛਮੀ ਬੰਗਾਲ ਤੋਂ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਮਹੂਆ ਮੋਇਨਾ ਸਣੇ ਕਈ ਲੋਕਾਂ ਨੇ ਦੇਸ਼ ਦੇ ਨਵੇਂ ਨਾਗਰਿਕਤਾ ਸੋਧ ਬਿੱਲ ਨੂੰ ਕਾਨੂੰਨੀ ਚੁਣੌਤੀ ਦੇਣ ਵਾਸਤੇ ਸੁਪਰੀਮ ਕੋਰਟ ਵਿਚ ਅੱਜ ਸ਼ੁੱਕਰਵਾਰ ਪਟੀਸ਼ਨਾਂ ਦਾਇਰ ਕੀਤੀਆਂ ਹਨ। ਇਨ੍ਹਾਂ ਪਟੀਸ਼ਨਾਂ ਵਿਚ ਕਿਹਾ ਗਿਆ ਹੈ ਕਿ ਨਾਗਰਿਕਤਾ ਕਾਨੂੰਨ ਦੀ ਨਵੀਂ ਸੋਧ ਭਾਰਤ ਦੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਤੇ ਬਰਾਬਰੀ ਦੇ ਅਧਿਕਾਰ ਸਮੇਤ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ। ਇਹ ਕੁੱਲ 11 ਪਟੀਸ਼ਨਾਂ ਹਨ।



ਵਰਨਣ ਯੋਗ ਹੈ ਕਿ ਇਸ ਨਵੇਂ ਸੋਧੇ ਹੋਏ ਨਾਗਰਿਕਤਾ ਕਾਨੂੰਨ ਮੁਤਾਬਕ 31 ਦਸੰਬਰ 2014 ਤੱਕ ਪਾਕਿ-ਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤੋਂ ਭਾਰਤ ਆਏ ਹੋਏ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਤੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਨਾਜਾਇਜ਼ ਸ਼ਰਨਾਰਥੀ ਨਹੀਂ ਮੰਨਿਆ ਜਾਵੇਗਾ ਤੇ ਉਨ੍ਹਾਂ ਨੂੰ ਭਾਰਤ ਦੀ ਨਾਗਰਿਕਤਾ ਦੇ ਦਿੱਤੀ ਜਾਵੇਗੀ। ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਵੀਰਵਾਰ ਰਾਤ ਇਸ ਨਾਗਰਿਕਤਾ ਸੋਧ ਬਿੱਲ 2019 ਨੂੰ ਪ੍ਰਵਾਨਗੀ ਦੇ ਦਿੱਤੀ ਸੀ ਤੇ ਇਸ ਦੇ ਬਾਅਦ ਇਹ ਬਿੱਲ ਕਾਨੂੰਨ ਬਣ ਚੁੱਕਾ ਹੈ। ਸੁਪਰੀਮ ਕੋਰਟ ਵਿਚ ਇਸ ਨੂੰ ਚੁਣੌਤੀ ਦੇਂਦੀ ਪਟੀਸ਼ਨ ਪੇਸ਼ ਕਰਨ ਵਾਲੇ ਹੋਰ ਲੋਕਾਂ ਤੇ ਸੰਗਠਨਾਂ ਵਿਚ ਆਲ ਅਸਾਮ ਸਟੂਡੈਂਟਸ ਯੂਨੀਅਨ, ਪੀਸ ਪਾਰਟੀ, ਗੈਰ ਸਰਕਾਰੀ ਸੰਗਠਨ 'ਰਿਹਾਈ ਮੰਚ' ਅਤੇ ਸਿਟੀਜਨਜ਼ ਅਗੇਂਸਟ ਹੇਟ ਦੇ ਬੁਲਾਰੇ ਮਨੋਹਰ ਲਾਲ ਸ਼ਰਮਾ ਵੀ ਸ਼ਾਮਲ ਹਨ। ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰਜ ਕਾਂਤ ਦੀ ਬੈਂਚ ਅੱਗੇ ਸ਼ੁੱਕਰਵਾਰ ਨੂੰ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਮੋਇਨਾ ਦੀ ਪਟੀਸ਼ਨ ਦੀ ਛੇਤੀ ਸੁਣਵਾਈ ਲਈ ਬੇਨਤੀ ਬਾਰੇ ਅਦਾਲਤ ਨੇ ਕਿਹਾ ਕਿ ਤੁਸੀਂ ਇਸ ਦੇ ਲਈ ਯੋਗ ਅਧਿਕਾਰੀ ਕੋਲ ਜਾਓ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਇਹ ਕਾਨੂੰਨ ਸੰਵਿਧਾਨ ਦੇ ਮੁੱਢਲੇ ਅਧਿਕਾਰਾਂ ਦੀ ਨੀਂਹ ਉੱਤੇ ਟੱਕ ਲਾਉਂਦਾ ਹੈ ਅਤੇ ਇਹ ਬਰਾਬਰੀ ਦੇ ਖਿਲਾਫ ਹੈ।

## ਪ੍ਰਿਅੰਕਾ ਗਾਂਧੀ ਤੇ ਰਾਹੁਲ ਵੱਲੋਂ ਦਿੱਲੀ ਰੈਲੀ ਵਿੱਚ ਮੋਦੀ ਸਰਕਾਰ ਦੇ ਖਿਲਾਫ ਚਾਂਦਮਾਰੀ

ਨਵੀਂ ਦਿੱਲੀ, 15 ਦਸੰਬਰ, (ਪੋਸਟ ਬਿਊਰੋ)- ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਅੱਜ ਸ਼ਨਿਚਰਵਾਰ ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਰੈਲੀ ਵਿੱਚ ਪਹਿਲੀ ਵਾਰ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਤਿੰਨੇ ਇਕੱਠੇ ਨਜ਼ਰ ਆਏ ਅਤੇ ਤਿੰਨਾਂ ਹੀ ਨੇਤਾਵਾਂ ਦੇ ਭਾਸ਼ਣਾਂ ਦੇ ਨਿਸ਼ਾਨੇ ਉੱਤੇ ਕੇਂਦਰ ਦੀ ਸੱਤਾ ਉੱਤੇ ਕਾਬਜ਼ ਮੋਦੀ ਸਰਕਾਰ ਰਹੀ।



ਇਸ ਮੌਕੇ ਰਾਹੁਲ ਗਾਂਧੀ ਦੇ ਭਾਸ਼ਣ ਤੋਂ ਫਿਰ ਇੱਕ ਨਵਾਂ ਵਿਵਾਦ ਵੀ ਛਿੜ ਗਿਆ ਹੈ। ਆਮ ਤੌਰ ਉੱਤੇ ਭਾਜਪਾ ਅਤੇ ਰਾਸ਼ਟਰੀ ਸਵੈ ਸੇਵਕ ਸੰਘ (ਆਰ ਐੱਸ ਐੱਸ) ਦੇ ਖਿਲਾਫ ਹਮਲਾਵਰ ਰਹਿਣ ਵਾਲੇ ਰਾਹੁਲ ਗਾਂਧੀ ਨੇ ਅੱਜ ਰਾਮ ਲੀਲ੍ਹਾ ਮੈਦਾਨ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ ਕਿ ਬਲਾਤਕਾਰ ਦੇ ਮੁੱਦੇ ਉੱਤੇ ਆਪਣੇ ਬਿਆਨ ਬਾਰੇ ਉਹ ਮੁਆਫ਼ੀ ਨਹੀਂ ਮਨਣਗੇ। ਉਨ੍ਹਾਂ ਕਿਹਾ ਕਿ ਮੇਰੇ ਭਾਸ਼ਣ ਬਾਰੇ ਮੁਆਫ਼ੀ ਮੰਗਣ ਦੀ ਮੰਗ ਕੀਤੀ ਜਾ ਰਹੀ ਹੈ, ਸਹੀ ਗੱਲ ਕਹਿਣ ਦੀ ਮੁਆਫ਼ੀ ਨਹੀਂ ਮੰਗਾਂਗਾ। ਮੇਰਾ ਨਾਂ ਰਾਹੁਲ ਸਾਵਰਕਰ ਨਹੀਂ, ਰਾਹੁਲ ਗਾਂਧੀ ਹੈ। ਮੁਆਫ਼ੀ ਮੋਦੀ ਨੂੰ ਮੰਗਣੀ ਚਾਹੀਦੀ ਹੈ ਤੇ ਸਾਰੇ ਦੇਸ਼ ਤੋਂ ਮੰਗਣੀ ਚਾਹੀਦੀ ਹੈ ਜਾਂ ਉਨ੍ਹਾਂ ਦੇ ਸਾਥੀ ਅਮਿਤ ਸ਼ਾਹ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਟੀ ਵੀ ਉੱਤੇ 30 ਕਰੋੜ ਦੀ ਐਡ ਰੋਜ਼ ਆਉਂਦੀ ਹੈ। ਨਰਿੰਦਰ ਮੋਦੀ ਟੀ ਵੀ ਉੱਤੇ ਰੋਜ਼ ਸਾਰਾ ਦਿਨ ਦਿੱਸਦੇ ਹਨ। ਇਸ ਦਾ ਪੈਸਾ ਕੌਣ ਦੇਂਦਾ ਹੈ? ਇਹ ਪੈਸਾ ਉਹ ਲੋਕ ਦੇਂਦੇ ਹਨ, ਜਿਨ੍ਹਾਂ ਨੂੰ ਨਰਿੰਦਰ ਮੋਦੀ ਲੋਕਾਂ ਦਾ ਪੈਸਾ ਖੋਹ ਕੇ ਦੇਂਦੇ ਹਨ। ਦੇਸ਼ ਦੀ ਸਥਿਤੀ ਅੱਜ ਹਰ ਕੋਈ ਜਾਣਦਾ ਹੈ। ਉਹ ਅਜਿਹਾ ਕੰਮ ਕਰਦੇ ਹਨ, ਜਿਸ ਨਾਲ ਲੋਕ ਧਰਮ ਦੇ ਆਧਾਰ ਉੱਤੇ ਵੰਡੇ ਜਾ ਰਹੇ ਹਨ। ਅਸਾਮ ਜਾਓ, ਮਿਜ਼ੋਰਮ, ਮਣੀਪੁਰ, ਨਗਾਲੈਂਡ ਜਾਂ ਅਰੁਣਾਚਲ ਪ੍ਰਦੇਸ਼, ਸਾਰੇ ਪਾਸੇ ਇਕੋ ਤਰ੍ਹਾਂ ਦਾ ਹਾਲ ਹੀ ਬਣਿਆ ਪਿਆ ਹੈ, ਕਿਤੇ ਵੀ ਹਾਲਤ ਚੰਗੀ ਨਹੀਂ। ਰੈਲੀ ਵਿੱਚ ਬੋਲਦੇ ਹੋਏ ਪ੍ਰਿਅੰਕਾ ਗਾਂਧੀ ਨੇ ਮੋਦੀ ਸਰਕਾਰ ਉੱਤੇ ਹਮਲਾ ਬੋਲਿਆ ਤੇ ਕਿਹਾ ਕਿ ਅਸੀਂ ਦੇਸ਼ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਗਲਤ ਨੀਤੀ ਨਾਲ ਦੇਸ਼ ਵਿੱਚ ਸਮਾਨਤਾ ਦਾ ਅਧਿਕਾਰ ਨਹੀਂ ਬਚਿਆ, ਅਰਥ ਵਿਵਸਥਾ ਖਰਾਬ ਦੌਰ ਤੋਂ ਲੰਘ ਰਹੀ ਹੈ ਤੇ ਭਾਜਪਾ ਦੇ 6 ਸਾਲਾ ਰਾਜ ਵਿੱਚ ਬੇਰੁਜ਼ਗਾਰੀ ਵਧੀ ਹੈ।

## ਫਾਰੂਕ ਅਬਦੁੱਲਾ ਦੀ ਹਿਰਾਸਤ ਮਾਰਚ ਤਕ ਵਧਾ ਦਿੱਤੀ ਗਈ

ਸ੍ਰੀਨਗਰ, 15 ਦਸੰਬਰ, (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਸ੍ਰੀਨਗਰ ਹਲਕੇ ਤੋਂ ਚੁਣੇ ਪਾਰਲੀਮੈਂਟ ਮੈਂਬਰ ਡਾ. ਫਾਰੂਕ ਅਬਦੁੱਲਾ ਦੀ ਰਿਹਾਈ ਦੀ ਉਮੀਦ ਨਵੇਂ ਸਾਲ ਮੌਕੇ ਵੀ ਨਹੀਂ ਰਹੀ।



ਡਾ: ਫਾਰੂਕ ਅਬਦੁੱਲਾ ਅੱਜ ਆਏ ਹੁਕਮਾਂ ਕਾਰਨ ਸਾਧਾਰਨ ਹਾਲਤ ਵਿੱਚ ਅਗਲੇ ਸਾਲ ਮਾਰਚ ਤੋਂ ਪਹਿਲਾਂ ਬਾਹਰ ਨਹੀਂ ਨਿਕਲਣਗੇ, ਕਿਉਂਕਿ ਜੰਮੂ ਕਸ਼ਮੀਰ ਸਰਕਾਰ ਨੇ ਪਬਲਿਕ ਸੇਫਟੀ ਐਕਟ (ਪੀ ਐੱਸ ਏ) ਹੇਠ ਉਨ੍ਹਾਂ ਦੀ ਹਿਰਾਸਤ ਇਕ ਵਾਰ ਫਿਰ ਤਿੰਨ ਮਹੀਨੇ ਲਈ ਵਧਾ ਦਿੱਤੀ ਹੈ। ਪਬਲਿਕ ਸੇਫਟੀ ਐਕਟ 1978 ਵਿੱਚ ਡਾ. ਫਾਰੂਕ ਦੇ ਪਿਤਾ ਅਤੇ ਓਦੋਂ ਦੇ ਮੁੱਖ ਮੰਤਰੀ ਮਰਹੂਮ ਸ਼ੇਖ ਅਬਦੁੱਲਾ ਨੇ ਲਾਗੂ ਕੀਤਾ ਸੀ। ਇਸ ਕਾਨੂੰਨ ਹੇਠ ਕਿਸੇ ਵੀ ਵਿਅਕਤੀ ਨੂੰ ਸੁਣਵਾਈ ਤੋਂ ਬਿਨਾਂ ਵੱਧ ਤੋਂ ਵੱਧ ਦੋ ਸਾਲ ਤਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ।

ਜੰਮੂ ਕਸ਼ਮੀਰ ਦੇ ਤਿੰਨ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਡਾ. ਫਾਰੂਕ ਅਬਦੁੱਲਾ ਨੂੰ ਪੰਜ ਅਗਸਤ 2019 ਨੂੰ ਜੰਮੂ ਕਸ਼ਮੀਰ ਪੁਨਰਗਠਨ ਐਕਟ ਲਾਗੂ ਕਰਨ ਤੋਂ ਇਕ ਦਿਨ ਪਹਿਲਾਂ ਪ੍ਰਸ਼ਾਸਨ ਨੇ ਚੌਕਸੀ ਵਜੋਂ ਉਨ੍ਹਾਂ ਦੇ ਆਪਣੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਸੀ। ਇਸ ਦੇ ਬਾਅਦ ਰਾਜ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਸ਼ਾਂਤੀ ਤੇ ਕਾਨੂੰਨ ਵਿਵਸਥਾ ਲਈ ਖਤਰਾ ਦੱਸ ਕੇ 15 ਸਤੰਬਰ ਨੂੰ ਪੀ ਐੱਸ ਏ ਕਾਨੂੰਨ ਹੇਠ ਬੰਦੀ ਬਣਾਇਆ ਸੀ। ਡਾ. ਫਾਰੂਕ ਅਬਦੁੱਲਾ ਨੂੰ ਸ਼ੁਰੂ ਵਿੱਚ 12 ਦਿਨਾਂ ਲਈ ਪੀ ਐੱਸ ਏ ਦਾ ਬੰਦੀ ਬਣਾਇਆ ਗਿਆ, ਪਰ ਸਤੰਬਰ ਦੇ ਆਖਰੀ ਹਫਤੇ ਉਨ੍ਹਾਂ ਉੱਤੇ ਪੀ ਐੱਸ ਏ ਦੀ ਮਿਆਦ ਤਿੰਨ ਮਹੀਨੇ ਵਧਾ ਦਿੱਤੀ ਗਈ ਸੀ। ਪਤਾ ਲੱਗਾ ਹੈ ਕਿ ਜੰਮੂ ਕਸ਼ਮੀਰ ਹਾਈ ਕੋਰਟ ਦੇ ਸਾਬਕਾ ਜੱਜ ਜਨਕ ਰਾਜ ਕੋਤਵਾਲ ਦੀ ਅਗਵਾਈ ਵਾਲੇ ਪੀ ਐੱਸ ਏ ਸਮੀਖਿਆ ਸਲਾਹਕਾਰ ਬੋਰਡ ਦੀ ਸਲਾਹ ਉੱਤੇ ਗ੍ਰਹਿ ਵਿਭਾਗ ਨੇ ਅਬਦੁੱਲਾ ਦੀ ਪੀ ਐੱਸ ਏ ਦੀ ਮਿਆਦ ਫਿਰ ਤਿੰਨ ਮਹੀਨੇ ਹੋਰ ਵਧਾਉਣ ਨੂੰ ਮਨਜ਼ੂਰੀ ਦਿੱਤੀ ਹੈ।

## ਟਰੇਨ ਅੱਗੇ ਪਤੀ ਆ ਗਿਆ ਸੁਣ ਕੇ ਪਤਨੀ ਨੇ ਧੀ ਮਾਰ ਕੇ ਆਪ ਖੁਦਕੁਸ਼ੀ ਕਰ ਲਈ

ਨੋਇਡਾ, 15 ਦਸੰਬਰ (ਪੋਸਟ ਬਿਊਰੋ)- ਦਿੱਲੀ ਨਾਲ ਲੱਗਦੇ ਉੱਤਰ ਪ੍ਰਦੇਸ਼ ਦੇ ਕਸਬੇ ਨੋਇਡਾ ਵਿੱਚ ਰਹਿੰਦੀ ਮਹਿਲਾ ਨੇ ਆਪਣੇ ਪਤੀ ਦੇ ਮੈਟਰੋ ਟਰੇਨ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰਨ ਪਿੱਛੋਂ ਆਪਣੀ ਬੇਟੀ ਨੂੰ ਫਾਂਸੀ ਲਾ ਕੇ ਮਾਰ ਦਿੱਤਾ ਤੇ ਫਿਰ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਥਾਣਾ ਐਕਸਪ੍ਰੈਸਵੇ ਦੇ ਇੰਚਾਰਜ ਭੁਵਨੇਸ਼ ਕੁਮਾਰ ਨੇ ਦੱਸਿਆ ਕਿ ਮੂਲ ਰੂਪ ਤੋਂ ਚੇਨਈ ਦਾ ਵਸਨੀਕ ਤੀਹ ਸਾਲਾ ਭਰਤ ਜੇ. ਦਿੱਲੀ ਦੀ ਇੱਕ ਕੰਪਨੀ ਦਾ ਜਨਰਲ ਮੈਨੇਜਰ ਸੀ ਤੇ ਉਹ ਏਥੇ ਪਵੇਲੀਅਨ ਸੁਸਾਇਟੀ ਵਿੱਚ ਆਪਣੀ ਪਤਨੀ ਸ਼ਿਵਰੰਜਨੀ, ਬੇਟੀ ਜੈਸ੍ਰੀ ਅਤੇ ਭਾਈ ਕਾਰਤਿਕ ਨਾਲ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਭਰਤ ਨੇ ਸ਼ੁੱਕਰਵਾਰ ਸਵੇਰੇ ਕਰੀਬ 11 ਵਜੇ ਦਿੱਲੀ ਦੇ ਜੇ ਐੱਲ ਐੱਨ ਮੈਟਰੋ ਸਟੇਸ਼ਨ ਉਤੇ ਟਰੇਨ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਦੀ ਸੂਚਨਾ ਮਿਲਦੇ ਸਾਰ ਸ਼ਿਵਰੰਜਨੀ ਨੇ ਦੇਰ ਸ਼ਾਮ ਘਰ ਆ ਕੇ ਉਸ ਨੇ ਆਪਣੇ ਫਲੈਟ ਵਿੱਚ ਸ਼ੁੱਕਰਵਾਰ ਦੇਰ ਰਾਤ ਆਪਣੀ ਬੇਟੀ ਨੂੰ ਫਾਂਸੀ ਲਾਉਣ ਪਿੱਛੋਂ ਪੱਖੇ ਨਾਲ ਲਟਕ ਕੇ ਆਤਮਹੱਤਿਆ ਕਰ ਲਈ।

## ਸਬਰੀਮਾਲਾ ਮੰਦਰ ਮਾਮਲੇ ਵਿਚ ਔਰਤਾਂ ਦੇ ਸੁਰੱਖਿਅਤ ਦਾਖਲੇ ਬਾਰੇ ਹੁਕਮ ਜਾਰੀ ਕਰਨੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਸੁਰੱਖਿਅਤ ਦਾਖਲੇ ਦਾ ਕੋਈ ਵੀ ਹੁਕਮ ਜਾਰੀ ਕਰਨ ਤੋਂ ਇਨਕਾਰ ਦਿੱਤਾ ਹੈ।



ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਦੋ ਮਹਿਲਾ ਕਾਰਕੁਨਾਂ ਵੱਲੋਂ ਸਬਰੀਮਾਲਾ ਮੰਦਰ 'ਚ ਪੁਲਸ ਸੁਰੱਖਿਆ ਹੇਠ ਔਰਤਾਂ ਦਾ ਸੁਰੱਖਿਅਤ ਦਾਖਲਾ ਕਰਾਉਣ ਲਈ ਕੇਰਲ ਸਰਕਾਰ ਨੂੰ ਹੁਕਮ ਜਾਰੀ ਕਰਨ ਬਾਰੇ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ, ਇਹ ਮੁੱਦਾ ਭਾਵਨਾਤਮਕ ਹੈ ਤੇ ਉਹ ਮਾਹੌਲ ਨੂੰ ਭੜਕਾਊ ਨਹੀਂ ਬਣਾਉਣ ਚਾਹੁੰਦੀ। ਚੀਫ਼ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਹ ਮਾਮਲਾ ਪਹਿਲਾਂ ਹੀ ਸੱਤ ਜੱਜਾਂ ਦੇ ਬੈਚ ਕੋਲ ਭੇਜਿਆ ਜਾ ਚੁੱਕਾ ਹੈ। ਕੋਰਟ ਨੇ ਕਿਹਾ ਕਿ ਕੇਸ ਦੀ ਸੁਣਵਾਈ ਲਈ ਵੱਡੇ ਬੈਂਚ ਦਾ ਗਠਨ ਜਲਦੀ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਅਦਾਲਤ ਨੇ ਕਿਹਾ ਕਿ ਬੈਂਚ ਵੱਲੋਂ ਫ਼ੈਸਲਾ ਲਏ ਜਾਣ ਤੱਕ ਕੋਈ ਵੀ ਹੁਕਮ ਨਹੀਂ ਦਿੱਤਾ ਜਾ ਸਕਦਾ ਤੇ ਜੇ ਖੁਸ਼ੀ ਨਾਲ ਮੰਦਰ 'ਚ ਮੱਥਾ ਲਈ ਔਰਤਾਂ ਦਾ ਸਵਾਗਤ ਕੀਤਾ ਜਾਵੇ ਤਾਂ ਇਸ ਵਿੱਚ ਕੋਈ ਸਮੱਸਿਆ ਨਹੀਂ। ਬੈਂਚ ਨੇ ਇਹ ਵੀ ਕਿਹਾ ਕੇ ਕਿਸੇ ਵੀ ਉਮਰ ਦੀਆਂ ਔਰਤਾਂ ਦਾ ਮੰਦਰ ਵਿੱਚ ਦਾਖਲੇ ਵਾਲੇ ਫ਼ੈਸਲੇ 'ਤੇ ਵੀ ਕੋਈ ਰੋਕ ਨਹੀਂ ਹੈ, ਪਰ ਬਾਕੀ ਸੁਣਵਾਈ ਬਾਅਦ ਵਿੱਚ ਹੋਵੇਗੀ।

## ਨਿਰਭੈਆ ਕਾਂਡ ਵਿਚ ਡੈਥ ਵਾਰੰਟ ਜਾਰੀ ਕਰਨ ਬਾਰੇ ਅਦਾਲਤ 18 ਨੂੰ ਸੁਣਵਾਈ ਕਰੇਗੀ

ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਕਿਹਾ ਕਿ ਉਹ ਨਿਰਭੈਆ ਕੇਸ ਵਿੱਚ ਚਾਰ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਉਤੇ ਅਮਲ ਕਰਨ ਲਈ ਜ਼ਰੂਰੀ ਵਾਰੰਟ ਜਾਰੀ ਕਰਨ ਦੀ ਮੰਗ ਕਰਨ ਦੀ ਪਟੀਸ਼ਨ 'ਤੇ 18 ਦਸੰਬਰ ਨੂੰ ਸੁਣਵਾਈ ਕਰੇਗੀ, ਜਿਸ ਦੀ ਬਹੁਤ ਸਾਰੇ ਲੋਕਾਂ ਨੂੰ ਉਡੀਕ ਹੈ।



ਵਰਨਣ ਯੋਗ ਹੈ ਕਿ ਦੋਸ਼ੀਆਂ ਵਿੱਚੋਂ ਇੱਕ ਦੀ ਨਜ਼ਰਸਾਨੀ ਪਟੀਸ਼ਨ 'ਤੇ ਸੁਪਰੀਮ ਕੋਰਟ ਸੁਣਵਾਈ ਕਰਨ ਵਾਲੀ ਹੈ, ਜਿਸ ਨੂੰ ਦੇਖਦੇ ਹੋਏ ਐਡੀਸ਼ਨਲ ਸੈਸ਼ਨ ਜੱਜ ਸਤੀਸ਼ ਕੁਮਾਰ ਅਰੋੜਾ ਨੇ ਉਨ੍ਹਾਂ ਦੇ ਡੈੱਥ ਵਾਰੰਟ ਬਾਰੇ ਸੁਣਵਾਈ ਦੀ ਤਰੀਕ 18 ਦਸੰਬਰ ਤੈਅ ਕੀਤੀ ਹੈ। ਜੱਜ ਨੇ ਕਿਹਾ ਕਿ ਨਜ਼ਰਸਾਨੀ ਪਟੀਸ਼ਨ ਦੇ ਨਿਪਟਾਰੇ ਤੱਕ ਸਾਨੂੰ ਉਡੀਕ ਕਰਨੀ ਹੋਵੇਗੀ। ਦੋਸ਼ੀ ਅਕਸ਼ੈ ਕੁਮਾਰ ਦੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਵਿੱਚ 17 ਦਸੰਬਰ ਨੂੰ ਸੁਣਵਾਈ ਹੋਣੀ ਹੈ, ਇਸ ਲਈ ਇਹ ਕੇਸ 18 ਦਸੰਬਰ ਤੱਕ ਮੁਲਤਵੀ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਪਿਛਲੇ ਸਾਲ 9 ਜੁਲਾਈ ਨੂੰ ਤਿੰਨੇ ਦੋਸ਼ੀਆਂ ਮੁਕੇਸ਼, ਪਵਨ ਗੁਪਤਾ ਅਤੇ ਵਿਨੇ ਸ਼ਰਮਾ ਦੀ ਪਟੀਸ਼ਨ ਰੱਦ ਕਰ ਕੇ ਕਿਹਾ ਸੀ ਕਿ 2017 ਦੇ ਉਸ ਦੇ ਫੈਸਲੇ 'ਤੇ ਵਿਚਾਰ ਕਰਨ ਦਾ ਕੋਈ ਆਧਾਰ ਨਹੀਂ ਹੈ। ਯਾਦ ਰੱਖਣ ਯੋਗ ਹੈ ਕਿ 16 ਦਸੰਬਰ 2012 ਨੂੰ ਦੱਖਣੀ ਦਿੱਲੀ ਵਿੱਚ ਇੱਕ ਚਲਦੀ ਬੱਸ ਵਿੱਚ ਛੇ ਜਣਿਆਂ ਨੇ ਇੱਕ 26 ਸਾਲ ਵਿਦਿਅਰਾਥਣ ਨਾਲ ਸਮੂਹਿਕ ਬਲਾਤਕਾਰ ਕੀਤਾ ਤੇ ਇਸ ਤੋਂ ਬਾਅਦ ਉਸ ਨੂੰ ਇੱਕ ਸੜਕ 'ਤੇ ਸੁੱਟ ਦਿੱਤਾ ਸੀ। ਇਸ ਘਿਨੌਣੇ ਹਮਲੇ ਦੀ ਸ਼ਿਕਾਰ ਵਿਦਿਆਰਥਣ ਨੂੰ ਨਿਰਭੈਆ ਦਾ ਨਾਮ ਦਿੱਤਾ ਗਿਆ ਸੀ। ਉਸ ਨੇ 29 ਦਸੰਬਰ ਨੂੰ ਸਿੰਗਾਪੁਰ ਦੇ ਇੱਕ ਹਸਪਤਾਲ 'ਚ ਦਮ ਤੋੜ ਦਿੱਤਾ ਸੀ।

## ਬਲਾਤਕਾਰ ਕਰਨ ਪਿੱਛੋਂ ਲੜਕੀ ਨੂੰ ਕੀਤਾ ਅੱਗ ਦੇ ਹਵਾਲੇ, 90 ਫੀਸਦੀ ਝੁਲਸੀ

ਫਤਿਹਪੁਰ, 15 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਵਹਿਸ਼ੀਪੁਰਣੇ ਦੀਆਂ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਓਥੇ ਉਨਾਵ ਵਿੱਚ ਬਲਾਤਕਾਰ ਅਤੇ ਜ਼ਿੰਦਾ ਸਾੜਨ ਦੀ ਘਟਨਾ ਤੋਂ ਬਾਅਦ ਫਤਹਿਪੁਰ ਤੋਂ ਦਰਿੰਦਗੀ ਵਾਲੀ ਖਬਰ ਆ ਗਈ ਹੈ। ਹੁਸੈਨਗੰਜ ਖੇਤਰ ਵਿੱਚ ਇੱਕ ਪਿੰਡ ਵਿੱਚ ਦੋਸ਼ੀ ਨੇ ਘਰ ਵਿੱਚ ਵੜ ਕੇ ਇੱਕ 18 ਸਾਲਾ ਲੜਕੀ ਨਾਲ ਬਲਾਤਕਾਰ ਕੀਤਾ ਅਤੇ ਫਿਰ ਮਿੱਟੀ ਦਾ ਤੇਲ ਪਾ ਕੇ ਉਸ ਨੂੰ ਜ਼ਿੰਦਾ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਚੀਕਾਂ ਮਾਰਦੀ ਕੁੜੀ ਬਾਹਰ ਵੱਲ ਦੌੜੀ ਤਾਂ ਗੁਆਂਢੀਆਂ ਨੇ ਅੱਗ ਬੁਝਾ ਕੇ ਉਸ ਨੂੰ ਹਸਪਤਾਲ ਪਹੁੰਚਾਇਆ। ਨੱਬੇ ਫੀਸਦੀ ਝੁਲਸੀ ਕੁੜੀ ਨੂੰ ਕਾਨਪੁਰ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਵਾਰਦਾਤ ਦੇ ਬਾਅਦ ਦੋਸ਼ੀ ਫਰਾਰ ਹੋ ਗਿਆ।



ਏ ਡੀ ਸੀ ਸੁਜੀਤ ਪਾਂਡੇ, ਡੀ ਆਈ ਜੀ ਕਵਿੰਦਰ ਪ੍ਰਤਾਪ ਸਿੰਘ, ਡੀ ਐੱਮ ਸੰਜੀਵ ਕੁਮਾਰ ਸਿੰਘ ਅਤੇ ਐੱਸ ਪੀ ਵਰਮਾ ਨੇ ਮੌਕੇ ਦਾ ਜਾਇਜ਼ਾ ਲਿਆ ਤਾਂ ਪਤਾ ਲੱਗਾ ਕਿ ਸਵੇਰੇ ਕਰੀਬ ਨੌਂ ਵਜੇ ਗੁਆਂਢ ਵਿੱਚ ਰਹਿਣ ਵਾਲੇ ਚਾਚੇ ਦੇ ਘਰ ਕੁੜੀ ਨੂੰ ਇਕੱਲਿਆਂ ਪਾ ਕੇ ਦੋਸ਼ੀ ਉਸ ਘਰ ਵਿੱਚ ਜਾ ਵੜਿਆ ਤੇ ਜਬਰ ਜਨਾਹ ਕੀਤਾ। ਕੁੜੀ ਨੇ ਜਦੋਂ ਪਰਵਾਰ ਵਾਲਿਆਂ ਨੂੰ ਜਾਣਕਾਰੀ ਦੇਣ ਦੀ ਗੱਲ ਕਹੀ ਤਾਂ ਮੁਲਜ਼ਮ ਨੇ ਉਸ 'ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿੱਤੀ। ਉਹ ਚੀਕਾਂ ਮਾਰਦੀ ਬਾਹਰ ਵੱਲ ਦੌੜੀ। ਅੱਗ ਬੁਝਾਉਣ ਪਿੱਛੋਂ ਗੁਆਂਢੀਆਂ ਨੇ ਉਸ ਨੂੰ ਨੇੜਲੇ ਹਸਪਤਾਲ ਪਹੁੰਚ-ਾਇਆ ਅਤੇ ਮੁੱਢਲੇ ਇਲਾਜ ਉਪਰੰਤ ਉਸ ਨੂੰ ਸਦਰ ਹਸਪਤਾਲ ਲੈ ਗਏ। ਡਾਕਟਰਾਂ ਦੱਸਿਆ ਕਿ ਕੁੜੀ ਨੱਬੇ ਫੀਸਦੀ ਝੁਲਸ ਗਈ ਹੈ। ਹਾਲਤ ਬੇਹੱਦ ਗੰਭੀਰ ਹੋਣ ਕਾਰਨ ਉਸ ਨੂੰ ਕਾਨਪੁਰ ਰੈਫਰ ਕਰ ਦਿੱਤਾ ਗਿਆ ਹੈ।

## ਪੈੱਨ ਚੋਰੀ ਦੇ ਵਿਵਾਦ ਤੋਂ ਸਹੇਲੀ ਦੀ ਹੱਤਿਆ

ਜੈਪੁਰ, 15 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਬਾਲ-ਪੈੱਨ ਚੋਰੀ ਕਰਨ ਦੇ ਝਗੜੇ ਵਿੱਚ 8ਵੀਂ ਦੀ ਵਿਦਿਆਰਥਣ ਨੇ ਆਪਣੀ ਸਹੇਲੀ ਪਾਇਲ ਦੀ ਹੱਤਿਆ ਕਰ ਦਿੱਤੀ। ਦੋਸ਼ੀ ਵਿਦਿਆਰਥਣ ਨੇ ਸਹੇਲੀ ਪਾਇਲ ਦੇ ਸਿਰ ਉੱਤੇ ਸਰੀਏ ਨਾਲ ਵਾਰ ਕਰ ਕੇ ਕਤਲ ਕੀਤਾ ਸੀ। ਹੈਰਾਨੀ ਵਾਲੀ ਗੱਲ ਹੈ ਕਿ ਦੋਸ਼ੀ ਬੱਚੀ ਦੇ ਮਾਤਾ-ਪਿਤਾ ਨੇ ਪਹਿਲਾਂ ਲਾਸ਼ ਬੋਰੇ ਵਿੱਚ ਬੰਨ੍ਹ ਕੇ ਆਪਣੇ ਘਰ ਦੇ ਨੇੜੇ ਤਲਾਬ ਵਿੱਚ ਸੁੱਟੀ। ਬਾਅਦ ਵਿਚ ਉਹ ਲਾਸ਼ ਨੂੰ ਕੱਢ ਕੇ ਖੇਤ ਵਿੱਚ ਸੁੱਟ ਆਏ। ਪੁਲਸ ਨੇ ਮਾਤਾ-ਪਿਤਾ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਬੱਚੀ ਨੂੰ ਬਾਲ ਸੁਧਾਰ ਗ੍ਰਹਿ ਭੇਜਿਆ ਗਿਆ ਹੈ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



# ਬ੍ਰਿਟੇਨ ਵਿੱਚ ਬੋਰਿਸ ਜਾਨਸਨ ਦੀ ਅਗਵਾਈ ਹੇਠ ਕੰਜ਼ਰਵੇਟਿਵ ਦੀ ਜ਼ੋਰਦਾਰ ਜਿੱਤ

## * ਜਾਨਸਨ ਨੇ ਜਿੱਤ ਨੂੰ ਇਤਿਹਾਸਕ ਅਤੇ ਨਵੀਂ ਸਵੇਰ ਕਿਹਾ



ਲੰਡਨ, 15 ਦਸੰਬਰ, (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਅਗਵਾਈ ਹੇਠਲੀ ਕੰਜ਼ਰਵੇਟਿਵ ਪਾਰਟੀ ਨੇ ਪਾਰਲੀਮੈਂਟ ਚੋਣਾਂ ਵਿੱਚ ਜ਼ੋਰਦਾਰ ਜਿੱਤ ਜਿੱਤੀ ਹੈ। ਉਸ ਨੂੰ ਹਾਊਸ ਆਫ ਕਾਮਨਜ਼ ਦੀਆਂ 650 ਵਿੱਚੋਂ ਤਿੰਨ ਸੌ ਚੌਹਠ ਸੀਟਾਂ ਮਿਲੀਆਂ ਹਨ ਅਤੇ ਅੱਗੇ ਨਾਲੋਂ ਵੱਧ ਮਜ਼ਬੂਤ ਹੋ ਕੇ ਸਾਹਮਣੇ ਆਈ ਹੈ। ਇਸ ਜਿੱਤ ਦੇ ਬਾਅਦ ਬੋਰਿਸ ਜਾਨਸਨ ਨੇ ਅੱਜ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਕੰਜ਼ਰਵੇਟਿਵਜ਼ ਨੂੰ ਆਮ ਚੋਣਾਂ ਵਿਚ ਇਤਿਹਾਸਕ ਜਿੱਤ ਦਿਵਾਉਣ ਪਿੱਛੋਂ ਆਪਣੇ ਵੋਟਰਾਂ ਦਾ ਭਰੋਸਾ ਕਾਇਮ ਰੱਖਣ ਲਈ ਦਿਨ-ਰਾਤ ਕੰਮ ਕਰਨਗੇ। ਉਨ੍ਹਾਂ ਨੇ ਇਸ ਜਿੱਤ ਨੂੰ ਆਪਣੇ ਦੇਸ਼ ਦੇ ਲੋਕਾਂ ਵਾਸਤੇ ਇੱਕ 'ਨਵੀਂ ਸਵੇਰ' ਕਹਿ ਕੇ ਅੱਗੇ ਵਧਣ ਲਈ ਕਿਹਾ ਹੈ।

ਬੀ ਬੀ ਸੀ ਦੀ ਰਿਪੋਰਟ ਮੁਤਾਬਕ ਵੀਰਵਾਰ 12 ਦਸੰਬਰ ਨੂੰ ਹੋਈਆਂ ਚੋਣਾਂ ਦੇ ਨਤੀਜੇ ਵਿਚ ਕੰਜ਼ਰਵੇਟਿਵਜ਼ ਕੋਲ 78 ਸੀਟਾਂ ਦਾ ਬਹੁਮਤ ਆ ਗਿਆ ਹੈ। ਇਸ ਪਿੱਛੋਂ ਇਸ ਜਿੱਤ ਉੱਤੇ ਲੰਡਨ ਤੋਂ ਬੋਲਦਿਆਂ ਬੋਰਿਸ ਜਾਨਸਨ ਨੇ ਕਿਹਾ ਕਿ ਅਸੀਂ ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਐਗਜ਼ਿਟ) ਨੂੰ 31 ਜਨਵਰੀ ਤੱਕ ਸਮੇਂ ਸਿਰ ਪੂਰਾ ਕਰਨ ਦੇ ਟੀਚਾ ਵੀ ਹਾਸਲ ਕਰ ਲਵਾਂਗੇ ਅਤੇ ਇਸ ਵਿਚ ਕੋਈ ਜੱਕੋ-ਤੱਕੀ ਨਹੀਂ ਹੋਵੇਗੀ। ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਅਸੀਂ ਇਹ ਕੀਤਾ ਹੈ ਤੇ ਇਹ ਇਸ ਦੇਸ਼ ਲਈ ਨਵੀਂ ਸਵੇਰ ਸੀ। ਜਾਨਸਨ ਨੇ ਇਸ ਜਿੱਤ ਉੱਤੇ ਲੇਬਰ ਵੋਟਰਾਂ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਇਨ੍ਹਾਂ ਵਿਚੋਂ ਬਹੁਤਿਆਂ ਨੇ ਪਹਿਲੀ ਵਾਰ ਕੰਜ਼ਰਵੇਟਿਵ ਵੱਲ ਮੂੰਹ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਲੋਕਾਂ ਦੀ ਸਰਕਾਰ ਦੀ ਅਗਵਾਈ ਕਰਾਂਗਾ ਤੇ ਉਸ ਵਿਚ ਰੱਖੇ ਪਵਿੱਤਰ ਵਿਸ਼ਵਾਸ ਨੂੰ ਪੂਰਾ ਕਰਾਂਗਾ। ਤੁਸੀਂ ਅਗਲੀ ਵਾਰ ਲੇਬਰ ਵਿਚ ਵਾਪਸ ਜਾਣ ਦਾ ਮਨ ਬਣਾ ਸਕਦੇ ਹੋ ਅਤੇ ਜੇ ਏਦਾਂ ਹੁੰਦਾ ਹੈ ਤਾਂ ਮੈਂ ਇਸ ਵੱਲ ਨਰਮ ਰਹਾਂਗਾ। ਇਹ ਸਾਬਤ ਕਰਨ ਲਈ ਕਿ ਤੁਹਾਡਾ ਮੇਰੇ ਉੱਤੇ ਵਿਸ਼ਵਾਸ ਸਹੀ ਸੀ, ਮੈਂ ਦਿਨ ਰਾਤ ਕੰਮ ਕਰਾਂਗਾ ਤੇ ਮੈਂ ਤੁਹਾਨੂੰ ਨਿਰਾਸ਼ ਨਹੀਂ ਕਰਾਂਗਾ।

ਵਰਨਣ ਯੋਗ ਹੈ ਕਿ ਨਤੀਜੇ ਵਜੋਂ ਬ੍ਰਿਟੇਨ ਦੀ ਕੰਨਜ਼ਰਵੇਟਿਵ ਪਾਰਟੀ ਨੂੰ ਹਾਊਸ ਦੀਆਂ ਕੁੱਲ 650 ਵਿੱਚੋਂ 364 ਸੀਟਾਂ ਉੱਤੇ ਜਿੱਤ ਮਿਲੀ ਹੈ, ਇਸ ਦੀਆਂ ਪਿਛਲੀ ਵਾਰ 317 ਸੀਟਾਂ ਸਨ। ਮੁੱਖ ਵਿਰੋਧੀ ਲੇਬਰ ਪਾਰਟੀ ਨੂੰ 203 ਸੀਟਾਂ ਮਿਲੀਆਂ ਹਨ, ਜਦ ਕਿ ਪਿਛਲੀ ਵਾਰੀ 262 ਸੀਟਾਂ ਸਨ। ਤੀਸਰੀ ਪਾਰਟੀ ਵਜੋਂ ਉੱਭਰੀ ਸਕਾਟਿਸ਼ ਨੈਸ਼ਨਲ ਪਾਰਟੀ ਨੂੰ 35 ਤੋਂ ਵਧਾ ਕੇ ਇਸ ਵਾਰ 48 ਸੀਟਾਂ ਮਿਲੀਆਂ ਅਤੇ ਮੁੱਖ ਧਾਰਾ ਦੀ ਤੀਸਰੀ ਪਾਰਟੀ ਲਿਬਰਲਜ਼ ਡੈਮੋਕਰੇਟਸ ਦੀ 12 ਵਿੱਚੋਂ ਇੱਕ ਸੀਟ ਘਟ ਗਈ ਹੈ। ਡੈਮੋਕੇਰਟਿਕ ਯੂਨੀਅਨਿਸਟ ਪਾਰਟੀ ਦੀਆਂ ਦਸਾਂ ਤੋਂ ਘਟ ਕੇ ਅੱਠ ਰਹਿ ਗਈਆਂ ਹਨ।

# ਬੈਂਕ ਦੀ ਕੈਸ਼ ਵੈਨ ਲੁੱਟਣ ਵਾਲੇ ਪੰਜਾਬੀ ਤੇ ਉਸ ਦੇ ਸਾਥੀ ਨੂੰ 10 ਸਾਲ ਕੈਦ

ਲੰਡਨ, 15 ਦਸੰਬਰ (ਪੋਸਟ ਬਿਊਰੋ)- ਕੈਂਟ ਇਲਾਕੇ ਦੇ ਰੇਹਨਹਮ ਦੀ ਬੈਂਕ ਨੂੰ ਨਕਦੀ ਦੇਣ ਵਾਲੀ ਵੈਨ ਦੇ ਡਰਾਈਵਰ ਪਾਸੋਂ 25000 ਪੌਂਡ ਲੁੱਟਣ ਦੇ ਕੇਸ ਵਿੱਚ ਪੰਜਾਬੀ ਤੇ ਉਸ ਦੇ ਸਾਥੀ ਨੂੰ 10 ਸਾਲ ਕੈਦ ਦੀ ਸਜ਼ਾ ਹੋਈ ਹੈ।

ਮੇਡਨਸਰੋਨ ਕਰਾਊਨ ਕੋਰਟ ਵਿੱਚ ਚੱਲੇ ਕੇਸ ਦੀ ਸੁਣਵਾਈ ਵੇਲੇ ਦੱਸਿਆ ਗਿਆ ਕਿ ਰੇਹਨਹਮ ਦੀ ਨੈੱਟਵਰਕ ਬੈਂਕ ਨੂੰ ਸਕਿਓਰਿਟੀ ਕੰਪਨੀ ਦਾ ਡਰਾਈਵਰ ਜਬਾਰਨ ਗੁਰੰਗ 25 ਸਤੰਬਰ ਨੂੰ ਨਕਦੀ ਦੇਣ ਗਿਆ ਸੀ, ਜਿਸ ਦਾ ਲੁਟੇਰੇ ਪਹਿਲਾਂ ਤੋਂ ਇੰਤਜ਼ਾਰ ਕਰ ਰਹੇ ਸਨ। ਜਦ ਡਰਾਈਵਰ ਨੇ ਨਕਦੀ ਦਾ ਬੈਗ ਵੈਨ ਵਿੱਚੋਂ ਕੱਢਿਆ, ਤਾਂ ਲੁਟੇਰੇ ਉਸ ਤੋਂ ਖੋਹ ਕੇ ਕਾਰ ਵਿੱਚ ਸਵਾਰ ਹੋ ਕੇ ਨਿਕਲ ਗਏ। ਘਟਨਾ ਤੋਂ ਦੋ ਦਿਨ ਬਾਅਦ ਪੁਲਸ ਨੇ 24 ਸਾਲਾ ਜਸਨੀਤ ਸਿੰਘ ਸਿੱਧੂ ਵਾਸੀ ਕਰੋਮਵਲ ਰੋਡ, ਗਰੇਸ਼ ਤੇ 36 ਸਾਲਾ ਰੈਨ ਯੰਗ ਵਾਸੀ ਕੈਂਵਡਿਸ਼ ਐਵੇਨਿਊ ਜਿਲੀਗਮ ਨੂੰ ਗ੍ਰਿਫਤਾਰ ਕਰ ਲਿਆ ਤੇ ਦੋਵਾਂ ਦੇ ਘਰਾਂ ਦੀ ਤਲਾਸ਼ੀ ਤੋਂ ਬਾਅਦ ਰੈਨ ਦੇ ਘਰੋਂ 10 ਹਜ਼ਾਰ ਪੌਂਡ ਤੇ ਸਿੱਧੂ ਪਾਸੋਂ 3000 ਪੌਂਡ ਬਰਾਮਦ ਕੀਤਾ। ਅਦਾਲਤ ਨੇ ਸਿੱਧੂ ਨੂੰ ਪੰਜ ਸਾਲ ਤਿੰਨ ਮਹੀਨੇ ਅਤੇ ਰੈਨ ਯੰਗ ਨੂੰ ਚਾਰ ਸਾਲ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ, ਜਦ ਕਿ ਇਸ ਮਾਮਲੇ ਵਿੱਚ ਇੱਕ ਹੋਰ ਵਿਅਕਤੀ ਨੂੰ ਬਰੀ ਕਰ ਦਿੱਤਾ।



# ਜੌਨਸਨ ਦੀ ਜਿੱਤ ਨਾਲ ਮੁਸਲਮਾਨਾਂ ਵਿੱਚ ਸਹਿਮ

ਲੰਡਨ, 15 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੀ ਕੰਜ਼ਰਵੇਟਿਵ ਪਾਰਟੀ ਦੀ ਜਿੱਤ ਨਾਲ ਉਥੋਂ ਦਾ ਮੁਸਲਮਾਨ ਭਾਈਚਾਰਾ ਡਰ ਮਹਿਸੂਸ ਕਰ ਰਿਹਾ ਹੈ। ਇਹ ਗੱਲ ਬ੍ਰਿਟੇਨ ਦੇ ਇੱਕ ਪ੍ਰਮੁੱਖ ਸੰਗਠਨ ਨੇ ਬਿਆਨ ਜਾਰੀ ਕਰ ਕੇ ਕਹੀ ਹੈ।

ਮੁਸਲਿਮ ਕੌਂਸਲ ਆਫ ਬ੍ਰਿਟੇਨ (ਐੱਮ ਸੀ ਬੀ) ਨੇ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਵੱਲੋਂ ਲਾਏ ਜਾਂਦੇ ਰਹੇ ਕੁਝ ਇਸਲਾਮੋਫੋਬੀਆ ਨੂੰ ਭੁੰਨਣ ਵਾਲੇ ਨਾਅਰੇ ਦੀ ਜਾਂਚ ਦੀ ਮੰਗ ਕੀਤੀ ਹੈ। ਇਹ ਨਾਅਰਾ ਚੋਣਾਂ ਦੇ ਪ੍ਰਮੁੱਖ ਨਾਅਰਿਆਂ ਵਿੱਚ ਸ਼ਾਮਲ ਰਿਹਾ ਸੀ। ਕੰਜ਼ਰਵੇਟਿਵ ਪਾਰਟੀ ਵੱਧ ਮਜ਼ਬੂਤੀ ਨਾਲ ਸੱਤਾ ਵਿੱਚ ਆਈ ਤਾਂ ਮੁਸਲਮਾਨਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਹੋ ਰਹੀ ਹੈ। ਐੱਮ ਸੀ ਬੀ ਦੇ ਜਨਰਲ ਸਕੱਤਰ ਹਾਰੂਨ ਖਾਂ ਨੇ ਕਿਹਾ ਹੈ ਕਿ ਬੋਰਿਸ ਜੌਨਸਨ ਨੂੰ ਚੋਣਾਂ ਵਿੱਚ ਸਪੱਸ਼ਟ ਬਹੁਮਤ ਮਿਲਿਆ ਹੈ, ਪਰ ਪੂਰੇ ਦੇਸ਼ ਦਾ ਮੁਸਲਿਮ ਭਾਈਚਾਰਾ ਇਸ ਤੋਂ ਡਰਿਆ ਹੋਇਆ ਹੈ। ਅਸੀਂ ਇਸਲਾਮੋਫੋਬੀਆ ਲਈ ਓਵਨ ਰੈਡੀ ਵਾਲੇ ਨਾਅਰੇ ਤੋਂ ਚਿੰਤਤ ਹਾਂ। ਸਾਡੀ ਪ੍ਰਾਰਥਨਾ ਹੈ ਕਿ ਜੌਨਸਨ ਆਪਣੀ ਸਿਆਸੀ ਤਾਕਤ ਦੀ ਵਰਤੋਂ ਬ੍ਰਿਟੇਨ ਨੂੰ ਜ਼ਿੰਮੇਵਾਰ ਬਣਾਉਣ ਵਿੱਚ ਕਰਨ। ਉਨ੍ਹਾਂ ਕਿਹਾ ਕਿ ਤਾਜ਼ਾ ਚੋਣਾਂ ਬੀਤ ਦਹਾਕਿਆਂ ਦੀਆਂ ਸਭ ਤੋਂ ਜ਼ਿਆਦਾ ਵੰਡ ਪਾਉਣ ਵਾਲੀਆਂ ਚੋਣਾਂ ਹਨ। ਇਸ ਵਿੱਚ ਜਿੱਤਣ ਲਈ ਭੇਦਭਾਵ ਪੈਦਾ ਕਰਨ ਵਾਲੇ ਨਾਅਰੇ ਲਾਏ ਗਏ ਤੇ ਹੋਰ ਕੰਮ ਕੀਤੇ ਗਏ, ਪਰ ਜਦੋਂ ਚੋਣਾਂ ਖਤਮ ਹੋ ਗਈਆਂ ਹਨ, ਉਦੋਂ ਨਵੇਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਰਾਸ਼ਟਰੀ ਏਕਤਾ ਤੇ ਸਮਾਜਕ ਇਕਜੁਟਤਾ ਲਈ ਕੰਮ ਕਰਨਾ ਚਾਹੀਦਾ ਹੈ। ਹਾਰੂਨ ਨੇ ਕਿਹਾ, ਅਸੀਂ ਜਾਣਦੇ ਹਾਂ ਕਿ ਪ੍ਰਧਾਨ ਮੰਤਰੀ ਇਕਜੁਟ ਰਾਸ਼ਟਰ ਦਾ ਨਾਅਰਾ ਦੇਣਗੇ। ਉਹ ਸਾਰੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣ-ਗੇ।

ਚੋਣਾਂ ਵਿੱਚ ਮੁਸਲਿਮ ਭਾਈਚਾਰੇ ਦਾ ਸਮਰਥਨ ਲੇਬਰ ਪਾਰਟੀ ਨੂੰ ਰਿਹਾ ਸੀ। ਪਾਰਟੀ ਨੇਤਾ ਜੈਰੇਮੀ ਕਾਰਬਿਨ ਨੇ ਬ੍ਰਿਟੇਨ ਵਿੱਚ ਖੁਦ ਨੂੰ ਮੁਸਲਮਾਨਾਂ ਦਾ ਸਭ ਤੋਂ ਵੱਡਾ ਹਿਤੈਸ਼ੀ ਦੱਸਣ ਦੀ ਕੋਸ਼ਿਸ਼ ਕੀਤੀ ਸੀ। ਚੋਣਾਂ ਸੰਬੰਧੀ ਚਰਚਾ ਦੌਰਾਨ ਲੇਬਰ ਪਾਰਟੀ ਨੇ ਹਾਊਸ ਆਫ ਕਾਮਨਜ਼ ਵਿੱਚ ਜੰਮੂ ਕਸ਼ਮੀਰ ਨੂੰ ਲੈ ਕੇ ਭਾਰਤੀ ਵਿਰੋਧੀ ਮਤਾ ਪਾਸ ਕਰਵਾਇਆ ਸੀ, ਜਿਹੜਾ ਬਾਅਦ ਵਿੱਚ ਸਰਕਾਰ ਨੇ ਰੱਦ ਕਰ ਦਿੱਤਾ ਸੀ। ਇਸ ਮਤੇ ਤੇ ਧਾਰਾ 370 ਨੂੰ ਹਟਾਉਣ ਦੇ ਵਿਰੋਧ ਵਿੱਚ ਭਾਰਤੀ ਹਾਈ ਕਮਿਸ਼ਨ 'ਤੇ ਹੋਏ ਪ੍ਰਦਰਸ਼ਨ ਨੇ ਬ੍ਰਿਟਿਸ਼-ਭਾਰਤੀ ਭਾਈਚਾਰੇ ਨੂੰ ਲੇਬਰ ਪਾਰਟੀ ਦਾ ਵਿਰੋਧੀ ਬਣਾ ਦਿੱਤਾ ਸੀ।

# ਟਰੰਪ ਦੇ ਵਿੱਤੀ ਰਿਕਾਰਡ ਬਾਰੇ ਸੁਪਰੀਮ ਕੋਰਟ ਸੁਣਵਾਈ ਕਰੇਗੀ



ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ)- ਅਮਰੀਕੀ ਸੁਪਰੀਮ ਕੋਰਟ ਟੈਕਸ ਰਿਟਰਨ ਤੇ ਵਿੱਤੀ ਰਿਕਾਰਡ ਨਾਲ ਜੁੜੇ ਤਿੰਨ ਵੱਖ-ਵੱਖ ਕੇਸਾਂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਪੀਲ 'ਤੇ ਸੁਣਵਾਈ ਲਈ ਤਿਆਰ ਹੋ ਗਈ ਹੈ।

ਕੰਜ਼ਰਵੇਟਿਵ ਜੱਜਾਂ ਦੀ ਬਹੁਮਤ ਵਾਲੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਅਗਲੇ ਮਾਰਚ ਵਿੱਚ ਸੁਣਵਾਈ ਕਰੇਗੀ ਅਤੇ ਤੀਹ ਜੂਨ ਤੋਂ ਪਹਿਲੇ ਫੈਸਲਾ ਦੇ ਦੇਵੇਗੀ। ਰਿਚਰਡ ਨਿਕਸਨ ਤੋਂ ਪਿੱਛੋਂ ਡੋਨਾਲਡ ਟਰੰਪ ਪਹਿਲੇ ਅਜਿਹੇ ਅਮਰੀਕੀ ਰਾਸ਼ਟਰਪਤੀ ਹਨ, ਜਿਨ੍ਹਾਂ ਨੇ ਆਪਣਾ ਟੈਕਸ ਰਿਟਰਨ ਜਨਤਕ ਨਹੀਂ ਕੀਤਾ। ਇਸ ਦੇ ਪਿੱਛੇ ਉਨ੍ਹਾਂ ਦਾ ਤਰਕ ਹੈ ਕਿ ਉਹ ਅੰਦਰੂਨੀ ਰੈਵੇਨਿਊ ਸਰਵਿਸ (ਆਈ ਆਰ ਐਸ) ਵੱਲੋਂ ਕੀਤੇ ਜਾਂਦੇ ਆਡਿਟ ਤਹਿਤ ਆਉਂਦੇ ਹਨ। ਟਰੰਪ ਦੇ ਵਕੀਲ ਜੇ ਸੇਕੂਲੋ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਸੁਪਰੀਮ ਕੋਰਟ ਰਾਸ਼ਟਰਪਤੀ ਨਾਲ ਜੁੜੇ ਤਿੰਨ ਲਟਕਦੇ ਕੇਸਾਂ ਦੀ ਸਮੀਖਿਆ ਲਈ ਤਿਆਰ ਹੋ ਗਈ ਹੈ। ਇਹ ਕੇਸ ਮਹੱਤਵ ਪੂਰਨ ਸੰਵਿਧਾਨਕ ਮੁੱਦਿਆਂ ਨਾਲ ਜੁੜੇ ਹਨ। ਜਦੋਂ ਵੀ ਸੁਣਵਾਈ ਹੋਵੇਗੀ ਅਸੀਂ ਆਪਣੇ ਲਿਖਤੀ ਅਤੇ ਮੌਖਿਕ ਤਰਕ ਅਦਾਲਤ ਦੇ ਸਾਹਮਣੇ ਪੇਸ਼ ਕਰਾਂਗੇ। ਡੈਮੋਕ੍ਰੇਟਿਕ ਪਾਰਟੀ ਵੱਲੋਂ ਟਰੰਪ ਦੇ ਖਿਲਾਫ ਜਾਇਦਾਦ ਨਾਲ ਜੁੜੇ ਦੋ ਕੇਸ ਦਰਜ ਹਨ। ਇੱਕ ਵਿੱਚ ਪਾਰਲੀਮੈਂਟ ਦੀ ਹਾਊਸ ਓਵਰਸਾਈਟ ਐਂਡ ਰਿਫਾਰਮ ਕਮੇਟੀ ਨੇ ਟਰੰਪ ਦੇ ਸਾਲਾਂ ਤੱਕ ਦੇ ਨਿੱਜੀ ਅਤੇ ਕਾਰਪੋਰੇਟ ਵਿੱਤੀ ਰਿਕਾਰਡ ਲਈ ਅਮਰੀਕੀ ਰਾਸ਼ਟਰਪਤੀ ਦੀ ਅਕਾਊਂਟਿੰਗ ਫਰਮ ਮਜਰਸ ਯੂ ਐਸ ਏ ਨੂੰ ਸੰਮਨ ਜਾਰੀ ਕੀਤਾ ਹੈ। ਦੂਜੇ ਕੇਸ ਵਿੱਚ ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੇ ਧੰਦੇ ਨਾਲ ਸੰਬੰਧਤ ਵਿੱਤੀ ਦਸਤਾਵੇਜ਼ਾਂ ਲਈ ਹਾਊਸ ਫਾਈਨੈਂਸ਼ੀਅਲ ਸਰਵਿਸਿਜ਼ ਅਤੇ ਇੰਟੈਲੀਜੈਂਸ ਕਮੇਟੀਆਂ ਨੇ ਡਿਊਸ਼ ਬੈਂਕ ਤੇ ਕੈਪੀਟਲ ਵਨ ਨੂੰ ਸੰਮਨ ਜਾਰੀ ਕੀਤਾ ਹੈ। ਤੀਜੇ ਕੇਸ ਵਿੱਚ ਟਰੰਪ ਦੇ ਨਿੱਜੀ ਇਨਕਮ ਟੈਕਸ ਰਿਟਰਨ ਨਾਲ ਜੁੜੀ ਜਾਣਕਾਰੀ ਲਈ ਮਜਰਸ ਯੂ ਐਸ ਏ ਨੂੰ ਇੱਕ ਸੰਮਨ ਜਾਰੀ ਕੀਤਾ ਗਿਆ ਹੈ।

# ਬ੍ਰਿਟੇਨ ਤੋਂ ਗੋਰਖਾ ਭਰਤੀ ਸਮਝੌਤੇ ਦੀ ਸਮੀਖਿਆ ਦੀ ਮੰਗ ਉੱਠੀ



ਕਾਠਮੰਡੂ, 15 ਦਸੰਬਰ (ਪੋਸਟ ਬਿਊਰੋ)- ਨੇਪਾਲ ਦੇ ਵਿਦੇਸ਼ ਮੰਤਰੀ ਪ੍ਰਦੀਪ ਕੁਮਾਰ ਗਯਾਵਲੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਬ੍ਰਿਟੇਨ ਦੀ ਫੌਜ ਵਿੱਚ ਗੋਰਖਾ ਜਵਾਨਾਂ ਦੀ ਭਰਤੀ ਬਾਰੇ ਸਮਝੌਤੇ ਦੀ ਸਮੀਖਿਆ ਚਾਹੁੰਦਾ ਹੈ। ਉਨ੍ਹਾਂ ਅਨੁਸਾਰ ਇਸ ਭਰਤੀ ਵਿੱਚ ਕਾਠਮੰਡੂ ਦੀ ਕੋਈ ਭੂਮਿਕਾ ਨਹੀਂ ਹੁੰਦੀ, ਇਸ ਲਈ ਸਮਝੌਤੇ ਦੀ ਸਮੀਖਿਆ ਜ਼ਰੂਰੀ ਹੈ।

ਨੇਪਾਲ ਨੇ ਇਹ ਮੰਗ ਓਦੋਂ ਕੀਤੀ ਹੈ, ਜਦੋਂ ਬ੍ਰਿਟਿਸ਼ ਫੌਜ ਗੋਰਖਾ ਬ੍ਰਿਗੇਡ ਵਿੱਚ ਪਹਿਲੀ ਵਾਰ ਨੇਪਾਲੀ ਔਰਤਾਂ ਦੀ ਭਰਤੀ ਕਰਨ ਨੂੰ ਤਿਆਰ ਹੈ। ਬ੍ਰਿਟਿਸ਼ ਮੀਡੀਆ ਦੀਆਂ ਖਬਰਾਂ ਅਨੁਸਾਰ ਅਜੇ ਇਹ ਸਾਫ ਨਹੀਂ ਕਿ ਕਿੰਨੀ ਗਿਣਤੀ ਵਿੱਚ ਗੋਰਖਾ ਔਰਤਾਂ ਦੀ ਭਰਤੀ ਹੋਵੇਗੀ, ਪਰ ਇਹ ਤੈਅ ਹੈ ਕਿ ਅਗਲੇ ਸਾਲ ਬ੍ਰਿਟਿਸ਼ ਫੌਜ ਵਿੱਚ ਗੋਰਖਾ ਔਰਤਾਂ ਦੀ ਟਰੇਨਿੰਗ ਹੋ ਸਕਦੀ ਹੈ। ਗਯਾਵਲੀ ਨੇ ਸ਼ੁੱਕਰਵਾਰ ਨੂੰ ਇੱਕ ਇੰਟਰਵਿਊ ਵਿੱਚ ਕਿਹਾ ਕਿ ਨੇਪਾਲ ਇਸ 72 ਸਾਲ ਪੁਰਾਣੇ ਤ੍ਰੈ-ਪੱਖੀ ਸਮਝੌਤੇ ਦੀ ਸਮੀਖਿਆ ਚਾਹੁੰਦਾ ਹੈ ਕਿਉਂਕਿ ਇਹ ਸਮਝੌਤਾ ਕਿਸੇ ਵੀ ਵਿਦੇਸ਼ੀ ਫੌਜ ਵਿੱਚ ਗੋਰਖਾ ਨੌਜਵਾਨਾਂ ਦੀ ਭਰਤੀ ਪ੍ਰਕਿਰਿਆ ਵਿੱਚ ਕਾਠਮੰਡੂ ਦੀ ਕੋਈ ਭੂਮਿਕਾ ਨਿਭਾਉਣ ਦੀ ਇਜਾਜ਼ਤ ਨਹੀਂ ਦਿੰਦਾ।

ਬ੍ਰਿਟੇਨ 1815 ਤੋਂ ਆਪਣੀ ਫੌਜ ਵਿੱਚ ਗੋਰਖਾ ਜਵਾਨਾਂ ਦੀ ਭਰਤੀ ਕਰ ਰਿਹਾ ਹੈ। ਸਾਲ 1947 ਵਿੱਚ ਭਾਰਤ ਵਿੱਚ ਬ੍ਰਿਟਿਸ਼ ਰਾਜ ਖਤਮ ਹੋਣ ਪਿੱਛੋਂ ਨਵੀਂ ਦਿੱਲੀ, ਲੰਡਨ ਅਤੇ ਕਾਠਮੰਡੂ ਦਾ ਇੱਕ ਸਮਝੌਤਾ ਹੋਇਆ ਸੀ। ਇਸ ਤਹਿਤ ਭਾਰਤ ਤੇ ਬ੍ਰਿਟੇਨ ਗੋਰਖਾ ਜਵਾਨਾਂ ਦੀ ਭਰਤੀ ਆਪਣੀ ਆਪਣੀ ਫੌਜ ਵਿੱਚ ਕਰਦੇ ਹਨ। 2007 ਵਿੱਚ ਬ੍ਰਿਟੇਨ ਨੇ ਆਪਣੇ ਵਿਸ਼ੇਸ਼ ਬਲ ਅਤੇ ਗੋਰਖਾ ਔਰਤਾਂ ਦੀ ਭਰਤੀ ਕਰਨ ਦਾ ਐਲਾਨ ਕੀਤਾ ਸੀ।

# ਬ੍ਰਿਟਿਸ਼ ਪਾਰਲੀਮੈਂਟ ਚੋਣਾਂ ਵਿੱਚ ਭਾਰਤੀ ਮੂਲ ਦੇ ਉਮੀਦਵਾਰ ਚੋਖੇ ਸਫਲ ਰਹੇ

ਲੰਡਨ, 15 ਦਸੰਬਰ, (ਪੋਸਟ ਬਿਊਰੋ)- ਬ੍ਰਿਟੇਨ ਵਿਚ ਕੰਜ਼ਰਵੇਟਿਵ ਪਾਰਟੀ ਅਤੇ ਲੇਬਰ ਪਾਰਟੀ ਦੇ ਭਾਰਤੀਆਂ ਮੂਲ ਦੇ ਉਮੀਦਵਾਰਾਂ ਨੇ ਅੱਜ ਸ਼ੁੱਕਰਵਾਰ ਨੂੰ ਆਏ ਆਮ ਚੋਣਾਂ ਦੇ ਨਤੀਜੇ ਵਿਚ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਨਵੇਂ ਚਿਹਰਿਆਂ ਦੇ ਨਾਲ ਕਰੀਬ 12 ਜਣਿਆਂ ਹਾਊਸ ਆਫ ਕਾਮਨਜ਼ ਵਿਚ ਥਾਂ ਬਣਾਈ ਹੈ।

ਪਿਛਲੀ ਪਾਰਲੀਮੈਂਟ ਵਿਚਲੇ ਭਾਰਤੀ ਮੂਲ ਦੇ ਸਾਰੇ ਮੈਂਬਰਾਂ ਨੇ ਆਪਣੀਆਂ ਸੀਟਾਂ ਉੱਤੇ ਕਬਜ਼ਾ ਕਾਇਮ ਰੱਖਿਆ ਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਗਗਨ ਮਹਿੰਦਰਾ ਤੇ ਕਲੇਅਰ ਕੋਟੀਨਹੋ ਤੇ ਲੇਬਰ ਪਾਰਟੀ ਵੱਲੋਂ ਨਵੇਂਦਰ ਮਿਸ਼ਰਾ ਪਹਿਲੀ ਵਾਰ ਪਾਰਲੀਮੈਂਟ ਵਿੱਚ ਗਏ ਹਨ। ਗੋਵਾ ਮੂਲ ਦੀ ਕਲੇਅਰ ਕੋਟੀਨਹੋ ਨੇ 35,624 ਵੋਟਾਂ ਨਾਲ ਸਰੀ ਈਸਟ ਸੀਟ ਜਿੱਤੀ ਹੈ। ਗਗਨ ਮਹਿੰਦਰਾ ਨੇ ਹਰਟਫੋਰਡਸ਼ਾਇਰ ਸਾਊਥ ਵੈਸਟ ਸੀਟ ਤੋਂ ਜਿੱਤ ਦਰਜ ਕੀਤੀ ਹੈ। ਸੌਖੀ ਜਿੱਤ ਦੇ ਨਾਲ ਹਾਊਸ ਆਫ ਕਾਮਨਜ਼ ਵਿਚ ਪਰਤਣ ਵਾਲੇ ਭਾਰਤੀ ਮੂਲ ਦੇ ਮੈਂਬਰਾਂ ਵਿਚ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਹੈ, ਜਿਸ ਦੇ ਨਵੀਂ ਕੈਬਨਿਟ ਵਿਚ ਵੀ ਮੰਤਰੀ ਬਣਨ ਦੀ ਆਸ ਹੈ। ਉਸ ਨੇ ਐਸੇਕਸ ਦੀ ਵਿਦਹਾਮ ਸੀਟ ਜਿੱਤੀ ਤੇ ਭਾਰਤ ਦੀ ਟੈਕਨੋ ਕੰਪਨੀ ਇੰਫੋਸਿਸ ਦੇ ਮੋਢੀਆਂ ਵਿੱਚੋਂ ਇੱਕ ਨਾਰਾਇਣ ਮੂਰਤੀ ਦੇ ਜਵਾਈ ਰਿਸ਼ੀ ਸੁਨਾਕ ਅਤੇ ਸਾਬਕਾ ਅੰਤਰਰਾਸ਼ਟਰੀ ਵਿਕਾਸ ਮੰਤਰੀ ਆਲੋਕ ਸ਼ਰਮਾ ਵੀ ਜਿੱਤ ਗਏ ਹਨ। ਸ਼ੈਲੇਸ਼ ਵਾਰਾ ਨੌਰਥ ਵੈਸਟ ਕੈਂਬ੍ਰਿਜਸ਼ਾਇਰ ਤੋਂ ਅਤੇ ਗੋਵਾ ਮੂਲ ਦੀ ਸੁਏਲਾ ਬ੍ਰੇਵਰਮੈਨ ਨੇ ਫੇਅਰਹਾਮ ਤੋਂ ਚੋਣ ਜਿੱਤ ਗਈ ਹੈ।

ਵਿਰੋਧੀ ਧਿਰ ਦੀ ਮੋਹਰੀ ਲੇਬਰ ਪਾਰਟੀ ਲਈ ਨਤੀਜੇ ਨਿਰਾਸ਼ਾ ਜਨਕ ਰਹੇ, ਪਰ ਪਿਛਲੀ ਪਾਰਲੀਮੈਂਟ ਦੇ ਉਸ ਦੇ ਭਾਰਤੀ ਮੂਲ ਦੇ ਸਾਰੇ ਮੈਂਬਰ ਜਿੱਤ ਗਏ ਹਨ। ਇਸ ਪਾਰਟੀ ਦੇ ਨਵੇਂਦਰੂ ਮਿਸ਼ਰਾ ਨੇ ਸਕਾਰਟਪੋਰਟ ਸੀਟ ਤੋਂ ਚੋਣ ਜਿੱਤੀ ਤੇ ਪਹਿਲੀ ਵਾਰ ਪਾਰਲੀਮੈਂਟ ਮੈਂਬਰ ਬਣੇ ਹਨ। ਪਿਛਲੀਆਂ ਚੋਣਾਂ ਵਿਚ ਪਹਿਲੀ ਬ੍ਰਿਟਿਸ਼ ਸਿੱਖ ਮਹਿਲਾ ਐੱਮ ਪੀ ਬਣ ਕੇ ਇਤਿਹਾਸ ਬਣਾ ਚੁੱਕੀ ਪ੍ਰੀਤ ਕੌਰ ਗਿੱਲ ਨੇ ਬਰਮਿੰਘਮ ਐਜਬੈਸਟਨ ਸੀਟ ਫਿਰ ਜਿੱਤੀ ਹੈ। ਪਹਿਲੇ ਦਸਤਾਰਧਾਰੀ ਸਿੱਖ ਐੱਮ ਪੀ ਤਨਮਨਜੀਤ ਸਿੰਘ ਢੇਸੀ ਵੀ ਫਿਰ ਜੇਤੂ ਰਹੇ ਹਨ। ਪਾਰਟੀ ਦੇ ਸੀਨੀਅਰ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਨੇ 25,678 ਵੋਟਾਂ ਨਾਲ ਈਲਿੰਗ ਸਾਊਥਾਲ ਸੀਟ ਫਿਰ ਜਿੱਤ ਲਈ ਹੈ।

# ਬ੍ਰਿਟੇਨ ਦੀ ਜਨਗਣਨਾ 'ਚ ਸਿੱਖਾਂ ਦਾ ਵੱਖਰੇ ਖਾਨੇ ਦੀ ਅਰਜ਼ੀ ਹਾਈ ਕੋਰਟ ਵੱਲੋਂ ਰੱਦ

ਲੰਡਨ, 15 ਦਸੰਬਰ (ਪੋਸਟ ਬਿਊਰੋ)- ਸਾਲ 2021 ਦੀ ਜਨਗਣਨਾ ਮੌਕੇ ਬ੍ਰਿਟੇਨ ਵਿੱਚ ਸਿੱਖਾਂ ਦੀ ਗਿਣਤੀ ਲਈ ਵੱਖਰਾ ਖਾਨਾ ਲਾਜ਼ਮੀ ਕਰਨ ਦੀ ਮੰਗ ਟਾਲ ਰਹੀ ਸਰਕਾਰ ਵਿਰੁੱਧ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਗਿਆ ਸੀ, ਜਿਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਕੱਲ੍ਹ ਇਸ ਮੰਗ ਠੁਕਰਾ ਦਿੱਤੀ ਹੈ।

ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਨਵੰਬਰ ਵਿੱਚ ਕਿਹਾ ਗਿਆ ਸੀ ਕਿ 2021 ਦੀ ਜਨਗਣਨਾ ਵਾਲੇ ਦਸਤਾਵੇਜ਼ਾਂ ਵਿੱਚ ਸਿੱਖਾਂ ਦਾ ਵੱਖਰਾ ਖਾਨਾ ਨਾ ਬਣਾਇਆ ਜਾਣਾ ਗੈਰ-ਕਾਨੂੰਨੀ ਹੈ, ਜਿਸ ਲਈ ਉਨ੍ਹਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਲੰਡਨ ਵਿੱਚ ਕੱਲ੍ਹ ਹੋਈ ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਜੇ ਉਹ ਇਸ ਬਾਰੇ ਕੋਈ ਫੈਸਲਾ ਦਿੰਦੇ ਹਨ, ਤਾਂ ਇਹ ਪਾਰਲੀਮੈਂਟ ਨੂੰ ਕਿਸੇ ਵੀ ਨਿਯਮ ਨੂੰ ਅੱਗੇ ਵਧਾਉਣ ਤੋਂ ਰੋਕਣ ਵਾਂਗ ਹੋਵੇਗਾ। ਸਿੱਖ ਫੈਡਰੇਸ਼ਨ ਯੂ ਕੇ ਵਕੀਲਾਂ ਨੇ ਕਿਹਾ ਸਿੱਖਾਂ ਦੀ ਗਿਣਤੀ ਧਰਮ ਦੇ ਅਧਾਰ 'ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜਨਗਣਨਾ ਦੇ ਬਾਰੇ ਪਹਿਲੀਆਂ ਬੈਠਕਾਂ ਵਿੱਚ ਸਿੱਖਾਂ ਦੀ ਇਸ ਮੰਗ ਬਾਰੇ ਮੰਨਿਆ ਸੀ ਕਿ ਉਨ੍ਹਾਂ ਦੀ ਗਿਣਤੀ ਨਾ ਹੋਣ ਕਰਕੇ ਉਹ ਰੁਜ਼ਗਾਰ, ਘਰ, ਸਿਹਤ ਤੇ ਵਿੱਦਿਅਕ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ।

# ਸੂਡਾਨ ਦੇ ਸਾਬਕਾ ਰਾਸ਼ਟਰਪਤੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੈਦ

ਖਾਰਤੂਮ, 15 ਦਸੰਬਰ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਅਤੇ ਵਿਦੇਸ਼ੀ ਕਰੰਸੀ ਰੱਖਣ ਦੇ ਦੋਸ਼ ਵਿੱਚ ਸੂਡਾਨ ਦੀ ਇੱਕ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਉਮਰ ਅਲ ਬਸ਼ੀਰ (75) ਨੂੰ ਦੋਸ਼ੀ ਮੰਨਦੇ ਹੋਏ ਦੋ ਸਾਲ ਕੈਦ ਦੀ ਸਜ਼ਾ ਕੀਤੀ ਹੈ। ਉਨ੍ਹਾਂ ਦੀ ਉਮਰ ਦੇਖਦੇ ਹੋਏ ਉਨ੍ਹਾਂ ਨੂੰ ਜੇਲ੍ਹ 'ਚ ਨਹੀਂ, ਹਿਰਾਸਤ ਕੈਂਪ ਵਿੱਚ ਰੱਖਿਆ ਜਾਵੇਗਾ।

ਅਦਾਲਤ ਨੇ ਬਸ਼ੀਰ ਦੇ ਨਿਵਾਸ ਤੋਂ ਬਰਾਮਦ ਕੀਤੇ ਲੱਖਾਂ ਯੂਰੋ ਅਤੇ ਸੂਡਾਨੀ ਪੌਂਡ ਜ਼ਬਤ ਕਰਨ ਦਾ ਆਦੇਸ਼ ਦਿੱਤਾ ਹੈ। ਬਸ਼ੀਰ ਦੇ ਖਿਲਾਫ ਸੂਡਾਨ ਦੀਆਂ ਵੱਖ ਵੱਖ ਅਦਾਲਤਾਂ ਵਿੱਚ ਕੇਸ ਚੱਲ ਰਹੇ ਹਨ, ਪਰ ਇਹ ਪਹਿਲਾ ਮਾਮਲਾ ਹੈ ਜਿਸ ਵਿੱਚ ਫੈਸਲਾ ਸੁਣ-ਾਇਆ ਗਿਆ ਹੈ। 1989 ਵਿੱਚ ਫੌਜੀ ਤਖਤਾ ਪਲਟਣ ਪਿੱਛੋਂ ਬਸ਼ੀਰ ਦੇ ਹੱਥਾਂ ਵਿੱਚ ਸੂਡਾਨ ਦੀ ਸੱਤਾ ਆਈ ਸੀ, ਪ੍ਰੰਤੂ ਵਧਦੀਆਂ ਕੀਮਤਾਂ ਅਤੇ ਜ਼ਰੂਰੀ ਸਾਮਾਨ ਦੀ ਕਮੀ ਕਾਰਨ ਪਿਛਲੇ ਸਾਲ ਦਸੰਬਰ ਵਿੱਚ ਉਨ੍ਹਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨਾਂ ਦੀ ਸ਼ੁਰੂਆਤ ਹੋਈ ਅਤੇ ਇਸ ਸਾਲ ਅਪ੍ਰੈਲ ਵਿੱਚ ਉਨ੍ਹਾਂ ਨੂੰ ਸੱਤਾ ਤੋਂ ਹੱਟਣਾ ਪਿਆ ਸੀ। ਉਸ ਸਮੇਂ ਤੋਂ ਉਹ ਹਿਰਾਸਤ ਵਿੱਚ ਹਨ। ਸਫੈਦ ਕੱਪੜਿਆਂ ਨਾਲ ਪੱਗ ਬੰਨ੍ਹ ਕੇ ਬਸ਼ੀਰ ਫੈਸਲਾ ਸੁਣਾਏ ਜਾਣ ਵੇਲੇ ਅਦਾਲਤ ਵਿੱਚ ਬਣੇ ਧਾਤ ਦੇ ਵਾੜੇ ਵਿੱਚ ਚੁੱਪਚਾਪ ਖੜ੍ਹੇ ਰਹੇ। ਫੈਸਲਾ ਸੁਣਨ ਤੋਂ ਪਹਿਲੇ ਬਸ਼ੀਰ ਦੇ ਸਮਰਥਕਾਂ ਨੇ ਕਾਰਵਾਈ ਵਿੱਚ ਰੁਕ-ਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਖਦੇੜ ਦਿੱਤਾ। ਅਦਾਲਤ ਦਾਰਫੂਰ ਖੇਤਰ ਵਿੱਚ ਕੀਤੇ ਗਏ ਕਤਲੇਆਮ ਦੇ ਦੋਸ਼ ਵਿੱਚ ਬਸ਼ੀਰ ਖਿਲਾਫ 2009 ਤੇ 2010 ਵਿੱਚ ਵਾਰੰਟ ਜਾਰੀ ਕਰ ਚੁੱਕੀ ਹੈ।

## ਅਮਰੀਕਾ ਦੀ ਰਾਸ਼ਟਰਪਤੀ ਚੋਣ

# ਵੱਖ-ਵੱਖ ਪਾਰਟੀਆਂ ਵੱਲੋਂ ਉਮੀਦਵਾਰਾਂ ਦੀ ਸੂਚੀ ਜਾਰੀ




ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੀ ਰਾਸ਼ਟਰਪਤੀ ਚੋਣ ਲੜਨ ਦੇ ਲਈ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਸੂਚੀ ਕੈਲੀਫੋਰਨੀਆ ਦੇ ਸੈਕਟਰੀ ਆਫ ਸਟੇਟ ਐਲੇਕਸ ਪਡੀਲਾ ਨੇ ਜਾਰੀ ਕੀਤੀ ਹੈ। ਇਨ੍ਹਾਂ ਦੇ ਨਾਮ 3 ਮਾਰਚ 2020 ਨੂੰ ਹੋਣ ਵਾਲੇ ਪ੍ਰੈਜ਼ੀਡੈਂਸ਼ਲ ਪ੍ਰਾਇਮਰੀ ਇਲੈਕਸ਼ਨ ਬੈਲਟ ਪੇਪਰ ਉੱਤੇ ਛਾਪੇ ਜਾਣਗੇ।

ਡੈਮੋਕ੍ਰੇਟਿਕ ਪਾਰਟੀ ਵੱਲੋਂ ਜੋਸਫ ਆਰ. ਬਿਡਨ (ਜੋਅ ਬਿਡਨ), ਮਾਈਕਲ ਬੈਨੇਟ, ਮਾਈਕਲ ਬਲੂਮਬਰਗ, ਕੈਰੀ ਬੁੱਕਰ, ਮੌਸੀ ਬੋਇਡ, ਪੀਟ ਬੁਟੀਗਿਗ, ਜੂਲੀਅਨ ਕਾਸਟਰੋ, ਰਾਕੀ ਫਿਊਂਟ, ਜੌਹਨ ਡਿਲਾਨੀ, ਮਾਈਕਲ ਅਲਿੰਗਰ, ਤੁਲਸੀ ਗਾਬਰਡ, ਐਮੀ ਕਲੋਬੂਚਰ, ਡੇਵਾਲ ਪੈਟਰਿਕ, ਬਰਨੀ ਸੈਂਡਰਸ, ਜੋਹ ਸਿਸਟੇਕ, ਮਾਰਕ ਗਰੀਨਸਟੀਨ, ਟਾਮ ਸਟੀਅਰ, ਐਲਿਜ਼ਾਬੇਥ ਵਾਰਨ, ਮੈਰੀਨ ਵਿਲੀਅਮਸਨ ਤੇ ਐਂਡਰਿਊ ਯਾਂਗ ਚੋਣ ਮੈਦਾਨ ਵਿਚ ਹਨ।

ਰੀਪਬਲਿਕਨ ਪਾਰਟੀ ਵੱਲੋਂ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਬਿਨਾ ਰਾਬਰਟ ਅਰਡੀਨੀ, ਰਾਕੀ ਫਿਊਂਟ, ਜੋਲਟਨ ਇਸਟਵਾਨ, ਮੈਥਿਊ ਮੈਟਰਨ, ਜੋਅ ਵਾਲਸ਼ ਅਤੇ ਬਿਲ ਵੈਲਡ ਚੋਣ ਮੈਦਾਨ ਵਿਚ ਹਨ। ਅਮਰੀਕਨ ਇੰਡੀਪੈਂਡੈਂਟ ਪਾਰਟੀ ਵੱਲੋਂ ਡਾਨ ਬਲੈਂਕਨਸ਼ਿਪ, ਫਿਲ ਕੋਲੀਨਸ, ਰਾਕੀ ਫਿਊਂਟ, ਚਾਰਲਸ ਕਰਾਟ ਅਤੇ ਜੀ ਆਰ ਮਾਇਰਸ ਰਾਸ਼ਟਰਪਤੀ ਚੋਣ ਲੜ ਰਹੇ ਹਨ। ਹਾਵੀ ਹਾਕਿਨਸ, ਡੋਰਿਓ ਹੰਟਰ, ਡੈਨਿਸ ਲੰਬਰਟ, ਸੈਡੀਨਮ ਕਰੀ ਅਤੇ ਡੇਵਿਡ ਰੋਲਡੇ ਗਰੀਨ ਪਾਰਟੀ ਦੇ ਉਮੀਦਵਾਰ ਹਨ। ਲਿਬਰਟੇਰੀਅਨ ਪਾਰਟੀ ਵੱਲੋਂ ਮੈਕਸ ਅਬਰਾਮਸਨ, ਕੇਨ ਆਰਮਸਟਰਾਂਗ, ਡੇਨ ਬਹਿਰਮਨ ਆਦਿ ਉਮੀਦਵਾਰ ਮੈਦਾਨ ਵਿਚ ਹਨ।

# ਯੂ ਐੱਨ ਓ ਨੇ ਭਾਰਤ ਦੇ ਨਾਗਰਿਕਤਾ ਕਾਨੂੰਨ ਨੂੰ ਬੁਨਿਆਦੀ ਤੌਰ ਉਤੇ ਪੱਖ-ਪਾਤੀ ਕਿਹਾ

ਜਨੇਵਾ, 15 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਨਵੇਂ ਨਾਗਰਿਕਤਾ ਕਾਨੂੰਨ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਯੂ ਐੱਨ ਓ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਹੈ ਕਿ ਇਹ ਕੁਦਰਤੀ ਰੂਪ ਵਿੱਚ ਬੁਨਿਆਦੀ ਤੌਰ ਉੱਤੇ ਪੱਖ-ਪਾਤੀ ਹੈ। ਇਸ ਨਵੇਂ ਨਾਗਰਿਕਤਾ ਕਾਨੂੰਨ ਵਿੱਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਦੇ ਤਿੰਨ ਦੇਸ਼ਾਂ ਵਿਚਲੇ ਗੈਰ-ਮੁਸਲਿਮ ਘੱਟ-ਗਿਣਤੀਆਂ ਨਾਲ ਸੰਬੰਧਤ ਅਤੇ ਸਤਾਏ ਹੋਏ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਬੁਲਾਰੇ ਜੈਰੇਮੀ ਲਾਰੈਂਸ ਨੇ ਅੱਜ ਸ਼ੁੱਕਰਵਾਰ ਨੂੰ ਜਨੇਵਾ ਵਿੱਚ ਕਿਹਾ ਕਿ ਅਸੀਂ ਭਾਰਤ ਦੇ ਨਵੇਂ ਨਾਗਰਿਕਤਾ ਸੋਧ ਕਾਨੂੰਨ ਬਾਰੇ ਚਿੰਤਤ ਹਾਂ, ਜਿਹੜਾ ਕੁਦਰਤੀ ਰੂਪ ਵਿੱਚ ਮੁੱਢਲੇ ਤੌਰ ਉੱਤੇ ਪੱਖ-ਪਾਤੀ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਭਾਰਤ ਦੇ ਸੰਵਿਧਾਨ ਵਿੱਚ ਕਾਨੂੰਨ ਦੇ ਸਾਹਮਣੇ ਬਰਾਬਰੀ ਦੀ ਵਚਨਬੱਧਤਾ ਅਤੇ ਅੰਤਰਰਾਸ਼ਟਰੀ ਨਾਗਰਿਕ ਅਤੇ ਸਿਆਸੀ ਅਧਿਕਾਰ ਨਿਯਮਾਂ ਅਤੇ ਨਸਲੀ ਭੇਦਭਾਵ ਰੋਕਣ ਦੇ ਉਸ ਸਮਝੌਤੇ ਲਈ ਭਾਰਤ ਦੀਆਂ ਜ਼ਿੰਮੇਵਾਰੀਆਂ ਨੂੰ ਘੱਟ ਕਰ ਕੇ ਪੇਸ਼ ਕਰਦਾ ਹੈ, ਜਿਹੜਾ ਨਸਲ, ਜਾਤ ਜਾਂ ਧਾਰਮਿਕ ਪੱਖ ਤੋਂ ਵਿਤਕਰੇ ਕਰਨ ਦੀ ਮਨਾਹੀ ਕਰਦਾ ਹੈ ਅਤੇ ਜਿਸ ਵਿੱਚ ਭਾਰਤ ਵੀ ਇਕ ਧਿਰ ਹੈ।

ਵਰਨਣ ਯੋਗ ਹੈ ਕਿ ਦਿੱਲੀ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇਹ ਨਵਾਂ ਕਾਨੂੰਨ ਭਾਰਤ ਵਿੱਚ ਪਹਿਲਾਂ ਤੋਂ ਰਹਿੰਦੇ ਗੁਆਂਢੀ ਦੇਸ਼ਾਂ ਦੇ ਸਤਾਏ ਹੋਏ ਧਾਰਮਿਕ ਘੱਟ-ਗਿਣਤੀਆਂ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦੇ ਲਈ ਤੇਜ਼ੀ ਨਾਲ ਵਿਚਾਰ ਕਰਨ ਦੀ ਗੱਲ ਕਹਿੰਦਾ ਹੈ। ਵਿਦੇਸ਼ ਮੰਤਰਾਲੇ ਨੇ ਇਹ ਕਿਹਾ ਸੀ ਕਿ ਹਰ ਦੇਸ਼ ਨੂੰ ਵੱਖ-ਵੱਖ ਨੀਤੀਆਂ ਨਾਲ ਆਪਣੇ ਨਾਗਰਿਕਾਂ ਨੂੰ ਸਰਟੀਫਾਈ ਕਰਨ ਤੇ ਗਿਣਤੀ ਕਰਨ ਦਾ ਅਧਿਕਾਰ ਹੈ। ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਬੁਲਾਰੇ ਜੈਰੇਮੀ ਲਾਰੈਂਸ ਕਿਹਾ ਕਿ ਭਾਰਤ ਵਿੱਚ ਨਾਗਰਿਕਤਾ ਦੇਣ ਬਾਰੇ ਵਿਆਪਕ ਕਾਨੂੰਨ ਮੌਜੂਦ ਹਨ, ਪਰ ਸੰਵਿਧਾਨ ਦੀ ਨਵੀਂ ਸੋਧ ਨਾਗਰਿਕਤਾ ਮੰਗ ਰਹੇ ਲੋਕਾਂ ਉੱਤੇ ਪੱਖ-ਪਾਤੀ ਅਸਰ ਪਾਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਵਿਅਕਤੀ ਦੇ ਹਾਲਾਤ ਵੇਖੇ ਬਿਨਾਂ ਸਾਰੇ ਪ੍ਰਵਾਸੀ ਸਨਮਾਨ, ਸੁਰੱਖਿਆ ਤੇ ਮਨੁੱਖੀ ਅਧਿਕਾਰਾਂ ਦੀ ਪੂਰਤੀ ਦੇ ਹੱਕਦਾਰ ਹਨ। ਲਾਰੈਂਸ ਨੇ ਕਿਹਾ ਕਿ ਬਾਰਾਂ ਮਹੀਨੇ ਪਹਿਲਾਂ ਹੀ ਭਾਰਤ ਨੇ 'ਗਲੋਬਲ ਕਾਮਪੈਕਟ ਫਾਰ ਸੇਫ, ਰੈਗੂਲਰ ਐਂਡ ਆਰਡਰਲੀ ਮਾਈਗ੍ਰੇਸ਼ਨ' ਦਾ ਸਮਰਥਨ ਕੀਤਾ ਸੀ, ਜਿਸ ਦੇ ਨਾਲ ਹਰ ਰਾਜ ਵਚਨਬੱਧ ਹੈ ਕਿ ਉਹ ਅਸੁਰੱਖਿਆ ਦੀ ਸਥਿਤੀ ਵਿੱਚ ਪ੍ਰਵਾਸੀਆਂ ਦੀਆਂ ਲੋੜਾਂ ਦੀ ਪ੍ਰਤੀਕਿਰਿਆ ਦੇਵੇਗਾ, ਆਪਣੀ ਮਰਜ਼ੀ ਨਾਲ ਹਿਰਾਸਤ ਅਤੇ ਸਮੂਹਿਕ ਰੂਪ ਤੋਂ ਦੇਸ਼ ਨਿਕਾਲੇ ਕਰਨ ਤੋਂ ਬਚੇਗਾ ਅਤੇ ਇਹ ਯਕੀਨਨ ਕਰੇਗਾ ਕਿ ਪ੍ਰਵਾਸੀਆਂ ਨਾਲ ਸਬੰਧਤ ਪ੍ਰਬੰਧ ਮਨੁੱਖੀ ਅਧਿਕਾਰ ਦੇ ਨਿਯਮਾਂ ਉੱਤੇ ਟਿਕਦਾ ਹੋਵੇ। ਬੁਲਾਰੇ ਨੇ ਸਤਾਏ ਹੋਏ ਲੋਕਾਂ ਦੇ ਗਰੁੱਪਾਂ ਨੂੰ ਸੁਰੱਖਿਆ ਦੇਣ ਦੇ ਟੀਚੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਪੱਕੀ ਕੌਮੀ ਸ਼ਰਨਾਰਥੀ ਨੀਤੀ ਨਾਲ ਹੋਣਾ ਚਾਹੀਦਾ ਸੀ, ਜਿਹੜੀ ਬਰਾਬਰੀ ਤੇ ਵਿਤਕਰੇ ਨਾ ਕਰਨ ਉੱਤੇ ਆਧਾਰਤ ਹੈ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਸਾਰੇ ਲੋਕਾਂ ਉੱਤੇ ਲਾਗੂ ਹੋਣਾ ਚਾਹੀਦਾ ਹੈ, ਜਿਹੜੇ ਅਸਲ ਵਿੱਚ ਸਤਾਏ ਹੋਏ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਸੁਰੱਖਿਆ ਮੰਗਣ ਦੇ ਹੱਕਦਾਰ ਹੋਣ ਅਤੇ ਇਸ ਵਿੱਚ ਨਸਲ, ਜਾਤ ਧਰਮ, ਦੇਸ਼ ਅਤੇ ਹੋਰ ਵਿਤਕਰਾ ਨਹੀਂ ਹੋਣਾ ਚਾਹੀਦਾ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਚੀਨ ਵਿੱਚ ਫਸੇ ਹੋਏ ਨੇਵੀ ਅਫਸਰ ਦੇ ਪਿਤਾ ਉੱਤੇ ਕੇਸ ਦਰਜ





ਜਗਰਾਓਂ, 15 ਦਸੰਬਰ (ਪੋਸਟ ਬਿਊਰੋ)- ਚੀਨ ਦੀ ਸਮੁੰਦਰੀ ਫੌਜ ਵੱਲੋਂ ਹਿਰਾਸਤ ਵਿੱਚ ਲਏ ਭਾਰਤੀ ਸਿੱਖ ਮਰਚੈਂਟ ਨੇਵੀ ਅਫਸਰ ਜਗਬੀਰ ਸਿੰਘ ਦੀ ਰਿਹਾਈ ਦੀ ਜੱਦੋਜਹਿਦ ਕਰ ਰਹੇ ਸਰਪੰਚ ਪਿਤਾ 'ਤੇ 12 ਲੱਖ ਰੁਪਏ ਸਰਕਾਰੀ ਫੰਡ ਦੇ ਗਬਨ ਦੇ ਦੋਸ਼ ਹੇਠ ਥਾਣਾ ਹਠੂਰ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ।

ਥਾਣਾ ਹਠੂਰ ਦੀ ਪੁਲਸ ਨੇ ਬੀ ਡੀ ਪੀ ਓ ਜਗਰਾਓਂ ਵੱਲੋਂ ਕੀਤੀ ਸ਼ਿਕਾਇਤ ਅਨੁਸਾਰ ਮੌਜੂਦਾ ਸਰਪੰਚ ਪਰਮਿੰਦਰ ਸਿੰਘ, ਜੋ ਸਾਲ 2008 ਤੋਂ 2013 ਤੱਕ ਵੀ ਪਿੰਡ ਦੇ ਸਰਪੰਚ ਸਨ, ਨੇ ਉਸ ਵੇਲੇ ਪੰਚਾਇਤੀ ਆਮਦਨ ਦੇ ਨੌਂ ਲੱਖ 45 ਹਜ਼ਾਰ ਰੁਪਏ ਪੰਚਾਇਤ ਦੇ ਬੈਂਕ ਖਾਤੇ ਵਿੱਚ ਜਮ੍ਹਾ ਨਹੀਂ ਕਰਾਏ। ਇਸ ਤੋਂ ਇਲਾਵਾ ਸਰਪੰਚ ਵੱਲੋਂ ਚਕੌਤੇ ਦੀ ਰਕਮ ਵੀ ਜਮ੍ਹਾ ਨਹੀਂ ਕਰਾਈ ਗਈ ਤੇ ਪਿਛਲਾ ਕਾਰਜਕਾਲ ਖਤਮ ਹੋਣ ਪਿੱਛੋਂ ਵੀ ਸਰਪੰਚ ਨੇ ਪੰਚਾਇਤ ਦੀ ਬਕਾਇਆ ਰਕਮ ਦੇ ਕਰੀਬ ਸਾਢੇ ਤਿੰਨ ਲੱਖ ਰੁਪਏ ਜਮ੍ਹਾ ਨਹੀਂ ਕਰਵਾਏ। ਥਾਣਾ ਹਠੂਰ ਦੇ ਐੱਸ ਐੱਚ ਓ ਇੰਸਪੈਕਟਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਸਰਪੰਚ ਪਰਮਿੰਦਰ ਸਿੰਘ ਖਿਲਾਫ ਬੀ ਡੀ ਪੀ ਓ ਜਗਰਾਓਂ ਦੀ ਸ਼ਿਕਾਇਤ, ਕਿ ਸਾਲ 2008 ਤੋਂ 2013 ਤੱਕ ਦੌਰਾਨ 12 ਲੱਖ ਤਿੰਨ ਹਜ਼ਾਰ 410 ਰੁਪਏ ਦਾ ਗਬਨ ਕੀਤਾ ਹੈ, ਉਤੇ ਇਹ ਕੇਸ ਦਰਜ ਹੋਇਆ ਹੈ। ਭਾਵੇਂ ਸਰਪੰਚ ਪਰਮਿੰਦਰ ਸਿੰਘ 'ਤੇ ਕੇਸ ਦਰਜ ਕਰਵਾ ਦਿੱਤਾ ਗਿਆ ਹੈ, ਪਰ ਇਕੱਲੇ ਸਰਪੰਚ ਵੱਲੋਂ ਬਿਨਾਂ ਵਿਭਾਗੀ ਮੁਲਾਜ਼ਮਾਂ ਦੇ ਇਹ ਗਬਨ ਕਰਨਾ ਸਾਫ-ਸਾਫ ਦਾਲ ਵਿੱਚ ਕੁਝ ਕਾਲਾ ਜ਼ਾਹਰ ਕਰਦਾ ਹੈ। ਸਰਪੰਚ ਪਰਮਿੰਦਰ ਸਿੰਘ ਚੀਮਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਈ ਗਬਨ ਨਹੀਂ ਕੀਤਾ, ਸਰਕਾਰੀ ਪੈਸਾ ਸਰਕਾਰੀ ਕੰਮਾਂ 'ਤੇ ਖਰਚ ਕੀਤਾ ਗਿਆ ਹੈ, ਸਾਰੀ ਕਾਰਵਾਈ ਉਨ੍ਹਾਂ ਦੇ ਪਰਵਾਰ ਕੋਲ 25 ਸਾਲਾਂ ਤੋਂ ਸਰਪੰਚੀ ਹੋਣ ਕਾਰਨ ਵਿਰੋਧੀ ਉਨ੍ਹਾਂ ਨੂੰ ਸਸਪੈਂਡ ਕਰਵਾਉਣ ਦੀ ਸਾਜ਼ਿਸ਼ ਰਚ ਰਹੇ ਹਨ, ਤਾਂ ਜੋ ਉਹ ਆਪਣੇ ਚਹੇਤੇ ਨੂੰ ਪਿੰਡ ਦਾ ਸਰਪੰਚ ਬਣਾ ਸਕਣ।

# ਲੀਲਾ ਸੈਮਸਨ ਦੇ ਖਿਲਾਫ ਕੇਂਦਰੀ ਜਾਂਚ ਬਿਊਰੋ ਵੱਲੋਂ ਕੇਸ ਦਰਜ



ਨਵੀਂ ਦਿੱਲੀ, 15 ਦਸੰਬਰ (ਪੋਸਟ ਬਿਊਰੋ)- ਸੀ ਬੀ ਆਈ ਨੇ ਚੇਨਈ ਦੀ ਕਲਾ ਖੇਤਰ ਫਾਊਂਡੇਸ਼ਨ ਦੇ ਕੂਰਥਲਮ ਹਾਲ ਦੇ ਨਵੀਨੀਕਰਨ ਦੇ 7.02 ਕਰੋੜ ਰੁਪਏ ਦੇ ਪ੍ਰੋਜੈਕਟ ਵਿੱਚ ਗੜਬੜੀ ਦੇ ਦੋਸ਼ੀ ਵਿੱਚ ਉਘੀ ਭਰਤਨਾਟਿਅਮ ਕਲਾਕਾਰ ਲੀਲਾ ਸੈਮਸਨ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਪਦਮਸ੍ਰੀ ਨਾਲ ਸਨਮਾਨਿਤ ਸੈਮਸਨ ਸੰਗੀਤ ਨਾਟਕ ਅਕੈਡਮੀ ਅਤੇ ਕੇਂਦਰੀ ਫਿਲਮ ਸੈਂਸਰ ਬੋਰਡ ਦੀ ਸਾਬਕਾ ਪ੍ਰਧਾਨ ਰਹਿ ਚੁੱਕੀ ਹੈ। ਅਧਿਕਾਰੀਆਂ ਨੇ ਕੱਲ੍ਹ ਦੱਸਿਆ ਕਿ ਸੈਮਸਨ ਦੇ ਇਲਾਵਾ ਫਾਊਂਡੇਸ਼ਨ ਦੇ ਉਸ ਵੇਲੇ ਦੇ ਮੁੱਖ ਲੇਖਾ ਅਧਿਕਾਰੀ ਟੀ ਐੱਸ ਮੂਰਤੀ, ਲੇਖਾ ਅਧਿਕਾਰੀ ਐੱਸ ਰਾਮ-ਚੰਦਰਨ, ਇੰਜੀਨੀਅਰਿੰਗ ਅਧਿਕਾਰੀ ਵੀ ਸ੍ਰੀਨਿਵਾਸਨ ਅਤੇ ਸੀ ਏ ਆਰ ਡੀ ਦੇ ਮਾਲਕ ਅਤੇ ਚੇਨਈ ਦੇ ਇੰਜੀਨੀਅਰਾਂ ਖਿਲਾਫ ਵੀ ਮਾਮਲਾ ਦਰਜ ਕੀਤਾ ਗਿਆ ਹੈ। ਸੀ ਬੀ ਆਈ ਨੇ ਦੋਸ਼ੀਆਂ ਦੇ ਘਰਾਂ 'ਤੇ ਵੀ ਛਾਪੇਮਾਰੀ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੱਭਿਆਚਾਰ ਮੰਤਰਾਲੇ ਦੇ ਮੁੱਖ ਚੌਕਸੀ ਅਧਿਕਾਰੀ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ ਫਾਊਂਡੇਸ਼ਨ ਅਧਿਕਾਰੀਆਂ ਨੇ ਵਿੱਤੀ ਨਿਯਮਾਂ ਦਾ ਉਲੰਘਣ ਕਰਦੇ ਹੋਏ ਸੀ ਏ ਆਰ ਡੀ ਨਾਲ ਨਵੀਨੀਕਰਨ ਦੇ ਕੰਮ ਲਈ ਕਰਾਰ ਕੀਤਾ ਸੀ। ਮੰਤਰਾਲੇ ਨੇ 2016 ਵਿੱਚ ਜਾਂਚ ਪਿੱਛੋਂ ਦੋਸ਼ ਲਾਇਆ ਕਿ ਫਾਊਂਡੇਸ਼ਨ ਨੇ 7.2 ਕਰੋੜ ਦੇ ਪ੍ਰੋਜੈਕਟ ਦੇ ਅੰਦਾਜ਼ਨ ਮੁੱਲ ਤੋਂ 62.20 ਲੱਖ ਰੁਪਏ ਵੱਧ ਖਰਚ ਕੀਤੇ। ਇਸ ਸੰਬੰਧ ਵਿਚ ਦਰਜ ਕੇਸ ਅਨੁਸਾਰ ਕੇਂਦਰੀ ਲੋਕ ਨਿਰਮਾਣ ਵਿਭਾਗ ਦੇ ਦਿੱਤੇ ਵੇਰਵੇ ਮੁਤਾਬਕ ਇਹ ਠੇਕਾ ਜ਼ਿਆਦਾ ਕੀਮਤ 'ਤੇ ਦਿੱਤਾ ਗਿਆ ਅਤੇ ਇਸੇ ਅਨੁਸਾਰ ਠੇਕੇਦਾਰਾਂ ਨੂੰ ਭੁਗਤਾਨ ਕੀਤਾ ਗਿਆ। ਛੇ ਮਈ 2005 ਤੋਂ 30 ਅਪਰੈਲ 2012 ਵਿਚਕਾਰ ਫਾਊਂਡੇਸ਼ਨ ਵੱਲੋਂ 1985 ਵਿੱਚ ਬਣਾਏ ਹਾਲ ਦੇ ਨਵੀਨੀਕਰਨ ਦੀ ਲੋੜ 2006 ਵਿੱਚ ਮਹਿਸੂਸ ਕੀਤੀ ਗਈ। ਮੰਤਰਾਲੇ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਠੇਕੇ ਦੇਣ 'ਚ ਖੁੱਲ੍ਹੀ ਟੈਂਡਰ ਪ੍ਰਕਿਰਿਆ ਨਹੀਂ ਹੋਈ। ਰਿਪੋਰਟ ਦੇ ਵਿੱਚ ਕਿਹਾ ਗਿਆ ਕਿ ਖੁੱਲ੍ਹੀ ਟੈਂਡਰ ਪ੍ਰਕਿਰਿਆ ਦਾ ਪਾਲਣ ਨਾ ਕਰਨ ਕਾਰਨ ਫਾਊਂਡੇਸ਼ਨ ਨੂੰ ਨੁਕਸਾਨ ਹੋਇਆ।

# ਧੋਖਾਧੜੀ ਕੇਸ ਵਿੱਚ ਅਕਾਲੀ ਆਗੂ ਡਾ: ਦਲਜੀਤ ਸਿੰਘ ਚੀਮਾ ਦੀ ਅੰਤ੍ਰਿਮ ਜ਼ਮਾਨਤ

ਹੁਸ਼ਿਆਰਪੁਰ, 15 ਦਸੰਬਰ (ਪੋਸਟ ਬਿਊਰੋ)- ਏਥੋਂ ਦੀ ਅਦਾਲਤ ਵਿੱਚ ਸੀਨੀਅਰ ਸਮਾਜਵਾਦੀ ਆਗੂ ਬਲਵੰਤ ਸਿੰਘ ਖੇੜਾ ਨੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਖਿਲਾਫ਼ ਧੋਖਾਧੜੀ ਦਾ ਜਿਹੜਾ ਕੇਸ ਕੀਤਾ ਹੋਇਆ ਹੈ, ਇਸ ਸਬੰਧ ਵਿੱਚ ਅਦਾਲਤ ਨੇ ਕੱਲ੍ਹ ਪੇਸ਼ੀ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਤੇ ਸੀਨੀਅਰ ਉਪ ਪ੍ਰਧਾਨ ਦਲਜੀਤ ਸਿੰਘ ਚੀਮਾ ਨੂੰ ਸੰਮਨ ਜਾਰੀ ਕੀਤੇ ਸਨ। ਦਲਜੀਤ ਸਿੰਘ ਚੀਮਾ ਨੇ ਅਗਾਊਂ ਜ਼ਮਾਨਤ ਲਈ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੂੰ ਅਰਜ਼ੀ ਦਿੱਤੀ ਸੀ, ਜਿਸ ਨੂੰ ਮਨਜ਼ੂਰ ਕਰ ਕੇ ਅਦਾਲਤ ਨੇ ਅੰਤ੍ਰਿਮ ਜ਼ਮਾਨਤ ਦੇ ਕੇ ਉਨ੍ਹਾਂ ਨੂੰ ਸੱਤ ਦਿਨ ਦੇ ਅੰਦਰ ਅਦਾਲਤ ਵਿੱਚ ਪੇਸ਼ ਹੋ ਕੇ ਇੱਕ ਲੱਖ ਰੁਪਏ ਦਾ ਨਿੱਜੀ ਬਾਂਡ ਭਰਨ ਦੀ ਹਦਾਇਤ ਕੀਤੀ ਹੈ, ਜਿਸ ਦੀ ਅਗਲੀ ਕਾਰਵਾਈ ਕਰਨੀ ਜ਼ਰੂਰੀ ਹੈ।

ਬਲਵੰਤ ਸਿੰਘ ਖੇੜਾ ਨੇ ਇਸ ਸੰਬੰਧ ਵਿੱਚ ਦੋਸ਼ ਲਾਇਆ ਅਕਾਲੀ ਦਲ ਨੇ ਸਿਆਸੀ ਪਾਰਟੀ ਵਜੋਂ ਮਾਨਤਾ ਹਾਸਲ ਕਰਨ ਲਈ ਭਾਰਤ ਦੇ ਚੋਣ ਕਮਿਸ਼ਨ ਕੋਲ ਗਲਤ ਐਫੀਡੇਵਿਟ ਪੇਸ਼ ਕੀਤਾ ਹੈ। ਐਡੀਸ਼ਨਲ ਸੀ ਜੇ ਐਮ (ਚੀਫ ਜੁਡੀਸ਼ਲ ਮੈਜਿਸਟਰੇਟ) ਦੀ ਅਦਾਲਤ ਵਿੱਚ ਕੇਸ ਦੀ ਅਗਲੀ ਸੁਣਵਾਈ 20 ਦਸੰਬਰ ਨੂੰ ਨਿਸ਼ਚਿਤ ਹੋਈ ਹੈ।

# ਲੋਕ ਸਭਾ ਚੋਣਾਂ ਵਿੱਚ ਗੜਬੜੀ ਦੇ ਕੇਸ ਵਿੱਚ ਸੁਪਰੀਮ ਕੋਰਟ ਦਾ ਚੋਣ ਕਮਿਸ਼ਨ ਨੂੰ ਨੋਟਿਸ




ਨਵੀਂ ਦਿੱਲੀ, 15 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਦੋ ਗੈਰ ਸਰਕਾਰੀ ਸੰਸਥਾਵਾਂ (ਐੱਨ ਜੀ ਓਜ਼) ਦੀ ਅਰਜ਼ੀ ਉੱਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਐੱਨ ਜੀ ਓਜ਼ ਨੇ 2019 ਦੀ ਲੋਕ ਸਭਾ ਚੋਣ ਵਿਚ 347 ਚੋਣ ਹਲਕਿਆਂ ਵਿਚ ਪਈਆਂ ਵੋਟਾਂ ਅਤੇ ਗਿਣੀਆਂ ਗਈਆਂ ਵੋਟਾਂ ਦੀ ਗਿਣਤੀ ਦੇ ਫ਼ਰਕ ਦੀ ਜਾਂਚ ਦੀ ਮੰਗ ਕੀਤੀ ਹੈ। ਚੀਫ ਜਸਟਿਸ ਐੱਸ ਏ ਬੋਬੜੇ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਦੋਵਾਂ ਐੱਨ ਜੀ ਓਜ਼ ਦੀ ਅਰਜ਼ੀ ਨੂੰ ਪੈਂਡਿੰਗ ਨਾਲ ਟੈਗ ਕਰਦੇ ਹੋਏ ਫਰਵਰੀ 2020 ਵਿਚ ਸੁਣਵਾਈ ਕਰਨ ਲਈ ਸੂਚੀਬੱਧ ਕਰ ਦਿੱਤਾ ਹੈ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਅਤੇ ਕਾਮਨ ਕਾਜ ਨੇ ਅਰਜ਼ੀ ਵਿਚ ਚੋਣ ਕਮਿਸ਼ਨ ਨੂੰ ਭਵਿੱਖ ਵਿਚ ਸਾਰੀਆਂ ਚੋਣਾਂ ਵਿਚ ਵੋਟਾਂ ਦੀ ਗਿਣਤੀ ਦੇ ਫ਼ਰਕ ਦੀ ਜਾਂਚ ਲਈ ਸਾਫ਼-ਸੁਥਰੀ ਪ੍ਰਕਿਰਿਆ ਬਾਰੇ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਆਪਣੇ ਮਾਹਰਾਂ ਦੀ ਟੀਮ ਵੱਲੋਂ ਅੰਕੜਿਆਂ ਦੀ ਖੋਜ ਬਾਰੇ ਦੱਸਦੇ ਹੋਏ ਏ ਡੀ ਆਰ ਨੇ ਕਿਹਾ ਕਿ ਵੱਖ-ਵੱਖ ਚੋਣ ਹਲਕਿਆਂ ਵਿਚ ਪਈਆਂ ਵੋਟਾਂ ਅਤੇ ਗਿਣੀਆਂ ਵੋਟਾਂ ਦਾ ਕਾਫ਼ੀ ਫ਼ਰਕ ਨਜ਼ਰ ਆਇਆ ਹੈ। ਚੋਣ ਕਮਿਸ਼ਨ ਵੱਲੋਂ ਦਿੱਤੇ ਵੋਟਾਂ ਦੇ ਅੰਕੜੇ ਅਤੇ ਗਿਣੀਆਂ ਵੋਟਾਂ ਦੀ ਗਿਣਤੀ ਦਾ ਫ਼ਰਕ ਜਿਵੇਂ ਨਿਕਲਦਾ ਹੈ, ਉਸ ਬਾਰੇ ਏ ਡੀ ਆਰ ਨੇ ਕਿਹਾ ਹੈ ਕਿ ਇਹ ਫ਼ਰਕ ਇਕ ਵੋਟ ਤੋਂ ਲੈ ਕੇ 1,01,323 ਵੋਟਾਂ ਤਕ ਨਿਕਲ ਰਿਹਾ ਹੈ, ਜਿਹੜਾ ਕੁਲ ਵੋਟਾਂ ਦਾ 10.49 ਫ਼ੀਸਦੀ ਹੈ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਦੇਸ਼ ਦੇ ਛੇ ਚੋਣ ਹਲਕਿਆਂ ਵਿਚ ਪਾਈਆਂ ਤੇ ਗਿਣੀਆਂ ਗਈਆਂ ਵੋਟਾਂ ਦਾ ਫ਼ਰਕ ਜਿੱਤ ਦੇ ਫਰਕ ਤੋਂ ਵੱਧ ਬਣਦਾ ਹੈ। ਅਰਜ਼ੀ ਵਿਚ ਮੰਗ ਕੀਤੀ ਗਈ ਹੈ ਕਿ ਕਿਸੇ ਵੀ ਚੋਣ ਦਾ ਨਤੀਜਾ ਐਲਾਨਣ ਤੋਂ ਪਹਿਲਾਂ ਅੰਕੜਿਆਂ ਦਾ ਸਹੀ ਮਿਲਾਣ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਨਿਰਪੱਖਤਾ ਤੇ ਭਰੋਸੇਯੋਗਤਾ ਬਣੀ ਰਹੇ।

# ਇੰਗਲੈਂਡ ਵਿੱਚ ਜਿੱਤੇ ਪੰਜਾਬੀਆਂ ਵਿੱਚੋਂ ਸਭ ਤੋਂ ਵੱਡੇ ਫਰਕ ਨਾਲ ਵਰਿੰਦਰ ਸ਼ਰਮਾ ਜਿੱਤੇ

## * ਸਭ ਤੋਂ ਵੱਧ ਵੋਟਾਂ ਪਈਆਂ ਤਨਮਨਜੀਤ ਢੇਸੀ ਨੂੰ



ਲੰਡਨ, 15 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਪਾਰਲੀਮੈਂਟ ਲਈ ਹੋਈਆਂ ਚੋਣਾਂ ਵਿੱਚ ਲੇਬਰ ਪਾਰਟੀ ਵੱਲੋਂ ਮੈਦਾਨ ਵਿੱਚ ਉਤਾਰੇ ਗਏ ਪੰਜਾਬੀ ਮੂਲ ਦੇ ਉਮੀਦਵਾਰਾਂ ਵਿੱਚੋਂ ਚਾਰ ਜਣਿਆਂ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ।

ਲੰਡਨ ਸ਼ਹਿਰ ਦੀ ਈਲਿੰਗ ਸਾਊਥਾਲ ਸੀਟ ਤੋਂ ਜਲੰਧਰ ਜ਼ਿਲੇ ਨਾਲ ਸੰਬੰਧਤ ਵਰਿੰਦਰ ਸ਼ਰਮਾ ਨੂੰ 25678 ਵੋਟਾਂ ਮਿਲੀਆਂ ਤੇ ਉਨ੍ਹਾਂ ਨੇ ਆਪਣੇ ਨੇੜਲੇ ਵਿਰੋਧੀ ਟੌਮ ਬੈਨੇਟ ਨੂੰ 16084 ਵੋਟਾਂ ਦੇ ਫਰਕ ਨਾਲ ਹਰਾਇਆ। ਵਰਿੰਦਰ ਸ਼ਰਮਾ ਪੰਜਾਬੀ ਉਮੀਦਵਾਰਾਂ ਵਿੱਚੋਂ ਸਭ ਤੋਂ ਵੱਡੇ ਫਰਕ ਨਾਲ ਜਿੱਤਣ ਵਾਲੇ ਪਾਰਲੀਮੈਂਟ ਮੈਂਬਰ ਬਣੇ ਹਨ। ਨਾਲ ਲੱਗਦੇ ਸਲੋਹ ਦੀ ਸੀਟ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਤਨਮਨਜੀਤ ਸਿੰਘ ਢੇਸੀ ਨੇ ਆਪਣੀ ਨੇੜਲੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਕੰਵਲ ਤੂਰ ਗਿੱਲ ਨੂੰ 13640 ਵੋਟਾਂ ਨਾਲ ਹਰਾਇਆ ਹੈ। ਢੇਸੀ ਨੂੰ 29421 ਵੋਟਾਂ ਮਿਲੀਆਂ ਅਤੇ ਤੂਰ ਨੂੰ 15781 ਮਿਲੀਆਂ। ਢੇਸੀ ਪੰਜਾਬੀ ਉਮੀਦਵਾਰਾਂ 'ਚੋਂ ਸਭ ਤੋਂ ਵੱਧ ਵੋਟਾਂ ਪ੍ਰਾਪਤ ਲੈਣ ਵਾਲੇ ਪਾਰਲੀਮੈਂਟ ਮੈਂਬਰ ਹਨ।

ਬਰਮਿੰਘਮ ਦੇ ਐਜਬਾਸਟਨ ਹਲਕੇ ਤੋਂ ਲੇਬਰ ਪਾਰਟੀ ਦੀ ਪ੍ਰੀਤ ਕੌਰ ਗਿੱਲ ਨੇ 5614 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਨੂੰ 21217 ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਨੂੰ 15603 ਵੋਟਾਂ ਮਿਲੀਆਂ ਹਨ। ਹੇਸਟਨ ਫੈਲਥਮ ਤੋਂ ਪੰਜਾਬੀ ਮੂਲ ਦੀ ਸੀਮਾ ਮਲਹੋਤਰਾ ਨੇ 7859 ਵੋਟਾਂ ਨਾਲ ਸੀਟ ਜਿੱਤੀ ਹੈ, ਸੀਮਾ ਨੂੰ 24876 ਅਤੇ ਵਿਰੋਧੀ ਉਮੀਦਵਾਰ ਨੂੰ 17017 ਵੋਟਾਂ ਮਿਲੀਆਂ ਹਨ। ਨਾਲ ਦੀ ਵਾਲਸਾਲ ਦੱਖਣੀ ਸੀਟ ਤੋਂ ਲੇਬਰ ਉਮੀਦਵਾਰ ਭਾਰਤੀ ਮੂਲ ਦੀ ਵਲੈਰੀ ਵਾਜ਼ ਨੇ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਗੁਰਜੀਤ ਕੌਰ ਬੈਂਸ ਨੂੰ 3456 ਵੋਟਾਂ ਨਾਲ ਹਰਾਇਆ ਹੈ। ਪੰਜਾਬੀ ਭਾਈਚਾਰੇ ਵਿੱਚ ਇਹ ਬਹੁਤ ਚਰਚਿਤ ਸੀਟ ਸੀ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton




Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ਼੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

# ਅਮਰੀਕਾ ਵੱਲੋਂ ਭਾਰਤ ਦੇ ਨਵੇਂ ਨਾਗਰਿਕਤਾ ਕਾਨੂੰਨ 'ਤੇ ਚਿੰਤਾ ਦਾ ਪ੍ਰਗਟਾਵਾ




ਵਾਸ਼ਿੰਗਟਨ, 15 ਦਸੰਬਰ (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਵਿੱਚ ਨਵੇਂ ਨਾਗਰਿਕਤਾ ਕਾਨੂੰਨ ਨੂੰ ਲਾਗੂ ਕਰਨ ਪ੍ਰਤੀ ਆਪਣੀ ਚਿੰਤਾ ਪ੍ਰਗਟਾਈ ਹੈ। ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀ ਸਮੀਖਿਆ ਲਈ ਜ਼ਿੰਮੇਵਾਰ ਅਮਰੀਕੀ ਅਧਿਕਾਰੀ ਨੇ ਇੱਕ ਬਿਆਨ ਵਿੱਚ ਆਪਣੀ ਚਿਤਾ ਪ੍ਰਗਟ ਕਰਦਿਆਂ ਇਹ ਆਸ ਪ੍ਰਗਟਾਈ ਹੈ ਕਿ ਭਾਰਤ ਸਰਕਾਰ ਸੰਵਿਧਾਨ ਪ੍ਰਤੀ ਵਚਨਬੱਧ ਰਹੇਗੀ ਅਤੇ ਹਾਲਾਤ ਵਿਗੜਨਗੇ ਨਹੀਂ।

ਵਰਨਣ ਯੋਗ ਹੈ ਕਿ ਭਾਰਤ ਦੀ ਪਾਰਲੀਮੈਂਟ ਨੇ ਨਾਗਰਿਕਤਾ ਸੋਧ ਬਿੱਲ ਨੂੰ ਪਾਸ ਕਰ ਦਿੱਤਾ ਅਤੇ ਬਾਅਦ ਵਿੱਚ ਦੇਸ਼ ਦੇ ਰਾਸ਼ਟਰਪਤੀ ਵੱਲੋਂ ਇਸ ਦੇ 'ਤੇ ਮੋਹਰ ਲਾਉਣ ਬਾਅਦ ਇਹ ਕਾਨੂੰਨ ਵਿੱਚ ਬਦਲ ਗਿਆ ਹੈ। ਇਸ ਦੇ ਲਾਗੂ ਹੋਣ ਨਾਲ ਦੇਸ਼ ਵਿੱਚ ਅਫਗਾਨਿਸਤਾਨ, ਪਾਕਿ-ਸਤਾਨ, ਬੰਗਲਾ ਦੇਸ਼ ਤੋਂ ਆਏ ਹਿੰਦੂ, ਸਿੱਖ, ਜੈਨੀ, ਬੋਧੀ ਅਤੇ ਈਸਾਈ ਲੋਕਾਂ ਦੇ ਲਈ ਭਾਰਤ ਦੀ ਨਾਗਰਿਕਤਾ ਹਾਸਲ ਕਰਨ ਦਾ ਰਾਹ ਖੁੱਲ੍ਹ ਗਿਆ ਹੈ, ਪਰ ਇਸ ਕਾਨੂੰਨ ਵਿੱਚ ਗੁਆਂਢੀ ਦੇਸ਼ ਤੋਂ ਆਏ ਮੁਸਲਮਾਨਾਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਵਿਵਸਥਾ ਨਹੀਂ ਹੈ ਅਤੇ ਇਸ ਕਰ ਕੇ ਕਾਂਗਰਸ ਅਤੇ ਹੋਰ ਵਿਰੋਧੀ ਧਿਰ ਇਸ ਬਿੱਲ ਦਾ ਦੇਸ਼ ਭਰ ਵਿੱਚ ਵਿਰੋਧ ਕਰ ਰਹੀਆਂ ਹਨ। ਭਾਰਤ ਦੇ ਸੰਵਿਧਾਨ ਅਨੁਸਾਰ ਇੱਕ ਧਰਮ ਨਿਰਪੱਖ ਰਾਸ਼ਟਰ ਹੈ, ਪਰ ਇਸ ਕਾਨੂੰਨ ਵਿੱਚ ਧਰਮ ਦੇ ਆਧਾਰ 'ਤੇ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ 'ਤੇ ਭਾਰੀ ਵਿਰੋਧ ਕਾਰਨ ਇਹ ਅੰਤਰਰਾਸ਼ਟਰੀ ਪੱਧਰ 'ਤੇ ਵੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਰਾਜਦੂਤ ਸੈਮ ਬਰਾਊਨ ਬੈਕ ਨੇ ਟਵੀਟ ਕਰ ਕੇ ਕਿਹਾ ਹੈ ਕਿ ਭਾਰਤ ਦੀਆਂ ਸਭ ਤੋਂ ਵੱਡੀਆਂ ਸ਼ਕਤੀਆਂ ਵਿੱਚੋਂ ਸੰਵਿਧਾਨ ਇੱਕ ਹੈ। ਅਸੀਂ ਜਮਹੂਰੀਅਤ ਪੱਖੀ ਹੋਣ ਸਦਕਾ ਭਾਰਤ ਦੀਆਂ ਸੰਵਿਧਾਨਕ ਸੰਸਥਾਵਾਂ ਦਾ ਸਤਿਕਾਰ ਕਰਦੇ ਹਾਂ, ਪਰ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਬਾਰੇ ਫਿਕਰਮੰਦ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਧਾਰਮਿਕ ਆਜ਼ਾਦੀ ਸਣੇ ਸੰਵਿਧਾਨਕ ਜ਼ਿੰਮੇਵਾਰੀਆਂ ਦਾ ਪਾਬੰਦ ਰਹੇਗਾ।

# ਪੁਲਸ ਉੱਤੇ ਫਾਇਰਿੰਗ ਕਰਕੇ ਬਦਮਾਸ਼ ਆਪਣਾ ਸਾਥੀ ਭਜਾ ਕੇ ਲੈ ਗਏ



ਸੰਗਰੂਰ, 15 ਦਸੰਬਰ (ਪੋਸਟ ਬਿਊਰੋ)- ਬਠਿੰਡਾ ਜੇਲ੍ਹ ਵਿੱਚੋਂ ਮੂਨਕ ਕੋਰਟ ਕੰਪੈਲਕਸ ਵਿੱਚ ਪੇਸ਼ੀ ਉਤੇ ਲਿਆਂਦੇ ਗਏ ਇੱਕ ਦੋਸ਼ੀ ਨੂੰ ਉਸ ਦੇ ਸਾਥੀ ਫਿਲਮੀ ਅੰਦਾਜ਼ ਵਿੱਚ ਪੁਲਸ 'ਤੇ ਫਾਇਰਿੰਗ ਕਰ ਕੇ ਛੁਡਾ ਕੇ ਲੈ ਗਏ। ਇਸ ਦੌਰਾਨ ਇੱਕ ਪੁਲਸ ਮੁਲਾਜ਼ਮ ਵੀ ਜ਼ਖਮੀ ਹੋ ਗਿਆ। ਦੋਸ਼ੀ ਨੂੰ ਛੁਡਾਉਣ ਆਏ ਉਸ ਦੇ ਸਾਥੀ ਮਸਾਂ 10 ਸੈਕਿੰਟ ਵਿੱਚ ਉਸ ਨੂੰ ਕਾਰ ਵਿੱਚ ਬਿਠਾ ਕੇ ਹਰਿਆਣਾ ਵੱਲ ਭੱਜ ਗਏ। ਪੁਲਸ ਨੇ ਇਲਾਕੇ ਨੂੰ ਪੁਲਸ ਛਾਉਣੀ ਵਿੱਚ ਬਦਲ ਦਿੱਤਾ ਹੈ।

ਪਤਾ ਲੱਗਾ ਹੈ ਕਿ ਬਠਿੰਡਾ ਜੇਲ੍ਹ ਵਿੱਚ ਬੰਦ ਸੰਗਰੂਰ ਦੇ ਲਦਾਲ ਪਿੰਡ ਦੇ ਭਗਵਾਨ ਸਿੰਘ ਨੂੰ 24 ਜੁਲਾਈ 2016 ਨੂੰ ਇੱਕ ਮਾਰਕੁੱਟ ਦੇ ਕੇਸ ਵਿੱਚ ਸੀਨੀਅਰ ਡਵੀਜ਼ਨ ਜੁਡੀਸ਼ਲ ਮੈਜਿਸਟ੍ਰੇਟ ਗੁਰਮਹਿਤਾਬ ਸਿੰਘ ਦੀ ਕੋਰਟ 'ਚ ਲਿਆਂਦਾ ਗਿਆ ਸੀ। ਪੇਸ਼ੀ ਤੋਂ ਬਾਅਦ ਏ ਐਸ ਆਈ ਬਲਦੇਵ ਸਿੰਘ ਦੀ ਅਗਵਾਈ ਵਿੱਚ ਚਾਰ ਪੁਲਸ ਵਾਲਿਆਂ ਨੇ ਉਸ ਨੂੰ ਪੁਲਸ ਵਾਲੀ ਗੱਡੀ 'ਚ ਬਿਠਾ ਲਿਆ। ਜਦੋਂ ਗੱਡੀ ਕੋਰਟ ਕੰਪਲੈਕਸ ਦੇ ਗੇਟ 'ਤੇ ਪੁੱਜੀ ਤਾਂ ਭਗਵਾਨ ਨੇ ਉਲਟੀ ਆਉਣ ਦੀ ਗੱਲ ਕਹੀ। ਪੁਲਸ ਨੇ ਜਦੋਂ ਗੇਟ ਖੋਲ੍ਹਿਆ ਤਾਂ ਸਾਹਮਣੇ ਬ੍ਰੇਜ਼ਾ ਕਾਰ ਵਿੱਚ ਆਏ ਛੇ ਹਥਿਆਰਬੰਦ ਵਿਅਕਤੀਆਂ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ। ਪੁਲਸ ਦੇ ਕੁਝ ਸਮਝਣ ਤੱਕ ਭਗਵਾਨ ਸਿੰਘ ਨੂੰ ਛੁਡਾ ਕੇ ਲੈ ਗਏ। ਇਸ ਦੌਰਾਨ ਦੋਸ਼ੀ ਚਰਨਜੀਤ ਸਿੰਘ ਦੀ ਲੱਤ 'ਚ ਲੱਗੀ। ਥਾਣਾ ਮੂਨਕ ਦੇ ਐਸ ਐਚ ਓ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਹਮਲਾਵਰਾਂ ਦੀ ਗੱਡੀ ਦਾ ਪਿੱਛਾ ਕੀਤਾ, ਪਰ ਉਹ ਬਲਵਿੰਦਰ ਸਿੰਘ ਵਾਸੀ ਰੱਤਾਖੇੜਾ ਤੋਂ ਬੰਦੂਕ ਦੇ ਜ਼ੋਰ ਉਤੇ ਉਸ ਦਾ ਮੋਟਰਸਾਈਕਲ ਖੋਹ ਕੇ ਫ਼ਰਾਰ ਹੋ ਗਏ। ਭਗਵਾਨ ਸਿੰਘ ਉੱਤੇ ਮਾਰਕੁੱਟ ਦੇ ਚਾਰ ਕੇਸ ਦਰਜ ਹਨ।

# ਲੋਕਾਂ ਦੇ 165 ਕਰੋੜ ਹੜੱਪ ਚੁੱਕੀ ਕੰਪਨੀ ਨੂੰ ਲਾਇਸੈਂਸ ਬਣਾਉਣ ਦਾ ਠੇਕਾ ਦਿੱਤਾ: ਡਾਕਟਰ ਸੋਈ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਪੰਜਾਬ ਟਰਾਂਸਪੋਰਟ ਵਿਭਾਗ ਵੱਲੋਂ ਪਿਛਲੇ ਅੱਠ ਸਾਲਾਂ ਤੋਂ ਕੰਮ ਕਰ ਰਹੀ ਡਰਾਈਵਿੰਗ ਲਾਇਸੈਂਸ ਅਤੇ ਆਰ ਸੀ (ਰਜਿਸਟਰੇਸ਼ਨ ਸਰਟੀਫਿਕੇਟ) ਬਣਾਉਣ ਵਾਲੀ ਉਸੇ ਕੰਪਨੀ ਨੂੰ ਫਿਰ ਕੰਟ੍ਰੈਕਟ ਦਿੱਤਾ ਜਾ ਰਿਹਾ ਹੈ, ਜਿਸ ਨੇ ਪੰਜਾਬ ਦੇ ਲੋਕਾਂ ਨੂੰ 165 ਕਰੋੜ ਰੁਪਏ ਦਾ ਚੂਨਾ ਲਾਇਆ ਹੈ। ਇਹ ਦੋਸ਼ ਨੈਸ਼ਨਲ ਰੋਡ ਸੇਫਟੀ ਕੌਂਸਲ ਦੇ ਮੈਂਬਰ ਅਤੇ ਪੰਜਾਬ ਰੋਡ ਸੇਫਟੀ ਕੌਂਸਲ ਦੇ ਉਪ ਚੇਅਰਮੈਨ ਡਾਕਟਰ ਕਮਲਜੀਤ ਸੋਈ ਨੇ ਕੱਲ੍ਹ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਤੱਥ ਪੇਸ਼ ਕਰਦਿਆਂ ਲਾਏ ਹਨ।

ਡਾਕਟਰ ਕਮਲਜੀਤ ਸੋਈ ਨੇ ਦੱਸਿਆ ਕਿ ਸਮਾਰਟ ਚਿਪ ਨਾਂਅ ਦੀ ਇਸ ਕੰਪਨੀ ਨੇ 2011 ਵਿੱਚ ਡਰਾਈਵਿੰਗ ਲਾਇਸੈਂਸ 65 ਰੁਪਏ ਅਤੇ ਆਰ ਸੀ 136.05 ਰੁਪਏ ਵਿੱਚ ਬਣਾਉਣ ਦਾ ਕੰਟ੍ਰੈਕਟ ਲਿਆ ਸੀ, ਪਰ ਇਹੀ ਕੰਮ ਕੇਂਦਰ ਸਰਕਾਰ ਦੀ ਕੰਪਨੀ 45 ਰੁਪਏ ਵਿੱਚ ਕਰਦੀ ਆਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਕੰਪਨੀ ਦੇ ਕੰਟ੍ਰੈਕਟ ਦਾ ਟੈਂਡਰ ਖੁੱਲ੍ਹਿਆ ਹੈ, ਜਿਸ 'ਚ ਉਹ ਇਸ ਵਾਰ 32 ਰੁਪਏ ਦੇ ਹਿਸਾਬ ਨਾਲ ਕੰਟ੍ਰੈਕਟ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਇਸ ਉੱਤੇ ਲੱਗੇ ਦੋਸ਼ ਵੀ ਸਾਬਿਤ ਹੋਏ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ 'ਚ ਔਸਤਨ 15 ਲੱਖ ਡਰਾਈਵਿੰਗ ਲਾਇਸੈਂਸ ਅਤੇ ਆਰ ਸੀ ਪ੍ਰਤੀ ਸਾਲ ਬਣਦੇ ਹਨ ਤਾਂ ਇਸ ਹਿਸਾਬ ਨਾਲ ਅੱਠ ਸਾਲਾਂ ਦੌਰਾਨ 165 ਕਰੋੜ ਰੁਪਏ ਦਾ ਲੋਕਾਂ ਨੂੰ ਚੂਨਾ ਲੱਗਾ ਹੈ ਅਤੇ ਇਹ ਸਭ ਰਾਜਸੀ ਰਸੂਖ ਵਾਲੇ ਲੋਕਾਂ ਅਤੇ ਟਰਾਂਸਪੋਰਟ ਵਿਭਾਗ ਦੇ ਵੱਡੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋਇਆ। ਇਸ ਕੰਪਨੀ ਦੀ 97 ਫੀਸਦੀ ਵਿਦੇਸ਼ੀ ਹੋਲਡਿੰਗ ਹੈ, ਜੋ ਹੋਰ ਵੀ ਗੰਭੀਰ ਮਸਲਾ ਹੈ। ਇਸ ਨਾਲ ਲੋਕਾਂ ਦੇ ਲੱਖਾਂ ਵਾਹਨਾਂ ਦਾ ਡਾਟਾ ਵਿਦੇਸ਼ੀ ਹੱਥਾਂ ਵਿੱਚ ਚਲਾ ਜਾਵੇਗਾ, ਜੋ ਸੁਰੱਖਿਆ ਲਈ ਖਤਰਾ ਹੈ। ਉਨ੍ਹਾਂ 165 ਕਰੋੜ ਰੁਪਏ ਦੀ ਹੋਈ ਲੁੱਟ ਦੇ ਮਾਮਲੇ ਦੀ ਸੀ ਬੀ ਆਈ ਜਾਂ ਵਿਸ਼ੇਸ਼ ਜਾਂਚ ਟੀਮ ਵੱਲੋਂ ਜਾਂਚ ਦੀ ਮੰਗ ਕੀਤੀ ਹੈ ਤਾਂ ਜੋ ਇਸ ਵਿੱਚ ਸ਼ਾਮਲ ਅਧਿਕਾਰੀ ਤੇ ਸਿਆਸਤਦਾਨ ਬੇਨਕਾਬ ਹੋ ਸਕਣ।

# ਸੁਖਬੀਰ ਸਿੰਘ ਬਾਦਲ ਤੇ ਮਨਪ੍ਰੀਤ ਸਿੰਘ ਵਿਚਾਲੇ ਟਵਿੱਟਰ ਯੁੱਧ ਛਿੜਿਆ

ਚੰਡੀਗੜ੍ਹ, 15 ਦਸੰਬਰ (ਪੋਸਟ ਬਿਊਰੋ)- ਇੱਕ ਦੂਸਰੇ ਦੇ ਪੱਕੇ ਵਿਰੋਧੀ ਅਤੇ ਇੱਕੋ ਘਰਾਣੇ ਦੇ ਦੋ ਬੱਚਿਆਂ ਸੁਖਬੀਰ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਠੰਢੀ ਜੰਗ ਸ਼ੁਰੂ ਹੋ ਗਈ ਹੈ। ਪੰਜਾਬ ਦੇ ਵਿੱਤੀ ਹਾਲਾਤ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਵੀਟ ਕਰ ਕੇ ਮਨਪ੍ਰੀਤ ਸਿੰਘ ਬਾਦਲ 'ਤੇ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਦੇਣ ਦਾ ਦੋਸ਼ ਲਾਇਆ ਤਾਂ ਮਨਪ੍ਰੀਤ ਸਿੰਘ ਬਾਦਲ ਨੇ ਸੁਖਬੀਰ ਸਿੰਘ ਬਾਦਲ ਨੂੰ ਕਰਾਰਾ ਜਵਾਬ ਦਿੱਤਾ ਹੈ।

ਅਸਲ ਵਿੱਚ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਟਵੀਟ ਕੀਤਾ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਦੇਣ ਦੇ ਵਕਤ ਮਨਪ੍ਰੀਤ ਸਿੰਘ ਬਾਦਲ ਨੇ ਬਹਾਨਾ ਮਾਰਿਆ ਹੈ ਕਿ ਸੰਬੰਧਤ ਵਿਭਾਗਾਂ ਨੇ ਲੋੜੀਂਦੇ ਵੇਰਵੇ ਪੇਸ਼ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨਾ ਸਰਕਾਰ ਨੂੰ ਕੋਈ ਮੁਸ਼ਕਲ ਕੰਮ ਨਹੀਂ ਅਤੇ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੱਲਾ ਝਾੜ ਕੇ ਦੂਜਿਆਂ ਸਿਰ ਭਾਂਡਾ ਭੰਨਣਾ ਚਾਹੁੰਦੀ ਹੈ। ਮਨਪ੍ਰੀਤ ਸਿੰਘ ਬਾਦਲ ਨੇ ਪਲਟਵਾਂ ਵਾਰ ਕਿਹਾ ਕਿ ਸੁਖਬੀਰ ਜੀ, ਜਿੰਨੀ ਗੜਬੜ ਤੁਸੀਂ ਕਰ ਕੇ ਗਏ ਹੋ, ਜਿਵੇਂ ਛੁਪੇ ਹੋਏ ਬੈਂਕ ਖਾਤੇ, ਵਿੱਤੀ ਆਯੋਗਤਾ ਅਤੇ ਚਲਾਕੀਆਂ ਵਾਲਾ ਕੰਟਰੈਕਟ, ਜਿਸ ਨਾਲ ਪੰਜਾਬ ਦੇ ਵਿੱਤੀ ਹਾਲਾਤ ਖਰਾਬ ਹੁੰਦੇ ਹਨ ਤੇ ਦੂਜੇ ਅਮੀਰ ਹੁੰਦੇ ਹਨ, ਮੈਂ ਉਨ੍ਹਾਂ ਚੀਜ਼ਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

# ਆਰ ਐਸ ਐਸ ਨੇਤਾ ਜਗਦੀਸ਼ ਗਗਨੇਜਾ ਦੇ ਕਤਲ ਦੇ ਦੋਸ਼ੀਆਂ ਨੂੰ ਜਮਾਨਤ ਮਿਲੀ

ਮੋਹਾਲੀ, 15 ਦਸੰਬਰ (ਪੋਸਟ ਬਿਊਰੋ)- ਆਰ ਐਸ ਐਸ ਨੇਤਾ ਬ੍ਰੀਗੇਡੀਅਰ (ਸੇਵਾਮੁਕਤ) ਜਗਦੀਸ਼ ਗਗਨੇਜਾ ਦੇ ਕਤਲ ਕੇਸ ਵਿੱਚ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ ਤਿੰਨ ਦੋਸ਼ੀਆਂ ਨੂੰ ਜਮਾਨਤ ਦੇ ਦਿੱਤੀ ਹੈ। ਦੋਸ਼ੀਆਂ ਦੇ ਵਕੀਲ ਨੇ ਦੱਸਿਆ ਕਿ ਉਕਤ ਕੇਸ ਵਿੱਚ ਦੋਸ਼ੀਆਂ ਪਹਾੜ ਸਿੰਘ, ਸਲੂਕ ਤੋਮਰ ਅਤੇ ਪਰਵੇਜ ਉਰਫ ਫਾਰੂ ਨੂੰ ਜਮਾਨਤ ਮਿਲ ਗਈ ਹੈ।

ਵਰਨਣ ਯੋਗ ਹੈ ਕਿ ਆਰ ਐਸ ਐਸ ਨੇਤਾ ਬ੍ਰੀਗੇਡੀਅਰ (ਸੇਵਾ ਮੁਕਤ) ਜਗਦੀਸ਼ ਗਗਨੇਜਾ ਦੀ 6 ਅਗਸਤ 2016 ਵਿੱਚ ਜਲੰਧਰ ਦੇ ਜੋਤੀ ਚੌਕ ਨੇੜੇ ਬਾਈਕ ਸਵਾਰ ਦੋ ਨੌਜਵਾਨਾਂ ਨੇ ਸਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਦੋਂ ਉਹ ਆਪਣੀ ਪਤਨੀ ਨਾਲ ਮਾਰਕੀਟ ਵਿੱਚ ਖਰੀਦਦਾਰੀ ਕਰਨ ਗਏ ਸੀ। ਇਸ ਕੇਸ ਦੀ ਸ਼ੁਰੂਆਤੀ ਜਾਂਚ ਪੰਜਾਬ ਪੁਲਸ ਨੇ ਕੀਤੀ ਸੀ, ਪਰ ਸਫਲਤਾ ਨਾ ਮਿਲਣ 'ਤੇ ਇਹ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਉਸ ਦੇ ਬਾਅਦ ਉਹ ਕੇਸ ਐਨ ਆਈ ਏ ਨੂੰ ਸੌਂਪ ਦਿੱਤਾ ਗਿਆ ਸੀ। ਏਜੰਸੀ ਨੇ ਇਸ ਕੇਸ ਵਿੱਚ 11 ਦੋਸ਼ੀਆਂ ਨੂੰ ਤਿਹਾੜ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੇਸ਼ ਕੀਤਾ ਸੀ। ਉਨ੍ਹਾਂ ਦੱਸਿਆ ਕਿ ਏਜੰਸੀ ਦੀ ਵੱਲੋਂ ਉਕਤ ਕੇਸ ਸੰਬੰਧੀ ਕੋਰਟ ਵਿੱਚ ਚਾਲਾਨ ਪੇਸ਼ ਕੀਤਾ ਗਿਆ ਸੀ, ਪਰ ਇਸ ਵਿੱਚ ਉਨ੍ਹਾਂ ਤਿੰਨਾਂ ਦੋਸ਼ੀਆਂ ਦੇ ਨਾਮ ਸ਼ਾਮਲ ਨਹੀਂ ਸੀ। ਇਸ ਦੇ ਚਲਦੇ 10 ਦਸੰਬਰ ਨੂੰ ਉਨ੍ਹਾਂ ਨੇ ਕੋਰਟ ਵਿੱਚ ਜਮਾਨਤ ਅਰਜ਼ੀ ਦਾਇਰ ਕੀਤੀ ਸੀ ਜਿਸ 'ਤੇ ਕੱਲ੍ਹ ਬਹਿਸ ਹੋਈ ਅਤੇ ਕੋਰਟ ਨੇ ਦੋਨਾਂ ਪੱਖਾਂ ਦੀਆਂ ਦਲੀਲਾਂ ਸੁਣਨ ਦੇ ਬਾਅਦ ਤਿੰਨਾਂ ਦੋਸ਼ੀਆਂ ਨੂੰ ਜਮਾਨਤ ਦੇ ਦਿੱਤੀ ਹੈ।

# ਪਤਨੀ ਤੋਂ ਪ੍ਰੇਸ਼ਾਨ ਪਤੀ ਨੇ ਖ਼ੁਦਕੁਸ਼ੀ ਕਰ ਲਈ

ਨਕੋਦਰ, 15 ਦਸੰਬਰ (ਪੋਸਟ ਬਿਊਰੋ)- ਥਾਣਾ ਸਦਰ ਹੇਠਲੇ ਪਿੰਡ ਖੀਵਾ ਵਿੱਚ ਆਪਣੀ ਪਤਨੀ ਤੋਂ ਪ੍ਰੇਸ਼ਾਨ ਹੋ ਕੇ ਪਤੀ ਵਲੋਂ ਖੁਦਕੁਸ਼ੀ ਕਰਨ ਪਿੱਛੋਂ ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਦਿੱਤਾ ਹੈ। ਮ੍ਰਿਤਕ ਦੀ ਪਛਾਣ ਅਜੇ ਸ਼ਰਮਾ ਪੁੱਤਰ ਲੇਖ ਰਾਜ ਸ਼ਰਮਾ ਪਿੰਡ ਖੀਵਾ ਵਜੋਂ ਹੋਈ ਹੈ।

ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸ-ਾਰ ਅਜੇ ਸ਼ਰਮਾ ਦਾ ਵਿਆਹ ਕਰੀਬ ਅੱਠ ਮਹੀਨੇ ਪਹਿਲਾਂ ਹਰਦੀਪ ਕੌਰ ਪੁੱਤਰੀ ਹਰਜੀਤ ਸਿੰਘ ਵਾਸੀ ਲੁਧਿਆਣਾ ਨਾਲ ਹੋਇਆ ਸੀ। ਉਸ ਤੋਂ ਬਾਅਦ ਹਰਦੀਪ ਕੌਰ ਆਪਣੇ ਪਤੀ ਅਜੇ ਸ਼ਰਮਾ ਨੂੰ ਕਹਿਣ ਲੱਗੀ ਕਿ ਉਸ ਨੇ ਬਿਊਟੀ ਪਾਰਲਰ ਦਾ ਕੰਮ ਕਰਨਾ ਹੈ ਤੇ ਲੁਧਿਆਣਾ ਆਪਣੇ ਪੇਕੇ ਘਰ ਰਹਿਣਾ ਚਾਹੁੰਦੀ ਹੈ। ਅਜੇ ਸ਼ਰਮਾ ਉਸ ਨੂੰ ਸਮਝਾ ਕੇ ਏਥੇ ਹੀ ਘਰ ਵਿੱਚ ਬਿਊਟੀ ਪਾਰਲਰ ਖੋਲ੍ਹ ਦਿੱਤਾ। ਤਿੰਨ ਮਹੀਨੇ ਬਾਅਦ ਹਰਦੀਪ ਕੌਰ ਫਿਰ ਤੰਗ ਕਰਨ ਲੱਗੀ ਕਿ ਉਸ ਨੇ ਵੱਡੇ ਸ਼ਹਿਰ ਵਿੱਚ ਕੰਮ ਕਰਨਾ ਹੈ। ਉਸ ਦੇ ਪਤੀ ਅਜੇ ਸ਼ਰਮਾ ਨੇ ਉਸ ਦੀ ਜ਼ਿੱਦ ਕਰ ਕੇ ਉਸ ਨੂੰ ਜਲੰਧਰ ਕਿਸੇ ਬਿਊਟੀ ਪਾਰਲਰ 'ਤੇ ਲਵਾ ਦਿੱਤਾ, ਪਰ ਇੱਕ ਮਹੀਨੇ ਬਾਅਦ ਕੰਮ ਛੱਡ ਦਿੱਤਾ ਅਤੇ ਆਪਣੇ ਪਤੀ ਨਾਲ ਝਗੜਾ ਕਰਨ ਲੱਗੀ ਕਿ ਉਸ ਨੇ ਲੁਧਿਆਣਾ ਆਪਣੇ ਪੇਕੇ ਘਰ ਹੀ ਬਿਊਟੀ ਪਾਰਲਰ ਖੋਲ੍ਹਣਾ ਹੈ। ਇਸ ਝਗੜੇ ਕਾਰਨ 10 ਦਸੰਬਰ ਨੂੰ ਹਰਦੀਪ ਕੌਰ ਨੂੰ ਉਸ ਦਾ ਪਿਤਾ ਹਰਜੀਤ ਸਿੰਘ ਲੁਧਿਆਣਾ ਵਿਖੇ ਆਪਣੇ ਘਰ ਲੈ ਗਿਆ, ਜਿਸ ਕਰਕੇ ਅਜੇ ਸ਼ਰਮਾ ਪ੍ਰੇਸ਼ਾਨ ਸੀ। ਉਹ ਕੰਮ ਤੋਂ ਆ ਕੇ ਆਪਣੇ ਕਮਰੇ 'ਚ ਸੌਣ ਲਈ ਚਲਾ ਗਿਆ ਸੀ। ਸਵੇਰੇ ਕਰੀਬ ਤਿੰਨ ਵਜੇ ਹਰਦੀਪ ਕੌਰ ਵੱਲੋਂ ਪਰਵਾਰ ਨੂੰ ਫੋਨ ਆਇਆ ਕਿ ਅਜੇ ਸ਼ਰਮਾ ਉਸ ਨਾਲ ਫੋਨ ਉਤੇ ਗੱਲਾਂ ਕਰ ਰਿਹਾ ਸੀ ਤੇ ਕੁਝ ਦੇਰ ਤੋਂ ਫੋਨ ਨਹੀਂ ਚੁੱਕ ਰਿਹਾ। ਜਦੋਂ ਜਾ ਕੇ ਦੇਖਿਆ ਤਾਂ ਦਰਵਾਜ਼ਾ ਬੰਦ ਸੀ, ਉਸ ਨੂੰ ਧੱਕਾ ਮਾਰ ਕੇ ਖੋਲ੍ਹਿਆ ਤਾਂ ਅਜੇ ਸ਼ਰਮਾ ਫਾਹਾ ਲੈ ਕੇ ਲਟਕ ਰਿਹਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਜ਼ਿੱਲਤ ਭਰੀ ਜ਼ਿੰਦਗੀ ਤੋਂ ਆਜ਼ਾਦੀ

-ਅਮਨ ਮਾਨਸਾ


ਸ਼ਾਮ ਨੂੰ ਸੈਰ ਕਰਨ ਸਮੇਂ ਅਕਸਰ ਕੁਝ ਜਾਣੇ-ਪਛਾਣੇ ਅਤੇ ਕੁਝ ਅਣਜਾਣ ਜਿਹੇ ਚਿਹਰੇ ਵੇਖਣ ਨੂੰ ਮਿਲਦੇ ਹਨ। ਕੁਝ ਜਾਣ ਪਛਾਣ ਵਾਲੇ ਚਿਹਰਿਆਂ ਨਾਲ ਦੁਆ ਸਲਾਮ ਵੀ ਹੁੰਦੀ ਹੈ, ਪਰ ਅੱਜ ਇੱਕ ਅਜਿਹੇ ਚਿਹਰੇ 'ਤੇ ਨਜ਼ਰ ਪਈ, ਜਿਸ ਨੇ ਮੈਨੂੰ ਦੁਚਿੱਤੀ ਵਿੱਚ ਪਾ ਦਿੱਤਾ। ਮੈਂ ਉਸ ਵੱਲ ਵਾਰ-ਵਾਰ ਵੇਖ ਰਿਹਾ ਸਾਂ। ਪਤਾ ਨਹੀਂ ਕਿਉਂ ਇੰਜ ਲੱਗਦਾ ਸੀ ਕਿ ਮੈਂ ਉਸ ਨੂੰ ਜਾਣਦਾ ਹਾਂ, ਪਰ ਕੌਣ ਹੈ ਉਹ, ਕਿੱਥੇ ਵੇਖਿਆ ਹੈ, ਕੁਝ ਯਾਦ ਨਹੀਂ ਸੀ ਆ ਰਿਹਾ। ਮੈਂ ਆਪਣੀਆਂ ਸੋਚਾਂ ਵਿੱਚ ਗੁੰਮਿਆ ਜਦ ਉਸ ਦੇ ਕੋਲ ਦੀ ਲੰਘਣ ਲੱਗਾ ਤਾਂ ਉਹ ਵੇਖ ਕੇ ਮੁਸਕਰਾ ਪਈ। ਉਸ ਦੇ ਮੁਸਕੁਰਾਉਂਦਿਆਂ ਹੀ ਮੇਰੇ ਅਚੇਤ ਮਨ 'ਚ ਪਈ ਯਾਦਾਂ ਦੀ ਪਟਾਰੀ ਖੁੱਲ੍ਹ ਗਈ। ਮੈਂ ਹੈਰਾਨ ਸਾਂ ਇਹ ਕੀ? ਇਸ ਤਰ੍ਹਾਂ ਦੇ ਹਾਲਾਤ ਵਿੱਚ? ਅਨੇਕਾਂ ਸਵਾਲਾਂ ਨੇ ਮੇਰੇ ਜ਼ਿਹਨ 'ਤੇ ਹਮਲਾ ਕਰ ਦਿੱਤਾ।

ਉਸ ਕੋਲ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ। ਉਹ ਪ੍ਰਵਾਨ ਕਰਦੀ ਹੋਈ ਬੈਂਚ ਤੋਂ ਖੜੀ ਹੋ ਗਈ। ਮੈਂ ਉਸ ਵੱਲ ਵੇਖਦਿਆਂ ਪੁੱਛਿਆ, 'ਜੇ ਮੇਰਾ ਅੰਦਾਜ਼ਾ ਗਲਤ ਨਹੀਂ ਤਾਂ ਤੁਸੀਂ ਪਰਮ ਹੋ?'

ਉਸ ਨੇ ਮੁਸਕਰਾ ਕੇ ਸਿਰ ਹਿਲਾਉਂਦਿਆਂ ਕਿਹਾ, 'ਬਿਲਕੁਲ ਤੁਸੀਂ ਸਹੀ ਪਛਾਣ ਕੀਤੀ।'

ਮੈਂ ਅਗਲਾ ਸਵਾਲ ਕੀਤਾ, 'ਤੁਸੀਂ ਮੈਨੂੰ ਪਛਾਣ ਲਿਆ?'

ਉਸ ਨੇ 'ਹਾਂ' ਵਿੱਚ ਜਵਾਬ ਦਿੱਤਾ। ਉਸ ਦੇ ਚਿਹਰੇ ਦੇ ਹਾਵ-ਭਾਵ ਉਸ ਦੇ ਬੋਲ-ਚਾਲ ਤੋਂ ਵੱਖਰੇ ਜਾਪ ਰਹੇ ਸਨ। ਮੈਂ ਆਪਣੇ ਅੰਦਰ ਉਠ ਰਹੇ ਇਸ ਉਬਾਲ ਨੂੰ ਸ਼ਾਂਤ ਕਰਨ ਲਈ ਉਸ ਨਾਲ ਗੱਲ ਕਰਨ ਦੀ ਸੋਚਣ ਲੱਗਾ। ਮੈਂ ਸਵਾਲਾਂ ਦੀ ਝੜੀ ਲਾ ਦਿੱਤੀ, 'ਤੁਸੀਂ ਇਥੇ ਕਿਵੇਂ? ਕੀ ਕਰਦੇ ਹੋ? ਕਿਵੇਂ ਲੰਘ ਰਹੀ ਹੈ ਜ਼ਿੰਦਗੀ?'



ਉਹ ਮੇਰੇ ਸਵਾਲ ਸੁਣ ਕੇ ਹਲਕਾ ਜਿਹਾ ਮੁਸਕਰਾਈ, ਪਰ ਉਸ ਦੀ ਮੁਸਕੁਰਾਹਟ ਹੇਠ ਮੈਨੂੰ ਕੋਈ ਦਰਦ ਝਲਕ ਰਿਹਾ ਸੀ। ਉਹ ਬੋਲਣ ਲੱਗੀ, 'ਆਹ ਜ਼ਿੰਦਗੀ ਦਾ ਕੀ ਆ। ਇਸ ਨੇ ਆਪਣੀ ਤੋਰ ਤੁਰਦੀ ਹੀ ਜਾਣਾ ਹੈ। ਬੱਸ ਉਪਰ ਵਾਲੇ ਦੀ ਰਹਿਮਤ ਚਾਹੀਦੀ ਹੈ।'

ਮੈਨੂੰ ਲੱਗਿਆ ਉਸ ਨੇ ਮੇਰੇ ਹੋਰ ਗੱਲਬਾਤ ਕਰਨ ਦੇ ਇਰਾਦੇ ਨੂੰ ਪੜ੍ਹ ਲਿਆ, ਤਦੇ ਬੈਠਣ ਦਾ ਇਸ਼ਾਰਾ ਕਰ ਕੇ ਕਹਿ ਦਿੱਤਾ, 'ਜੇ ਸਮਾਂ ਹੈ ਤਾਂ ਬੈਠ ਕੇ ਗੱਲ ਕਰਦੇ ਹਾਂ। ਮੇਰੇ ਕੋਲੋਂ ਖੜ੍ਹੇ ਹੋ ਕੇ ਗੱਲ ਨਹੀਂ ਹੋਣੀ ਬਹੁਤੀ ਦੇਰ।'

ਮੈਂ ਝੱਟ ਹਾਂ ਕਹਿ ਕੇ ਉਸ ਦੇ ਕੋਲ ਬੈਂਚ 'ਤੇ ਬੈਠ ਗਿਆ। ਮੈਂ ਆਪਣੇ ਸਵਾਲਾਂ ਨੂੰ ਸੰਭਾਲਦਾ ਹੋਇਆ ਕੁਝ ਇਕਾਗਰ ਚਿੱਤ ਹੋ ਕੇ ਬੋਲਿਆ, 'ਪਰਮ ਮੈਨੂੰ ਹੈਰਾਨੀ ਹੋ ਰਹੀ ਹੈ, ਏਨੀ ਸ਼ਰਾਰਤੀ, ਚੁਲਬਲੀ ਤੇ ਹਾਸੇ ਮਜ਼ਾਕ ਵਾਲੀ ਕੁੜੀ ਏਨੀ ਸ਼ਾਂਤ ਅਤੇ ਸਹਿਜ ਕਿਵੇਂ ਹੋ ਗਈ?'

ਉਹ ਇਸ ਤਰ੍ਹਾਂ ਹੱਸੀ, ਜਿਵੇਂ ਕੁਝ ਯਾਦ ਆ ਗਿਆ ਹੋਵੇ ਤੇ ਫਿਰ ਮੇਰੇ ਵਲ ਵੇਖ ਕੇ ਬੋਲੀ, 'ਤੁਹਾਨੂੰ ਅਜੇ ਵੀ ਯਾਦ ਹਨ ਮੇਰੀਆਂ ਸ਼ਰਾਰਤਾਂ ਤੇ ਹਾਸੇ?' ਫਿਰ ਲੰਬਾ ਹਾਉਕਾ ਭਰਦਿਆਂ ਉਸ ਨੇ ਕਿਹਾ, 'ਤੁਹਾਨੂੰ ਯਾਦ ਹੈ ਇਸ ਤੋਂ ਪਹਿਲਾਂ ਆਪਾਂ ਕਦੋਂ ਮਿਲੇ ਸੀ?'

ਮੈਂ ਆਪਣੇ ਦਿਮਾਗ 'ਤੇ ਜ਼ੋਰ ਪਾ ਕੇ ਕਿਹਾ, 'ਮੇਰੇ ਖਿਆਲ ਵਿੱਚ 12-13 ਸਾਲ ਪਹਿਲਾਂ। ਸ਼ਾਇਦ ਤੁਹਾਡੇ ਵਿਆਹ ਸਮੇਂ।'

ਉਸ ਨੇ ਮੇਰਾ ਜਵਾਬ ਸੁਣ ਕੇ ਬੋਲਣਾ ਸ਼ੁਰੂ ਕੀਤਾ, 'ਬਿਲਕੁਲ, ਤੁਹਾਨੂੰ ਸਭ ਯਾਦ ਹੈ। ਮੇਰੇ ਹਾਸੇ, ਮੇਰੀਆਂ ਸ਼ਰਾਰਤਾਂ ਵੀ ਉਸੇ ਦਿਨ ਖਤਮ ਹੋ ਗਈਆਂ ਸਨ, ਜਦੋਂ ਮੈਂ ਉਸ ਨੂੰ ਨਸ਼ੇ ਦੀ ਹਾਲਤ ਵਿੱਚ ਪਹਿਲੀ ਵਾਰ ਡਿੱਗਦੇ ਨੂੰ ਵੇਖਿਆ ਸੀ। ਜੇ ਕਦੇ ਉਸ ਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਵੀ ਕਰਦੀ ਤਾਂ ਸਾਰਾ ਪਰਵਾਰ ਆਪਣੇ ਪੁੱਤ ਦੇ ਪੱਖ 'ਚ ਖੜਾ ਹੋ ਜਾਂਦਾ ਸੀ। ਸਮਾਂ ਆਪਣੀ ਤੋਰ ਤੁਰਦਾ ਗਿਆ ਤੇ ਮੈਂ ਇੱਕ ਪੁੱਤਰ ਨੂੰ ਜਨਮ ਦਿੱਤਾ। ਫਿਰ ਮੈਂ ਵੀ ਸਬਰ ਕਰ ਲਿਆ ਕਿ ਹੁਣ ਇਸ ਦੇ ਸਹਾਰੇ ਆਪਣੀ ਜ਼ਿੰਦਗੀ ਬਤੀਤ ਕਰ ਲਵਾਂਗੀ, ਪਰ ਕੁਦਰਤ ਨੂੰ ਕੁਝ ਹੋਰ ਪ੍ਰਵਾਨ ਸੀ, ਜਿਵੇਂ ਮੇਰੀ ਕਿਸਮਤ ਮੇਰੇ 'ਤੇ ਹੱਸ ਰਹੀ ਹੋਵੇ ਕਿ ਖੁਸ਼ੀ ਉਹ ਵੀ ਤੈਨੂੰ?' ਬੋਲਦੀ, ਬੋਲਦੀ ਉਹ ਕੁਝ ਸਮਾਂ ਉਹ ਚੁੱਪ ਕਰ ਗਈ। ਮੈਂ ਵੇਖ ਰਿਹਾ ਸੀ ਜਿਵੇਂ ਜਿਵੇਂ ਉਹ ਜ਼ਿੰਦਗੀ ਦੀਆਂ ਪਰਤਾਂ ਖੋਲ੍ਹ ਰਹੀ ਸੀ, ਉਹ ਗੰਭੀਰ ਹੁੰਦੀ ਜਾ ਰਹੀ ਸੀ।

ਮੈਂ ਪੁੱਛਿਆ, 'ਉਹ ਕਿਵੇਂ?'

ਉਸ ਨੇ ਦੱਸਿਆ, 'ਮੇਰੇ ਪੁੱਤ ਨੂੰ ਉਨ੍ਹਾਂ ਨੇ ਮੇਰਾ ਨਾ ਰਹਿਣ ਦਿੱਤਾ। ਮੇਰੇ ਨਾਲ ਉਸ ਦਾ ਮੋਹ ਨਾ ਪੈਣ ਦਿੱਤਾ। ਸਾਰਾ ਦਿਨ ਉਸ ਨੂੰ ਆਪਣੇ ਕੋਲ ਰੱਖਣਾ। ਉਹ ਵੀ ਉਨ੍ਹਾਂ ਕੋਲ ਰਹਿਣ ਦਾ ਆਦੀ ਹੋ ਗਿਆ। ਬਾਕੀ ਇੱਕ ਨੌਕਰੀ ਪੇਸ਼ਾ ਔਰਤ ਲਈ ਇਹ ਮਜਬੂਰੀ ਵੀ ਬਣ ਜਾਂਦੀ ਹੈ। ਮੇਰਾ ਪਤੀ ਸਿਰਫ ਨਾਂ ਦਾ ਪਤੀ ਰਹਿ ਗਿਆ ਸੀ। ਘਰ 'ਚ ਰੋਜ਼ ਲੜਾਈ-ਝਗੜਾ ਹੋਣਾ ਆਮ ਗੱਲ ਬਣ ਗਈ। ਜਿਸ ਦਿਨ ਵਿਰੋਧ ਕਰਨ ਦੀ ਕੋਸ਼ਿਸ਼ ਕਰਦੀ ਤਾਂ ਮੈਨੂੰ ਰੂੰ ਵਾਂਗ ਪਿੰਜ ਸੁੱਟਦਾ। ਫਿਰ ਰੋਂਦੀ-ਕੁਰਲਾਉਂਦੀ ਆਪਣਾ-ਆਪ ਇਕੱਠਾ ਕਰ ਕੇ ਆਪਣੇ ਕੰਮ ਲੱਗ ਜਾਂਦੀ। ਕਈ ਵਾਰ ਇਸ ਤਰ੍ਹਾਂ ਦੀ ਜ਼ਿੰਦਗੀ ਤੋਂ ਕਿਨਾਰਾ ਕਰਨ ਦਾ ਮਨ ਬਣਾਇਆ, ਪਰ ਆਪਣੇ ਅੰਦਰ ਪਲਦਾ ਪੁੱਤ ਦਾ ਮੋਹ ਇਸ ਤਰ੍ਹਾਂ ਕਰਨ ਤੋਂ ਰੋਕ ਦਿੰਦਾ। ਇੱਕ ਆਸ ਸੀ ਕਿ ਪੁੱਤ ਵੱਡਾ ਹੋ ਕੇ ਸਹਾਰਾ ਬਣੇਗਾ, ਪਰ ਉਹ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ, ਮੇਰੇ ਤੋਂ ਦੂਰ ਹੁੰਦਾ ਗਿਆ। ਅਨੇਕਾਂ ਯਤਨਾਂ ਦੇ ਬਾਵਜੂਦ ਉਹ ਦਾਦਾ-ਦਾਦੀ ਦੀ ਬੁੱਕਲ ਵਿੱਚ ਬੈਠਣਾ ਚੰਗਾ ਸਮਝਦਾ। ਇਸ ਤਰ੍ਹਾਂ ਸਮੇਂ ਦੇ ਨਾਲ-ਨਾਲ ਤੁਰਦਿਆਂ ਚਾਰ-ਪੰਜ ਸਾਲ ਬੀਤ ਗਏ। ਬੱਚਾ ਵੀ ਸਮਝਣ ਲੱਗ ਪਿਆ ਸੀ।

ਇੱਕ ਦਿਨ ਫਿਰ ਲੜਾਈ ਹੋਈ। ਜਦ ਉਹ ਮੈਨੂੰ ਮਾਰਨ ਲਈ ਅੱਗੇ ਆਉਣ ਲੱਗੇ ਤਾਂ ਉਸ ਤੋਂ ਪਹਿਲਾਂ ਮੈਂ ਉਸ ਨੂੰ ਧੱਕਾ ਦੇ ਦਿੱਤਾ। ਜਿੰਦ ਜਾਨ ਪਹਿਲਾਂ ਹੀ ਨਹੀਂ ਸੀ, ਨਸ਼ਿਆਂ ਨੇ ਖਾਧਾ ਪਿਆ ਸੀ। ਉਹ ਮੰਜੇ 'ਤੇ ਡਿੱਗ ਪਿਆ। ਡਿੱਗਦੇ ਸਾਰ ਉਸ ਦਾ ਸਿਰ ਮੰਜੇ ਦੇ ਪਾਵੇ ਨਾਲ ਜਾ ਵੱਜਿਆ। ਉਹ ਬੇਹੋਸ਼ ਹੋ ਗਿਆ। ਡਾਕਟਰ ਨੇ ਉਸ ਨੂੰ ਵੇਖ ਕੇ ਸਿਰ ਮਾਰ ਦਿੱਤਾ। ਇਹ ਵੇਖ ਕੇ ਮੇਰੀ ਸੱਸ ਨੇ ਦੁਹਾਈ ਪਾਉਂਦਿਆਂ ਕਿਹਾ, 'ਏਸ ਚੰਦਰੀ ਨੇ ਮੇਰਾ ਪੁੱਤ ਮਾਰ ਦਿੱਤਾ।' ਮੈਂ ਇਹ ਸੁਣ ਕੇ ਸੁੰਨ ਹੋ ਗਈ। ਕੁਝ ਪਤਾ ਨਾ ਲੱਗਿਆ ਕਦੋਂ ਵਿਹੜਾ ਲੋਕਾਂ ਦੇ ਇਕੱਠ ਨਾਲ ਭਰ ਗਿਆ ਅਤੇ ਮੈਨੂੰ ਪੁਲਸ ਥਾਣੇ ਲੈ ਆਈ। ਫਿਰ ਕੇਸ ਚੱਲਿਆ। ਗਵਾਹੀਆਂ ਹੋਣ ਲੱਗੀਆਂ ਤਾਂ ਮੇਰੀ ਆਸ ਦੀ ਆਖਰੀ ਕਿਰਨ ਵੀ ਉਦੋਂ ਖਤਮ ਹੋ ਗਈ, ਜਦੋਂ ਮੇਰੀ ਕੁੱਖੋਂ ਜੰਮੇ ਤੋਂ ਵੀ ਅਖਵਾ ਦਿੱਤਾ ਕਿ ਮੰਮੀ ਨੇ ਪਾਪਾ ਨੂੰ ਮਾਰਿਆ ਹੈ। ਮੇਰੇ ਸਬਰ ਦਾ ਪਿਆਲਾ ਭਰ ਗਿਆ। ਮੈਂ ਖੁਦ ਕਬੂਲ ਕਰ ਲਿਆ ਕਿ ਮੈਂ ਮਾਰਿਆ ਉਸ ਨੂੰ। ਮੈਨੂੰ ਸਜ਼ਾ ਹੋ ਗਈ।'

ਇਹ ਕਹਿੰਦਿਆਂ ਹੀ ਉਸ ਦੀਆਂ ਅੱਖਾਂ 'ਚੋਂ ਹੰਝੂ ਉਸ ਦੇ ਕੱਪੜਿਆਂ 'ਤੇ ਆ ਡਿੱਗੇ। ਇਹ ਵੇਖ ਕੇ ਮੈਂ ਚੁੱਪ ਸਾਂ। ਬੋਲਦਾ ਵੀ ਕੀ, ਕੁਝ ਬੋਲਣ ਨੂੰ ਹੈ ਵੀ ਨਹੀਂ ਸੀ। ਫਿਰ ਇਥੇ ਕਿਵੇਂ?

'ਹਾਂ, ਮੈਂ ਸਜ਼ਾ ਕੱਟ ਰਹੀ ਹਾਂ। ਹੁਣ ਕੁਝ ਦਿਨਾਂ ਦੀ ਮੈਨੂੰ ਛੁੱਟੀ ਮਿਲੀ ਸੀ, ਪਰ ਹੁਣ ਮੈਂ ਖੁਸ਼ ਹਾਂ।'

ਮੇਰੇ ਕੋਲੋਂ ਇਹੀ ਬੋਲ ਹੋਇਆ, 'ਖੁਸ਼...?'

ਉਸ ਨੇ ਜਵਾਬ ਦਿੱਤਾ, 'ਹਾਂ ਲੋਕੀਂ ਤਾਂ ਕਹਿੰਦੇ ਹਨ ਮੈਨੂੰ ਕਤਲ ਦੇ ਕੇਸ ਵਿੱਚ ਕੈਦ ਹੋ ਗਈ ਹੈ, ਪਰ ਇਨ੍ਹਾਂ ਨੂੰ ਕੀ ਪਤਾ, ਜ਼ਿੱਲਤ ਭਰੀ ਜ਼ਿੰਦਗੀ ਤੋਂ ਮੈਂ ਆਜ਼ਾਦ ਹੋ ਗਈ ਹਾਂ।'

# ਜਦੋਂ ਲੇਲਾ ਛਲੇਡਾ ਬਣ ਗਿਆ

-ਹਰਜਿੰਦਰ ਅਨੂਪਗੜ੍ਹ

ਸਾਡੇ ਪਿੰਡ ਪ੍ਰਾਇਮਰੀ ਸਕੂਲ ਹੋਣ ਕਾਰਨ ਪੰਜਵੀਂ ਪਾਸ ਕਰਨ ਮਗਰੋਂ ਮੈਂ ਹੋਰ ਬੱਚਿਆਂ ਨਾਲ ਲਾਗਲੇ ਪਿੰਡ ਮਾਖਾ ਚਾਹਿਲਾਂ ਵਿਖੇ ਪੜ੍ਹਨ ਲੱਗ ਗਿਆ। ਕੁਝ ਵੱਡੇ ਬੱਚੇ ਸਾਈਕਲਾਂ 'ਤੇ ਸਕੂਲ ਜਾਂਦੇ ਸਨ ਤੇ ਅਸੀਂ ਬੱਸ ਉੱਤੇ ਸਕੂਲ ਜਾਇਆ ਕਰਦੇ ਸਾਂ। ਸਾਡੇ ਪਿੰਡ ਤੋਂ ਮਾਖੇ ਦੇ ਵਿਚਾਲੇ ਇਕ ਬਹੁਤ ਵੱਡਾ ਟਿੱਬਾ ਆਉਂਦਾ ਸੀ, ਜਿਸ ਨੂੰ ਲੋਕ 'ਵੱਡਾ ਧੋੜਾ' ਕਹਿੰਦੇ ਸਨ। ਇਸ ਵੱਡੇ ਧੋੜੇ ਬਾਰੇ ਲੋਕਾਂ ਵਿੱਚ ਅਫਵਾਹ ਫੈਲੀ ਹੋਈ ਸੀ ਕਿ ਇਥੇ ਛਲੇਡਾ (ਭੂਤ ਪ੍ਰੇਤ ਦਾ ਇਕ ਰੂਪ) ਰਹਿੰਦਾ ਹੈ, ਜੋ ਕੋਈ ਵੀ ਰੂਪ ਧਾਰ ਕੇ ਸਿਖਰ ਦੁਪਹਿਰੇ ਜਾਂ ਰਾਤ ਨੂੰ ਇਥੋਂ ਲੰਘਣ ਵਾਲਿਆਂ ਨੂੰ ਘੇਰਦਾ ਹੈ। ਛਲੇਡਾ ਕਿਸੇ ਔਰਤ, ਮਰਦ ਜਾਂ ਕਿਸੇ ਪਸ਼ੂ ਪੰਛੀ ਦਾ ਰੂਪ ਧਾਰ ਕੇ ਖੜਾ ਹੋ ਜਾਂਦਾ ਹੈ ਤੇ ਰਾਹਗੀਰਾਂ ਦੇ ਮਗਰ ਲੱਗ ਜਾਂਦਾ ਹੈ। ਇਸ ਡਰ ਕਰਕੇ ਇਲਾਕੇ ਦਾ ਕੋਈ ਵੀ ਜਾਣਕਾਰ ਬੰਦਾ ਇਕੱਲਾ ਸਿਖਰ ਦੁਪਹਿਰੇ ਵੱਡੇ ਧੋੜੇ ਕੋਲੋਂ ਨਹੀਂ ਲੰਘਦਾ ਸੀ, ਰਾਤ ਵੇਲੇ ਤਾਂ ਬਿਲਕੁਲ ਹੀ ਨਹੀਂ। ਵੱਡੇ ਧੋੜੇ ਵਾਲੇ ਛਲੇਡੇ ਸਬੰਧੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ। ਕੋਈ ਦੱਸਦਾ ਕਿ ਇਕ ਵਾਰ ਛਲੇਡਾ ਔਰਤ ਦਾ ਰੂਪ ਧਾਰ ਕੇ ਉਸ ਦੇ ਅੱਗੇ ਆ ਖਲੋਤਾ, ਕੋਈ ਕਹਿੰਦਾ ਛਲੇਡਾ ਝੋਟਾ ਜਾਂ ਢੱਠਾ ਬਣ ਕੇ ਉਸ ਦੇ ਮਗਰ ਪੈ ਗਿਆ ਸੀ, ਆਦਿ।

ਇਕ ਦਿਨ ਸਕੂਲ ਤੋਂ ਛੁੱਟੀ ਮਿਲਣ ਮਗਰੋਂ ਜਦੋਂ ਬੱਸ ਨਾ ਆਈ ਤਾਂ ਅਸੀਂ ਪੈਦਲ ਹੀ ਘਰਾਂ ਵੱਲ ਨੂੰ ਚੱਲ ਪਏ। ਸਿਖਰ ਦੁਪਹਿਰਾ ਹੋਣ ਕਾਰਨ ਵੱਡੇ ਧੋੜੇ ਦੇ ਨਜ਼ਦੀਕ ਆਉਣ 'ਤੇ ਮਨ ਵਿਚਲਾ ਛਲੇਡੇ ਦਾ ਡਰ



ਅਚਾਨਕ ਬਾਹਰ ਆਉਣ ਲੱਗਿਆ। ਜਿਵੇਂ-ਜਿਵੇਂ ਅਸੀਂ ਧੋੜੇ ਦੇ ਨਜ਼ਦੀਕ ਜਾ ਰਹੇ ਸਾਂ, ਛਲੇਡੇ ਬਾਰੇ ਦੱਸੀਆਂ ਗੱਲਾਂ ਫਿਲਮ ਵਾਂਗ ਅੱਖਾਂ ਅੱਗੇ ਘੁੰਮਣ ਲੱਗੀਆਂ ਸਨ। ਧੋੜੇ ਦੇ ਬਿਲਕੁਲ ਕੋਲ ਆ ਕੇ ਅਸੀਂ ਸਾਰੇ ਡਰ ਦੇ ਮਾਰੇ ਹੌਲੀ-ਹੌਲੀ ਬਿਨਾਂ ਖੜਕਾ ਕੀਤੇ ਤੁਰਨ ਲੱਗੇ। ਜਦੋਂ ਟਿੱਬੇ ਦੇ ਬਿਲਕੁਲ ਬਰਾਬਰ ਪਹੁੰਚ ਗਏ ਤਾਂ ਅਚਾਨਕ ਸਾਨੂੰ ਝਾੜ ਹਿੱਲਦੇ ਦਿੱਸੇ ਅਤੇ ਝਾੜਾਂ ਨੂੰ ਹਿੱਲਦੇ ਦੇਖ ਕੇ ਅਸੀਂ ਚੱਕਵੇਂ ਪੈਰੀਂ ਹੋ ਗਏ। ਫਿਰ ਝਾੜਾਂ ਵਿੱਚੋਂ ਇਕਦਮ ਭੇਡ ਦਾ ਲੇਲਾ ਨਿਕਲਿਆ ਅਤੇ ਸਾਨੂੰ ਦੇਖ ਕੇ ਬੈਅ..ਬੈਅ ਕਰਦਾ ਸਾਡੇ ਵੱਲ ਵਧਣ ਲੱਗਿਆ। ਫਿਰ ਕੀ ਸੀ ਅਸੀਂ ਸਾਰੇ ਉਚੀ-ਉਚੀ ਚੀਕਾਂ ਮਾਰਦੇ ਤੇ 'ਛਲੇਡਾ ਆ ਗਿਆ ਓਏ, ਛਲੇਡਾ ਆ ਗਿਆ ਓਏ' ਦਾ ਰੌਲਾ ਪਾਉਂਦੇ ਹੋਏ ਵਾਹੋ ਦਾਹ ਪਿੰਡ ਵੱਲ ਨੂੰ ਦੌੜ ਪਏ। ਕਈ ਕੁੜੀਆਂ ਆਪਣੇ ਬਸਤੇ ਉਥੇ ਸੁੱਟ ਆਈਆਂ। ਚੀਕ ਚਿਹਾੜਾ ਪਾਉਂਦੇ ਜਦੋਂ ਅਸੀਂ ਕੁਝ ਦੂਰ ਅੱਗੇ ਆਏ ਤਾਂ ਸਾਨੂੰ ਭੇਡਾਂ ਵਾਲੇ ਆਜੜੀ ਮਿਲੇ। ਉਨ੍ਹਾਂ ਨੂੰ ਦੇਖ ਕੇ ਸਾਡੇ ਸਾਹ ਵਿੱਚ ਸਾਹ ਆਇਆ। ਜਦੋਂ ਉਨ੍ਹਾਂ ਨੇ ਸਾਨੂੰ ਇਸ ਤਰ੍ਹਾਂ ਡਰੇ ਹੋਣ ਦਾ ਕਾਰਨ ਪੁੱਛਿਆ ਤਾਂ ਅਸੀਂ ਦੱਸਿਆ ਕਿ ਸਾਡੇ ਪਿੱਛੇ ਛਲੇਡਾ 'ਲੇਲੇ' ਦਾ ਰੂਪ ਧਾਰ ਕੇ ਪੈ ਗਿਆ ਸੀ। ਉਹ ਸਾਰੀ ਕਹਾਣੀ ਸਮਝ ਗਏ ਤੇ ਉਨ੍ਹਾਂ ਸਾਨੂੰ ਦੱਸਿਆ, 'ਕਮਲਿਓ ਤੁਸੀਂ ਐਵੇਂ ਈ ਡਰ ਗਏ, ਉਹ ਸਾਡੀ ਭੇਡ ਦਾ ਲੇਲਾ ਹੈ, ਜੋ ਬਾਕੀ ਭੇਡਾਂ ਤੋਂ ਅਲੱਗ ਹੋ ਗਿਆ ਸੀ। ਅਸੀਂ ਰੋਜ਼ ਉਥੇ ਭੇਡਾਂ ਚਾਰਦੇ ਆਂ, ਸਾਨੂੰ ਤਾਂ ਕਦੇ ਦਿਸਿਆ ਨ੍ਹੀਂ ਛਲੇਡਾ। ਲੇਲਾ ਤਾਂ ਵਿਚਾਰਾ ਭੇਡਾਂ ਨਾਲੋਂ ਵਿੱਛੜ ਕੇ ਓਦਰ ਗਿਆ ਹੋਣੈ ਤਾਂ ਹੀ ਤਾਂ ਥੋਡੇ੍ ਮਗਰ ਭੱਜਦਾ ਸੀ ਕਿ ਤੁਸੀਂ ਉਸ ਨੂੰ ਬਾਕੀ ਭੇਡਾਂ ਕੋਲ ਛੱਡ ਦਿਓ।'

ਐਨੇ ਨੂੰ ਇਕ ਜਣਾ ਲੇਲੇ ਨੂੰ ਮੋੜ ਕੇ ਇੱਜੜ ਕੋਲ ਲੈ ਆਇਆ। ਕੁਝ ਪਲ ਪਹਿਲਾਂ ਜੋ ਲੇਲਾ ਸਾਨੂੰ ਯਮਰਾਜ ਵਾਂਗ ਜਾਪਦਾ ਸੀ, ਹੁਣ ਉਹੀ ਪਿਆਰਾ ਅਤੇ ਖੂਬਸੂਰਤ ਲੱਗਣ ਲੱਗਾ ਸੀ। ਅਸਲ ਵਿੱਚ ਉਥੇ ਛਲੇਡਾ ਨਾਮ ਦੀ ਕੋਈ ਸ਼ੈਅ ਹੈ ਹੀ ਨਹੀਂ ਸੀ, ਉਹ ਤਾਂ ਲੋਕਾਂ ਦੁਆਰਾ ਸੁਣਾਈਆਂ ਡਰਾਉਣੀਆਂ ਕਥਾਵਾਂ ਕਾਰਨ ਲੋਕਾਂ ਦੇ ਮਨ ਵਿੱਚ 'ਵੱਡੇ ਧੋੜੇ' ਕੋਲ ਇਕ ਛਲੇਡਾ ਹੋਣ ਦਾ ਸਹਿਮ ਬਣ ਗਿਆ ਸੀ। ਅਜਿਹਾ ਪ੍ਰਭਾਵ ਬਣਨ ਪਿੱਛੇ ਇਕ ਹੋਰ ਕਾਰਨ, ਜਿਨ੍ਹਾਂ ਦੀ ਉਹ ਟਿੱਬੇ ਵਾਲੀ ਜ਼ਮੀਨ ਸੀ, ਉਨ੍ਹਾਂ ਦਾ ਇਕ ਬਜ਼ੁਰਗ ਪੁੱਛਾਂ ਦੇਣ ਤੇ ਧਾਗੇ ਤਵੀਤ ਦੇਣ ਦਾ ਕੰਮ ਕਰਦਾ ਸੀ। ਹੋ ਸਕਦਾ ਹੈ ਕਿ ਉਨ੍ਹਾਂ ਨੇ ਆਪਣਾ ਤੋਰੀ ਫੁਲਕਾ ਚਲਾਉਣ ਲਈ ਛਲੇਡੇ ਵਾਲੀ ਅਫਵਾਹ ਫੈਲਾਈ ਹੋਵੇ ਤੇ ਰਾਹ ਜਾਂਦੇ ਰਾਹੀਆਂ ਨੂੰ ਰਾਤ ਬਰਾਤੇ ਉਨ੍ਹਾਂ ਨੇ ਵੀ ਛਲੇਡਾ ਬਣ ਕੇ ਡਰਾਇਆ ਹੋਵੇ। ਖੈਰ, ਸਮਾਂ ਬੀਤਣ ਦੇ ਨਾਲ-ਨਾਲ ਹੌਲੀ-ਹੌਲੀ ਛਲੇਡੇ ਦਾ ਡਰ ਲੋਕਾਂ ਵਿੱਚੋਂ ਖਤਮ ਹੁੰਦਾ ਗਿਆ ਅਤੇ ਹੁਣ ਤਾਂ ਆਧੁਨਿਕਤਾ ਦੇ ਜ਼ੋਰ ਕਾਰਨ ਧੋੜਾ ਵੀ ਖਤਮ ਹੋਣ 'ਤੇ ਆ ਗਿਆ ਹੈ।

# ਖੁੱਖਰੀ ਨਾਲ ਦੁਸ਼ਮਣਾਂ ਨੂੰ ਮਾਰਨ ਦੀ ਦਾਸਤਾਨ

-ਬ੍ਰਿ. ਕੁਲਦੀਪ ਸਿੰਘ ਕਾਹਲੋਂ-

ਇਹ ਦਲੇਰੀ ਭਰੀ ਦਾਸਤਾਨ ਉਸ ਸੂਰਮੇ ਹੌਲਦਾਰ ਦੀ ਹੈ, ਜਿਸ ਨੇ ਪਾਕਿਸਤਾਨੀ ਕਬਜ਼ੇ ਹੇਠ ਬਟਾਲਿਕ ਸੈਕਟਰ (ਕਾਰਗਿਲ) ਵਿੱਚ ਦੁਸ਼ਮਣ ਦੇ ਪਿੱਛੇ ਘੁਸਪੈਠ ਕੀਤੀ ਤੇ ਕਈ ਦਿਨਾਂ ਤੱਕ ਮੌਤ ਨੂੰ ਵੰਗਾਰ ਕੇ ਆਪਣੀ ਖੁੱਖਰੀ ਨਾਲ ਸੱਤ ਪਾਕਿਸਤਾਨੀ ਜ਼ਾਲਮਾਂ ਨੂੰ ਮਾਰ ਦਿੱਤਾ। ਖੂਨ ਨਾਲ ਲਿੱਬੜੀ ਹੋਈ ਵਰਦੀ 'ਚ 'ਜੈ ਦੁਰਗੇ ਮਾਤਾ' ਪੁਕਾਰਦਾ ਵਾਪਸ ਆਪਣੀ ਪਲਟਨ ਜਾ ਪਹੁੰਚਿਆ। ਇਹ ਵਾਕਿਆ 2-3 ਜੁਲਾਈ 1999 ਦਾ ਹੈ।

ਹੌਲਦਾਰ ਗਿਆਨ ਬਹਾਦਰ ਤਮਾਂਗ 1/11 ਗੋਰਖਾ ਪਲਟਨ ਦੇ ਕਮਾਂਡਿੰਗ ਅਫਸਰ ਕਰਨਲ ਲਲਿਤ ਰਾਏ (ਬਾਅਦ ਵਿੱਚ ਵੀਰ ਚੱਕਰ) ਦੇ ਕਾਲਮ ਦਾ ਇੱਕ ਹੌਸਲੇ ਵਾਲਾ ਮੈਂਬਰ ਸੀ। ਜਦੋਂ ਬਟਾਲੀਅਨ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਬਟਾਲਿਕ ਦੇ ਕੇਂਦਰ ਬਿੰਦੂ ਖਲੂਬਰ ਪਹਾੜੀ ਵੱਲ ਅੱਗੇ ਵਧ ਰਹੀ ਸੀ ਤਾਂ ਹੌਲਦਾਰ ਤਮਾਂਗ ਨੂੰ ਸੀ ਓ ਨੇ ਆਪਣੇ ਇੱਕ ਸਾਥੀ ਨਾਲ ਦੁਸ਼ਮਣ ਦੀ ਪੁਜ਼ੀਸ਼ਨ ਦੇ ਪਿਛਲੇ ਪਾਸੇ ਘੁਸਪੈਠ ਕਰ ਕੇ ਉਸ ਦੀ ਸਪਲਾਈ ਲਾਈਨ ਨੂੰ ਸਮਾਪਤ ਕਰਨ ਦਾ ਹੁਕਮ ਦਿੱਤਾ। ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਅਜੇ ਇਹ ਦੋਵੇਂ ਰਵਾਨਾ ਹੋਏ ਹੀ ਸਨ ਕਿ ਦੁਸ਼ਮਣ ਨੇ ਅੰਨ੍ਹੇਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ। ਤਮਾਂਗ ਦਾ ਸਾਥੀ ਉਥੇ ਸ਼ਹੀਦ ਹੋ ਗਿਆ। ਹੌਲਦਾਰ ਗਿਆਨ ਬਹਾਦਰ ਪਹਾੜੀ ਦੇ ਪਿਛਲੇ ਪਾਸੇ ਰਿੜ੍ਹਦਾ ਹੋਇਆ ਤਕਰੀਬਨ 20 ਮੀਟਰ ਵਾਲੀ ਖੱਡ 'ਚ ਜਾ ਡਿੱਗਾ ਅਤੇ ਉਸ ਦੀ ਗਰਦਨ ਵਿੱਚੋਂ ਖੂਨ ਵਗਣਾ ਸ਼ੁਰੂ ਹੋ ਗਿਆ।

ਅਗਲੇ ਦਿਨ ਸਵੇਰੇ ਜਿੱਥੇ ਹਲਕੇ ਮੀਂਹ ਦੀਆਂ ਬੂੰਦਾਂ ਉਸ ਉਤੇ ਡਿੱਗ ਰਹੀਆਂ ਸਨ, ਉਥੇ ਉਸ ਦੇ ਆਲੇ ਦੁਆਲੇ ਗੋਲੇ ਵੀ ਡਿੱਗ ਰਹੇ ਸਨ। ਦਿਨ ਚੜ੍ਹਦੇ ਸਾਰ ਜਦੋਂ ਪਾਕਿਸਤਾਨ ਦੇ ਫੌਜੀਆਂ ਦੀ ਨਿਗ੍ਹਾ ਹੌਲਦਾਰ ਤਮਾਂਗ ਉਤੇ ਟਿਕੀ ਤਾਂ ਉਨ੍ਹਾਂ ਏ ਕੇ 47 ਰਾਈਫਲ ਨਾਲ ਜ਼ਖਮੀ ਤਮਾਂਗ ਉਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਭਾਰਤੀ ਫੌਜ ਦੀ ਸਖਤ ਸਿਖਲਾਈ ਪ੍ਰਾਪਤ ਕਰ ਚੁੱਕੇ ਤਮਾਂਗ ਨੇ ਵੱਡੇ ਵੱਡੇ ਪੱਥਰਾਂ ਪਿੱਛੇ ਲੁਕਦੇ ਲੁਕਾਉਂਦੇ ਆਪਣੀ ਬੰਦੂਕ ਦੀ ਨੋਕ ਵੈਰੀਆਂ ਵੱਲ ਕਰਦਿਆਂ ਇੱਕ-ਇੱਕ ਕਰ ਕੇ ਤਿੰਨ ਹਮਲਾਵਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਆਪ ਫਿਰ ਕਿਤੇ ਜਾ ਛੁਪਿਆ। ਰਾਤ ਹੁੰਦਿਆਂ ਸੰਘਣੀ ਧੁੰਦ ਪੈਣ ਸ਼ੁਰੂ ਹੋ ਗਈ ਅਤੇ ਪਹਾੜੀਆਂ ਢੱਕੀਆਂ ਗਈਆਂ।

ਖਰਾਬ ਮੌਸਮ ਦਾ ਫਾਇਦਾ ਲੈਂਦਿਆਂ ਭੁੱਖੇ-ਪਿਆਸੇ ਇਸ ਫੌਜੀ ਨੇ ਆਪਣੀ ਪਲਟਨ ਵੱਲ ਨੂੰ ਚਾਲੇ ਪਾ ਦਿੱਤੇ। ਹੁਣ ਉਸ ਨੂੰ ਅਸਲੇ ਦੀ ਘਾਟ ਮਹਿਸੂਸ ਹੋਣ ਲੱਗੀ। ਉਸ ਦੀ ਧੌਣ 'ਚੋਂ ਖੂਨ ਅਜੇ ਟਪਕ ਰਿਹਾ ਸੀ। ਇਸ ਯੋਧੇ ਨੇ ਆਪਣੀ ਬੁਨੈਣ ਪਾੜ ਕੇ ਗਰਦਨ 'ਤੇ ਬੰਨ੍ਹੀ। ਅਗਲੇ ਦਿਨ ਸਵੇਰੇ ਜਦੋਂ ਅੱਖ ਖੁੱਲ੍ਹੀ ਤਾਂ ਉਸ ਨੇ ਵੇਖਿਆ ਕਿ ਉਸ ਵੱਲ ਪਾਕਿਸਤਾਨੀ ਆ ਰਹੇ ਸਨ। ਨੇੜੇ ਪਹੁੰਚ ਕੇ ਉਨ੍ਹਾਂ ਨੇ ਆਪਣੇ ਹਥਿਆਰਾਂ ਦਾ ਰੁਖ਼ ਤਮਾਂਗ ਵੱਲ ਕਰਦਿਆਂ ਉਸ ਨੂੰ ਆਤਮ ਸਮਰਪਣ ਕਰਨ ਵਾਸਤੇ ਕਿਹਾ। ਸਮਝਦਾਰੀ ਦਾ ਸਬੂਤ ਦਿੰਦਿਆਂ ਉਸ ਨੇ ਇੱਕ ਹੱਥ ਹਿਲਾਉਂਦਿਆਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਦੁਸ਼ਮਣਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਹੱਥ ਹਿਲਾ ਕੇ ਆਪਣੇ ਸਾਥੀਆਂ ਨੂੰ ਮਦਦ ਲਈ ਬੁਲਾ ਰਿਹਾ ਹੈ। ਜਦੋਂ ਦੋਵੇਂ ਪਾਕਿਸਤਾਨੀ ਫੌਜੀਆਂ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਹੌਲਦਾਰ ਤਮਾਂਗ ਨੇ ਆਪਣੀ ਖੁੱਖਰੀ ਨਾਲ ਉਨ੍ਹਾਂ ਦੀਆਂ ਧੌਣਾਂ ਕੱਟ ਦਿੱਤੀਆਂ। ਦੂਰ ਤੈਨਾਤ ਦੁਸ਼ਮਣ ਨੇ ਉਸ 'ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਤਮਾਂਗ ਮੂੰਹ ਦੇ ਭਾਰ ਇਸ ਤਰੀਕੇ ਨਾਲ ਡਿੱਗਾ ਜਿਵੇਂ ਮਰ ਚੁੱਕਾ ਹੋਵੇ। ਜਦੋਂ ਪਾਕਿਸਤਾਨੀ ਫੌਜ ਇੱਕ ਜੇ ਸੀ ਓ ਅਤੇ ਇੱਕ ਜਵਾਨ ਉਸ ਕੋਲ ਪਹੁੰਚਿਆ ਤਾਂ ਉਸ ਨੇ ਤਮਾਂਗ ਨੂੰ ਠੁੱਡ ਮਾਰ ਕੇ ਵੇਖਣਾ ਚਾਹਿਆ ਕਿ ਉਹ ਜ਼ਿੰਦਾ ਹੈ ਜਾਂ ਨਹੀਂ। ਜਦੋਂ ਅਜੇ ਵੈਰੀ ਆਸ ਪਾਸ ਝਾਕ ਰਹੇ ਸਨ ਤਾਂ ਤਮਾਂਗ ਖੁੱਖਰੀ ਨਾਲ ਉਨ੍ਹਾਂ ਉਪਰ ਟੁੱਟ ਪਿਆ। 'ਜੈ ਦੁਰਗੇ' ਪੁਕਾਰਦਿਆਂ ਉਨ੍ਹਾਂ ਨੂੰ ਜ਼ਖਮੀ ਕਰ ਕੇ ਆਪ ਫਿਰ ਚੱਲ ਪਿਆ। ਪਹਾੜੀਆਂ ਤੋਂ ਤਿਲਕਦਾ ਇੱਕ ਵਾਰ ਫਿਰ ਉਸ ਕਿਸੇ ਖੱਡ 'ਚ ਜਾ ਡਿੱਗਾ ਅਤੇ ਉਸ ਦਾ ਹੱਥ ਨਾਲੇ ਉਪਰ ਝਾੜੀ 'ਤੇ ਜਾ ਪਿਆ।

ਏਨੇ ਨੂੰ ਰਾਤ ਪੈ ਗਈ। ਉਸ ਨੂੰ ਸਰੀਰ ਵਿੱਚ ਖੂਨ ਤੇ ਪਾਣੀ ਦੀ ਘਾਟ ਮਹਿਸੂਸ ਹੋਣ ਲੱਗੀ। ਥੱਕਿਆ ਉਹ ਜ਼ਰੂਰ, ਪਰ ਹਾਰਿਆ ਨਹੀਂ ਸੀ। ਉਸ ਦਾ ਮਨੋਬਲ ਚੱਟਾਨ ਵਾਂਗ ਕਾਇਮ ਸੀ। ਅਗਲੇ ਦਿਨ ਸਵੇਰੇ ਉਹ ਡਿੱਗਦਾ ਡਿੱਗਦਾ ਆਪਣੀ ਮੰਜ਼ਿਲ ਵੱਲ ਵਧਦਾ ਰਿਹਾ। ਰਸਤੇ ਵਿੱਚ ਦੋ ਪਾਕਿਸਤਾਨੀ ਆਪਣੇ ਸਿਰਾਂ 'ਤੇ ਸਾਮਾਨ ਚੁੱਕੀ ਜਾ ਰਹੇ ਸਨ, ਉਨ੍ਹਾਂ ਨੇ ਤਮਾਂਗ ਨੂੰ ਇਕੱਲਿਆਂ ਵੇਖ ਕੇ ਲਲਕਾਰਿਆ। ਉਸ ਨੇ 'ਜੈ ਦੁਰਗੇ' ਪੁਕਾਰਦਿਆਂ ਉਨ੍ਹਾਂ ਨੂੰ ਡਰਾਇਆ। ਉਹ ਡਰਦੇ ਮਾਰੇ ਸਮਾਨ ਛੱਡ ਕੇ ਭੱਜ ਨਿਕਲੇ। ਦੁਸ਼ਮਣਾ ਤੇ ਅਨੇਕਾਂ ਮੁਸੀਬਤਾਂ ਦਾ ਡੱਟ ਕੇ ਮੁਕਾਬਲਾ ਕਰਦਿਆਂ ਲਹੂ ਲੁਹਾਨ ਹੋਇਆ ਤਮਾਂਗ ਆਖਰ ਆਪਣੀ ਪਲਟਨ ਦੀ ਇੱਕ ਟੁਕੜੀ ਕੋਲ ਪਹੁੰਚਿਆ ਤੇ ਉਸ ਨੇ ਸੁੱਖ ਦਾ ਸਾਹ ਲਿਆ।

ਜਦੋਂ 1/11 ਗੋਰਖਾ ਪਲਟਨ ਖਲੂਬਰ ਉਪਰ ਕਬਜ਼ਾ ਕਰਨ ਉਪਰੰਤ ਦੁਸ਼ਮਣ ਤੋਂ ਵਾਪਸ ਖੋਹੇ ਇਲਾਕੇ ਨੂੰ ਮੁੜ ਸੰਗਠਿਤ ਕਰ ਰਹੀ ਸੀ ਤਾਂ ਉਸ ਨੂੰ ਪਾਕਿਸਤਾਨੀ ਫੌਜੀਆਂ ਦੀਆਂ ਸੱਤ ਲਾਸ਼ਾਂ ਮਿਲੀਆਂ ਜਿਨ੍ਹਾਂ ਨੂੰ ਤਮਾਂਗ ਨੇ ਝਟਕਾਇਆ ਸੀ। ਹੌਲਦਾਰ ਗਿਆਨ ਬਹਾਦਰ ਤਮਾਂਗ ਦੀ ਸੂਰਬੀਰਤਾ ਬੇਹੱਦ ਜਜ਼ਬਾ ਭਰਪੂਰ ਅਤੇ ਨਿਵੇਕਲੀ ਦ੍ਰਿੜਤਾ ਵਾਲੀ ਸੀ। ਉਸ ਨੂੰ 'ਸੈਨਾ ਮੈਡਲ' ਨਾਲ ਸਨਮਾਨਤ ਕੀਤਾ ਗਿਆ। ਕੁਝ ਸਮਾਂ ਪਹਿਲਾਂ ਸਕੂਲੀ ਕਿਤਾਬਾਂ 'ਚ ਛਪੇ ਕਾਰਟੂਨਾਂ ਬਾਰੇ ਪਾਰਲੀਮੈਂਟ ਵਿੱਚ ਖੂਬ ਚਰਚਾ ਹੋਈ। ਜੇ ਅਸੀਂ ਭਾਰਤ ਦੇ ਸੁਨਹਿਰੀ ਫੌਜੀ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਤਮਾਂਗ ਤੋਂ ਵੀ ਵੱਧ ਰੌਂਗਟੇ ਖੜ੍ਹੇ ਕਰਨ ਵਾਲੀਆਂ ਨਿਵੇਕਲੀਆਂ ਗਾਥਾਵਾਂ, ਸੂਰਬੀਰਤਾ ਭਰਪੂਰ ਕਾਰਨਾਮੇ ਪੜ੍ਹਨ-ਸੁਣਨ ਨੂੰ ਮਿਲਦੇ ਹਨ, ਜਿਨ੍ਹਾਂ ਬਾਰੇ ਦੇਸ਼ ਵਾਸੀਆਂ ਨੂੰ ਕੋਈ ਇਲਮ ਨਹੀਂ ਹੈ।

ਕੀ ਕਦੇ ਸਾਡੇ ਰਾਜਸੀ ਨੇਤਾਵਾਂ ਜਾਂ ਨੌਕਰਸ਼ਾਹੀ ਨੇ ਸੋਚਿਆ ਹੈ ਕਿ ਇਸ ਕਿਸਮ ਦੇ ਵੀਰ-ਰਸ ਪੈਦਾ ਕਰਨ ਵਾਲੇ ਕਿੱਸੇ-ਕਹਾਣੀਆਂ ਨੂੰ ਸਕੂਲ ਦੀਆਂ ਕਿਤਾਬਾਂ 'ਚ ਦਰਜ ਕਰਨਾ ਚਾਹੀਦਾ ਹੈ? ਲੋੜ ਇਸ ਗੱਲ ਦੀ ਹੈ ਕਿ ਪਹਿਲਾਂ ਤਾਂ ਇਸ ਕਿਸਮ ਦੀਆ ਹੱਡ-ਬੀਤੀਆਂ, ਇਤਿਹਾਸਕ ਵੇਰਵਿਆਂ, ਲੇਖਾਂ ਨੂੰ ਦੇਸ਼ ਦੀ ਹਰ ਭਾਸ਼ਾ ਵਿੱਚ ਤਰਜਮਾ ਕਰਵਾ ਕੇ ਸੂਬਿਆਂ 'ਚ ਵੰਡਿਆ ਜਾਵੇ ਤਾਂ ਕਿ ਸਕੂਲ ਦੇ ਬੱਚਿਆਂ ਨੂੰ ਫੌਜ ਵੱਲੋਂ ਦੇਸ਼ ਖਾਤਰ ਪਾਏ ਗਏ ਯੋਗਦਾਨ ਦੀ ਜਾਣਕਾਰੀ ਮਿਲ ਸਕੇ। ਦੂਸਰਾ ਝੁਕਾਅ ਇਹ ਹੈ ਕਿ ਜਦੋਂ ਵਿਜੇ ਦਿਵਸ, ਫਲੈਗ ਡੇਅ, ਗਣਤੰਤਰ ਦਿਵਸ ਆਦਿ ਮਨਾਏ ਜਾਂਦੇ ਹਨ ਤਾਂ ਉਸ ਦਿਨ ਸਕੂਲ ਦੇ ਵਿਦਿਆਰਥੀਆਂ ਵਾਸਤੇ ਵਿਸ਼ੇਸ਼ ਸੈਮੀਨਾਰ, ਵਿਦਿਅਕ ਮੁਕਾਬਲੇ ਆਦਿ ਕਰਵਾਏ ਜਾਣ ਤਾਂ ਕਿ ਉਨ੍ਹਾਂ ਅੰਦਰ ਦੇਸ਼ ਪ੍ਰਤੀ ਜਜ਼ਬਾ ਪੈਦਾ ਕੀਤਾ ਜਾ ਸਕੇ ਤਾਂ ਜੋ ਉਹ ਖੁਦ-ਬ ਖੁਦ ਫੌਜ ਵੱਲ ਨੂੰ ਆਕਰਸ਼ਿਤ ਹੋਣ।

# ਲੋਪ ਹੋ ਰਹੀਆਂ ਤੀਆਂ

-ਦਲਬੀਰ ਸਿੰਘ ਧਾਲੀਵਾਲ

ਫੁੱਲਾਂ ਦੇ ਗੁਲਦਸਤੇ ਵਿੱਚ ਜਿਵੇਂ ਗੁਲਾਬ ਦੇ ਫੁੱਲ ਦਾ ਖਾਸ ਸਥਾਨ ਹੈ, ਇਵੇਂ ਹੀ ਰੁੱਤਾਂ ਦੇ ਗੁਲਦਸਤੇ ਵਿੱਚ ਸਾਉਣ ਮਹੀਨੇ ਦਾ ਰੰਗਲਾ ਸਥਾਨ ਹੈ। ਜੇ ਗੁਰਬਾਣੀ ਵਿੱਚ ਸਾਉਣ ਮਹੀਨੇ ਦੀ ਕੀਤੀ ਉਸਤਤ ਦਾ ਜ਼ਿਕਰ ਕਰੀਏ ਤਾਂ ਕਵੀ ਕਵੀਸ਼ਰਾਂ ਵੱਲੋਂ ਸਾਉਣ ਮਹੀਨੇ ਪ੍ਰਤੀ ਕੀਤੀ ਤੁਕਬੰਦੀ ਗੈਰ ਕੁਦਰਤੀ ਨਹੀਂ ਜਾਪੇਗੀ। ਗੁਰਬਾਣੀ ਦਾ ਫੁਰਮਾਨ ਹੈ; ਮੋਰੀਂ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ..। ਸਾਉਣ ਦੀਆਂ ਕਾਲੀਆਂ ਘਟਾਵਾਂ ਤੇ ਠੰਢ ਵਰਤਾਉਂਦੀ ਕਿਣਮਿਣ ਹਾੜ੍ਹ ਮਹੀਨੇ ਦੀ ਤਪਸ਼ ਤੋਂ ਝੁਲਸੇ ਪ੍ਰਾਣੀ ਜਗਤ ਨੂੰ ਸ਼ਾਂਤ ਚਿੱਤ ਕਰਦੀ ਹੈ। ਅਜਿਹੇ ਮਾਹੌਲ ਵਿੱਚ ਮੋਰ ਮੋਰਨੀਆਂ ਕਲੋਲਾਂ ਕਰਦੇ, ਮਿੱਠੀਆਂ ਆਵਾਜ਼ਾਂ ਕੱਢਦੇ ਤੇ ਪੈਲਾਂ ਪਾਉਂਦੇ ਇਸ ਮੌਸਮ ਨੂੰ ਹੋਰ ਰੰਗਲਾ ਬਣਾ ਦਿੰਦੇ ਹਨ। ਸਾਉਣ ਮਹੀਨੇ ਦਾ ਮੁੱਖ ਤਿਉਹਾਰ ਤੀਆਂ ਹੈ, ਜੋ ਨੌਜਵਾਨ ਕੁੜੀਆਂ ਲਈ ਅਨਮੋਲ ਸੌਗਾਤ ਤੋਂ ਘੱਟ ਨਹੀਂ। ਇਸ ਨੂੰ ਸਾਵਿਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ, ਜੋ ਸਾਉਣ ਦੇ ਚਾਨਣ ਪੱਖ ਦੀ ਤੀਜ ਤੋਂ ਆਰੰਭ ਹੋ ਕੇ ਪੂਰਾ ਮਹੀਨਾ ਪਿੰਡਾਂ ਕਸਬਿਆਂ ਦੇ ਬਾਹਰ ਵਾਰ ਪਿੜਾਂ ਵਿੱਚ ਗਿੱਧਾ ਪਾ ਕੇ ਤੇ ਛੱਪੜਾਂ ਕੰਢੇ ਲੱਗੇ ਪਿੱਪਲਾਂ ਨਿੰਮਾਂ ਉਪਰ ਪੀਂਘਾਂ ਝੂਟ ਕੇ ਮੁਟਿਆਰਾ ਵੱਲੋਂ ਮਨਾਇਆ ਜਾਂਦਾ ਹੈ। ਸਾਉਣ ਮਹੀਨਾ ਚੜ੍ਹਨੋਂ ਪਹਿਲਾਂ ਭਰਾ ਕੁਝ ਤੋਹਫਿਆਂ ਨਾਲ ਆਪਣੀ ਭੈਣ ਨੂੰ ਲੈਣ ਉਸ ਦੇ ਸਹੁਰੇ ਘਰ ਜਾਂਦਾ ਹੈ ਤੇ ਭੈਣ ਖੁਸ਼ੀ ਨਾਲ ਫੁੱਲੀ ਆਂਢ ਗੁਆਂਢ ਵਿੱਚ ਚਾਅ ਸਾਂਝੇ ਕਰਦੀ ਕਹਿੰਦੀ ਹੈ:

*ਅੱਡੀਆਂ ਚੁੱਕ-ਚੁੱਕ ਵੇਂਹਦੀ ਨੂੰ*
*ਅੱਜ ਸਾਉਣ ਮਹੀਨਾ ਆਇਆ,*
*ਸੱਸ ਮੇਰੀ ਨੇ ਘਿਉ ਖੰਡ ਪਾਈ*
*ਆਇਆ ਮੇਰੀ ਮਾਂ ਦਾ ਜਾਇਆ।*

ਕਈ ਵਾਰ ਜੇ ਕਿਸੇ ਕੁੜੀ ਨੂੰ ਕਿਸੇ ਕਾਰਨ ਪੇਕਿਆਂ ਤੋਂ ਕੋਈ ਲੈਣ ਨਾ ਆਵੇ ਤਾਂ ਸੱਸ ਆਪਣੀ ਨੂੰਹ ਨੂੰ ਇਸ ਬੋਲੀ ਵਿੱਚ ਮਿਹਣਾ ਮਾਰਦੀ ਦਿਖਾਈ ਗਈ ਹੈ:

*ਤੈਨੂੰ ਤੀਆਂ 'ਤੇ ਲੈਣ ਨਾ ਆਏ*
*ਨੀਂ ਬਹੁਤਿਆਂ ਭਰਾਵਾਂ ਵਾਲੀਏ।*

ਤੀਆਂ ਵਾਲੇ ਦਿਨ ਦੁਪਹਿਰ ਢਲਣ ਸਾਰ ਕੁੜੀਆਂ ਪਹਿਨ ਪੱਚਰ ਕੇ ਅਤੇ ਲੱਜ ਰੱਸੇ ਚੁੱਕ ਕੇ ਹਿਰਨਾਂ ਵਾਂਗ ਚੁੰਘੀਆਂ ਭਰਦੀਆਂ ਤੀਆਂ ਦੇ ਪਿੜ ਵਿੱਚ ਆ ਡਟਦੀਆਂ ਹਨ। ਪਿੜ, ਜੋ ਪਿੰਡ ਦੀ ਪੰਚਾਇਤ ਵੱਲੋਂ ਸਾਂਝੀ ਥਾਂ ਵਜੋਂ ਛੱਡਿਆ ਜਾਂਦਾ ਹੈ, ਤੀਆਂ ਦਾ ਮੰਚ ਹੁੰਦਾ ਹੈ। ਇਸ ਮੌਕੇ ਕੁੜੀਆਂ ਵੱਲੋਂ ਜ਼ਿਆਦਾਤਰ ਬੋਲੀਆਂ ਪੇਕਿਆਂ ਤੇ ਸਹੁਰਿਆਂ ਦੇ ਰਿਸ਼ਤਿਆਂ ਦੇ ਗਿਰਦ ਘੁੰਮਦੀਆਂ ਪਾਈਆਂ ਜਾਂਦੀਆਂ ਹਨ। ਜੇ ਕਿਤੇ ਇਸ ਮਾਹੌਲ ਵਿੱਚ ਕੋਈ ਗੱਭਰੂ ਆਪਣੀ ਨਾਰ ਨੂੰ ਲੈਣ ਲਈ ਆ ਜਾਵੇ ਤਾਂ ਉਹ ਆਪਣੇ ਕੰਤ ਨੂੰ ਨਖਰੇ ਭਰੀ ਨਾਂਹ ਇੰਜ ਕਰਦੀ ਹੈ:

*ਸਾਉਣ ਦਾ ਮਹੀਨਾ, ਵੇ ਤੂੰ*
*ਆਇਆ ਗੱਡੀ ਜੋੜ ਕੇ,*
*ਅਸਾਂ ਨਹੀਓਂ ਜਾਣਾ, ਲੈ ਜਾ ਖਾਲੀ*
*ਗੱਡੀ ਮੋੜ ਕੇ।*

ਸਾਉਣ ਦੇ ਮਹੀਨੇ ਤੀਆਂ ਦੇ ਦਿਨਾਂ ਵਿੱਚ ਹਰ ਘਰ ਵਿੱਚ ਮਾਲ੍ਹ ਪੂੜੇ ਤੇ ਮਿੱਠੇ ਗੁਲਗੁਲੇ ਪਕਾਉਣ ਨਾਲ ਖੀਰ ਬਣਾਈ ਜਾਂਦੀ ਹੈ। ਆਂਢ ਗੁਆਂਢ ਵਿੱਚ ਵੀ ਇਨ੍ਹਾਂ ਚੀਜ਼ਾਂ ਦਾ ਅਦਾਨ ਪ੍ਰਦਾਨ ਕੀਤਾ ਜਾਂਦਾ ਹੈ ਜੋ ਆਪਸੀ ਭਾਈਚਾਰੇ ਤੇ ਸਾਂਝ ਦਾ ਪ੍ਰਤੀਕ ਹੈ। ਤੀਆਂ ਦੇ ਆਖਰੀ ਦਿਨ ਰੱਖੜ ਪੁੰਨਿਆ ਹੁੰਦੀ ਹੈ ਤੇ ਇਸ ਦਿਨ ਸੂਰਜ ਛਿਪਦੇ ਤੱਕ ਮੁਟਿਆਰਾਂ ਖੂਬ ਨੱਚਦੀਆਂ ਹਨ। ਉਹ ਨਗਰ ਖੇੜੇ ਦੀ ਸੁੱਖ ਮੰਗਦੀਆਂ ਹੋਈਆਂ ਗਿੱਧੇ ਨੂੰ ਇਸੇ ਪਿੰਡ ਵਿੱਚ ਰਹਿਣ ਦਾ ਵਾਸਤਾ ਪਾਉਂਦੀਆਂ ਤੀਆਂ ਨੂੰ ਅਗਲੇ ਵਰ੍ਹੇ ਲਈ ਵਿਦਾ ਕਰ ਦਿੰਦੀਆਂ ਹਨ। ਇਸ ਸਮੇਂ ਕੁੜੀਆਂ ਬੋਲੀਆਂ ਪਾਉਂਦੀਆਂ ਹਨ:

*ਅਸੀਂ ਤੀਆਂ ਨੂੰ ਵਿਦਾ ਕਰ*
*ਆਈਆਂ,*
*ਠੰਢੇ ਸੀਲੇ ਹੋਜੋ ਵੀਰਨੇ।*
*.......*
*ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ*
*ਫੇਰ।*
*...........*
*ਤੇਰੀ ਅੱਖ 'ਤੇ ਭਰਿੰਡ ਲੜ ਜਾਵੇ,*
*ਤੀਆਂ ਨੂੰ ਹਟਾਉਣ ਵਾਲਿਆ।*

*ਤੇਰਾ ਹੋਵੇ ਸੁਰਗਾਂ ਵਿੱਚ ਵਾਸਾ,*
*ਤੀਆਂ ਨੂੰ ਲਵਾਉਣ ਵਾਲਿਆ।*

ਇਸ ਤਰ੍ਹਾਂ ਕੁੜੀਆਂ ਦਾ ਇਹ ਮੇਲਾ ਅਗਲੇ ਵਰ੍ਹੇ ਮਿਲਣ ਦੀ ਤਾਂਘ ਨਾਲ ਵਿੱਛੜ ਜਾਂਦਾ ਹੈ। ਇਥੇ ਮੁਟਿਆਰਾਂ ਪੇਕਿਆਂ ਦੇ ਪਿੰਡ ਸਹੇਲੀਆਂ ਨੂੰ ਮਿਲਾਉਣ ਵਾਲੇ ਸਾਉਣ ਨੂੰ ਜਿਥੇ ਵੀਰ ਦਾ ਦਰਜਾ ਦਿੰਦੀਆਂ ਹਨ, ਉਥੇ ਤੀਆਂ ਨੂੰ ਵਿਛੋੜਨ ਵਾਲੀ ਭਾਦੋਂ ਨੂੰ ਚੰਦਰੀ ਕਹਿੰਦੀਆਂ ਹਨ, ਜਿਵੇਂ 'ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ'।

ਦਰਅਸਲ ਸਾਉਣ ਮਹੀਨੇ ਦਾ ਜੋ ਜ਼ਿਕਰ ਪਹਿਲਾਂ ਕੀਤਾ ਗਿਆ ਹੈ, ਇਹ ਪੁਰਾਣੇ ਭਲੇ ਵੇਲੇ ਦਾ ਸੱਭਿਆਚਾਰ ਹੈ। ਅੱਜ ਕੱਲ੍ਹ ਪਿੰਡਾਂ ਵਿੱਚ ਪਾਰਟੀਬਾਜ਼ੀ ਨੇ ਛੱਪੜ, ਪਿੜ, ਪਿੱਪਲ, ਬੋਹੜ, ਨਿੰਮ ਦੀ ਸਾਂਝੇ ਥਾਈ ਲੱਗਦੀ ਤ੍ਰਿਵੈਣੀ, ਸਭ ਸਾਥੋਂ ਖੋਹ ਲਏ ਹਨ। ਪਹਿਲਾਂ ਜ਼ਮਾਨਾ ਚੰਗਾ ਸੀ। ਓਦੋਂ ਜੇ ਕੋਈ ਮੁਟਿਆਰ ਤੀਆਂ ਤੋਂ ਕੁਵੇਲੇ ਵਿਹਲੀ ਹੋਣ ਕਾਰਨ ਆਪਣੀ ਸਹੇਲੀ ਦੇ ਨਾਲ ਜਾ ਕੇ ਉਸ ਦੇ ਘਰ ਰਾਤ ਵੀ ਰਹਿ ਪੈਂਦੀ ਤਾਂ ਘਰ ਵਾਲੇ ਉਸ ਨੂੰ ਆਪਣੀ ਧੀ ਤੋਂ ਵੀ ਵੱਧ ਪਿਆਰ ਤੇ ਇੱਜ਼ਤ ਦਿੰਦੇ ਸਨ, ਮਜਾਲ ਸੀ ਕਿ ਕੋਈ ਉਲਾਂਭਾ ਆ ਜਾਂਦਾ ਅਤੇ ਅਜੋਕੇ ਸਮੇਂ ਤੇ ਹਾਲਾਤ ਤੋਂ ਅਸੀਂ ਸਾਰੇ ਜਾਣੂ ਹਾਂ। ਇਹੀ ਕਾਰਨ ਹੈ ਕਿ ਅੱਜ ਤੀਆਂ ਸਕੂਲਾਂ ਕਾਲਜਾਂ ਦੇ ਵਿਹੜਿਆਂ ਤੱਕ ਸਿਮਟ ਰਹੀਆਂ ਹਨ। ਇਸ ਵੇਲੇ ਲੋੜ ਹੈ ਸਾਨੂੰ ਸਭ ਨੂੰ ਅੱਗੇ ਆਉਣ ਤੇ ਧੀਆਂ ਭੈਣਾਂ ਲਈ ਪਹਿਲਾਂ ਵਾਂਗ ਸੁਰੱਖਿਅਤ ਤੇ ਖੁੱਲ੍ਹਾ ਡੁੱਲ੍ਹਾ ਮਾਹੌਲ ਸਿਰਜਣ ਦੀ ਤਾਂ ਜੋ ਇਹ ਤੀਆਂ ਲੱਗਦੀਆਂ ਰਹਿਣ ਅਤੇ ਕਿੱਕਲੀਆਂ ਪੈਂਦੀਆਂ ਰਹਿਣ। ਆਓ, ਆਪਣੇ ਅਮੀਰ ਵਿਰਸੇ ਤੇ ਅਣਖੀ ਸੱਭਿਆਚਾਰ ਨੂੰ ਸੰਭਾਲੀਏ ਅਤੇ ਇਹ ਕਾਮਨਾ ਕਰੀਏ- ਕੋਈ ਬਹੁੜੇ ਵੈਦ ਲੁਕਮਾਣ ਵੇ, ਜੋ ਕਰ ਲਏ ਨਬਜ਼ ਪਛਾਣ ਵੇ ਸਾਡੇ ਰੋਗੀ ਹੋਏ ਸੱਭਿਆਚਾਰ ਦੀ।

# ਬਿਊਟੀ ਟਿਪਸ - ਸੁੰਦਰਤਾ ਦੇ ਪੰਜ ਰਾਜ

ਔਰਤ ਦੀ ਸੁੰਦਰਤਾ ਦਾ ਆਪਣਾ ਮਹੱਤਵ ਹੈ। ਲੋਕ ਕੁੜੀ ਦੇ ਸੁਭਾਅ ਨਾਲੋਂ ਉਸ ਦੀ ਸੁੰਦਰਤਾ ਤੇ ਗੋਰੇਪਣ ਨੂੰ ਜ਼ਿਆਦਾ ਦੇਖਦੇ ਹਨ। ਔਰਤਾਂ ਵੀ ਆਪਣੇ ਆਪ ਨੂੰ ਖੂਬਸੂਰਤ ਬਣਾਉਣ ਲਈ ਕੀ ਕੁਝ ਨਹੀਂ ਕਰਦੀਆਂ। ਜਿਸ ਔਰਤ ਦੀ ਸੁੰਦਰਤਾ ਮੇਕਅਪ ਨਾਲ ਨਹੀਂ, ਬਲਕਿ ਕੁਦਰਤੀ ਹੈ, ਉਹ ਵੀ ਆਪਣੀ ਖੂਬਸੂਰਤੀ ਬਾਰੇ ਕਿਸੇ ਨੂੰ ਨਹੀਂ ਦੱਸਦੀ, ਆਓ ਸੁੰਦਰਤਾ ਦੇ ਕੁਝ ਰਾਜ਼ ਜਾਣ ਕੇ ਖੂਬਸੂਰਤੀ ਨੂੰ ਚਾਰ ਚੰਨ ਲਗਾਈਏ:

ਹਲਦੀ-ਹਲਦੀ ਦੀ ਵਰਤੋਂ ਸਦੀਆਂ ਤੋਂ ਹੁੰਦੀ ਆ ਰਹੀ ਹੈ। ਵਿਆਹ ਸਮੇਂ ਲਾੜਾ-ਲਾੜੀ ਦੇ ਸਰੀਰ 'ਤੇ ਖਾਸ ਹਲਦੀ ਦਾ ਵਟਣਾ ਲਾਇਆ ਜਾਂਦਾ ਹੈ। ਇਸ ਨਾਲ ਤੁਸੀਂ ਚਿਹਰੇ ਦਾ ਕਾਲਾਪਣ, ਸਕਿਨ ਰੈਸ਼, ਛਾਈਆਂ ਅਤੇ ਚਿਹਰੇ 'ਤੇ ਹਲਕੇ ਵਾਲ ਮਿਟਾ ਸਕਦੇ ਹੋ।

ਵੇਸਣ- ਪੁਰਾਣੇ ਜ਼ਮਾਨੇ ਵਿੱਚ ਵੇਸਣ ਨੂੰ ਸਾਬਣ ਦੀ ਥਾਂ ਵਰਤਿਆ ਜਾਂਦਾ ਸੀ।



ਇਸ ਨਾਲ ਵਟਣਾ ਤਿਆਰ ਕੀਤਾ ਜਾਂਦਾ ਸੀ, ਜੋ ਚਮੜੀ ਨੂੰ ਸਾਫ ਕਰ ਕੇ ਉਸ ਵਿੱਚ ਨਿਖਾਰ ਪੈਦਾ ਕਰਦਾ ਹੈ। ਇਸ ਦੇ ਬਣਾਏ ਫੇਸ ਪੈਕ ਨਾਲ ਛਾਹੀਆਂ ਅਤੇ ਕਿੱਲ ਦੂਰ ਹੁੰਦੇ ਹਨ।

ਗੁਲਾਬ ਜਲ- ਗੁਲਾਬ ਜਲ ਦੇ ਕਈ ਲਾਭ ਹਨ ਜਿਵੇਂ ਚਮੜੀ ਦਾ ਨਿਖਾਰ, ਅੱਖਾਂ ਹੇਠਲੇ ਕਾਲੇ ਘੇਰੇ ਆਦਿ। ਤੇਲੀਆ ਚਮੜੀ 'ਤੇ ਗੁਲਾਬ ਜਲ ਲਾਉਣ ਨਾਲ ਇਸ 'ਤੇ ਜੰਮੀ ਹੋਈ ਗੰਦਗੀ ਸਾਫ ਹੋ ਜਾਂਦੀ ਹੈ। ਇਸ ਨੂੰ ਫੇਸ ਪੈਕ ਵਿੱਚ ਮਿਲਾ ਕੇ ਲਗਾਓ।

ਚੰਦਨ-ਚੰਦਨ ਦੇ ਦਰਖਤ ਦਾ ਆਪਣਾ ਵੱਖਰਾ ਧਾਰਮਿਕ ਮਹੱਤਵ ਹੈ। ਇਸ ਨੂੰ ਸੁੰਦਰਤਾ ਲਈ ਤੇ ਦਵਾਈ ਵਿੱਚ ਵਰਤਿਆ ਜਾਂਦਾ ਹੈ। ਜੇ ਚਿਹਰੇ 'ਤੇ ਬਲੈਕ ਹੈੱਡ, ਮੁਹਾਸੇ, ਰੈਸ਼ ਜਾਂ ਫਿਰ ਦਾਗ ਪਏ ਹੋਣ ਤਾਂ ਇਸ ਦਾ ਫੇਸਪੈਕ ਬਣਾ ਕੇ ਲਗਾਓ ਤੁਹਾਨੂੰ ਰਾਹਤ ਜ਼ਰੂਰ ਮਿਲੇਗੀ। ਗਰਮੀ ਨਾਲ ਝੁਲਸੀ ਹੋਈ ਚਮੜੀ 'ਤੇ ਲੇਪ ਲਗਾਉਣ ਨਾਲ ਰਾਹਤ ਮਿਲੇਗੀ। ਇਹ ਚਮੜੀ ਨੂੰ ਬਹੁਤ ਆਕਰਸ਼ਕ ਬਣਾਉਣ ਲਈ ਵਰਤਿਆ ਜਾਂਦਾ ਹੈ।

# ਹਲਕਾ ਫੁਲਕਾ

ਗਾਹਕ, ''ਚਿੰਟੂ, ਤੇਰਾ ਪਾਪਾ ਰਸਗੁੱਲੇ ਬਹੁਤ ਸਵਾਦੀ ਬਣਾਉਂਦੇ ਹਨ, ਤੂੰ ਤਾਂ ਮਜ਼ਾ ਕਰਦਾ ਹੋਵੇਂਗਾ?''

ਚਿੰਟੂ, ''ਨਹੀਂ, ਪਾਪਾ ਰਸਗੁੱਲੇ ਗਿਣ ਕੇ ਬਣਾਉਂਦੇ ਹਨ, ਮੈਂ ਬਸ ਚੂਸ ਕੇ ਵਾਪਸ ਰੱਖ ਦਿੰਦਾ ਹਾਂ।''

********

ਬੀਮਾਰ ਪਤੀ ਨੂੰ ਪਤਨੀ ਕਹਿਣ ਲੱਗੀ, ''ਇਸ ਵਾਰ ਇਲਾਜ ਜਾਨਵਰਾਂ ਦੇ ਡਾਕਟਰ ਤੋਂ ਕਰਵਾਉਣਾ।''

ਪਤੀ, ''ਕਿਉਂ?''

ਪਤਨੀ, ''ਰੋਜ਼ ਮੁਰਗੇ ਵਾਂਗ ਤੜਕੇ ਉਠ ਜਾਂਦੇ ਹੋ, ਘੋੜੇ ਵਾਂਗ ਭੱਜ ਕੇ ਦਫਤਰ ਜਾਂਦੇ ਹੋ, ਗਧੇ ਵਾਂਗ ਪੂਰਾ ਦਿਨ ਕੰਮ ਕਰਦੇ ਹੋ, ਲੂੰਬੜੀ ਵਾਂਗ ਇਧਰੋਂ ਉਧਰੋਂ ਸੂਚਨਾ ਲੈ ਕੇ ਰਿਪੋਰਟ ਬਣਾਉਂਦੇ ਹੋ, ਬਾਂਦਰ ਵਾਂਗ ਬੌਸ ਦੇ ਇਸ਼ਾਰਿਆਂ ਉੱਤੇ ਨੱਚਦੇ ਹੋ, ਘਰ ਆ ਕੇ ਕੁੱਤੇ ਵਾਂਗ ਭੌਂਕਦੇ ਹੋ ਅਤੇ ਫਿਰ ਮੱਝ ਵਾਂਗ ਸੌਂ ਜਾਂਦੇ ਹੋ। ਇਨਸਾਨਾਂ ਦਾ ਡਾਕਟਰ ਕੀ ਸਵਾਹ ਇਲਾਜ ਕਰੇਗਾ।''

********

ਸਿੰਗਲਾ ਰੇਲਵੇ ਸਟੇਸ਼ਨ ਦੇ ਰਿਜ਼ਰਵੇਸ਼ਨ ਸੈਂਟਰ 'ਤੇ ਗਿਆ ਅਤੇ ਬੋਲਿਆ, ''ਮੇਰੀ ਏ ਸੀ ਚੇਅਰ ਕਾਰ ਦੀ ਰਿਜ਼ਰਵੇਸ਼ਨ ਕਰ ਦੇਣਾ।''

ਰੇਲਵੇ ਅਫਸਰ ਬੋਲਿਆ, ''ਸੀਟ ਨਹੀਂ ਹੈ।''

ਸਿੰਗਲਾ, ''ਤੁਸੀਂ ਰਿਜ਼ਰਵਸ਼ਨ ਕਰੋ, ਚੇਅਰ ਦਾ ਫਿਕਰ ਨਾ ਕਰੋ। ਮੈਂ ਘਰੋਂ ਲੈ ਆਵਾਂਗਾ ਜੀ।''

********

ਇਕ ਬਾਬਾ ਤਪੱਸਿਆ ਕਰ ਰਿਹਾ ਸੀ। ਭਗਵਾਨ ਪ੍ਰਗਟ ਹੋਏ ਅਤੇ ਬੋਲੇ, ''ਤੇਰੀ ਤਪੱਸਿਆ ਪੂਰੀ ਹੋਈ, ਮੰਗ ਕੀ ਚਾਹੀਦਾ ਹੈ ਤੈਨੂੰ?''

ਬਾਬਾ ਬੋਲਿਆ, ''ਭਗਵਾਨ, ਤੁਸੀਂ ਸਿਸਟਮ ਨਾਲ ਚੱਲੋ। ਤਪੱਸਿਆ ਭੰਗ ਕਰਨ ਜਿਹੜੀਆਂ ਅਪਸਰਾਵਾਂ ਆਉਂਦੀਆਂ ਹਨ, ਉਨ੍ਹਾਂ ਦਾ ਕੀ ਬਣਿਆ?''

# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
DENTISTRY
Countryside Dr

# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
**OPEN HOUSE**
Saturday/Sunday 2pm to 4pm

“ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ”

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*

## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*

#1 Ranked Top 1% Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010) **(RE/MAX International) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON

ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੇ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON

ਚਿੰਗਕੂਜ਼ੀ/ਡੂਫੀਲਡ/ਇਡਨਬ
ਚਿੰਗਕੂਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੂਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ

WOODBRIDGE

ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON

ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, WestJet vacations, transat Holidays, sunwing, Air Canada Vacations, ticoca, IATA
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



You can Place Your Business Here
To Reach Wider Audience
For more info Call 905-793-2202 or e-mail ads@punjabipost.ca



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677



New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8



REXDALE BODY SHOP USED CAR SALE
CHEEMA
LOWEST PRICE IN TOWN
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com